

ਪੰਜਾਬੀ ਅਮੈਰਿਕਨ ਹੈਰੀਟੇਜ਼ ਸੁਸਾਇਟੀ (ਯੂਬਾ ਸਿਟੀ) ਦਾ ਪੰਜਾਬੀ ਮੇਲਾ 24 ਮਈ, 2015 ਦਿਨ ਐਤਵਾਰ ਨੂੰ ਯੂਬਾ ਸਟਰ ਫੇਅਰ ਗਰਾਊਂਡ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਹੋਰ ਜਾਣਕਾਰੀ ਲਈ ਦੇਖੋ ਸਫਾ 13 ਤੇ।

# ਹਫਤਾਵਾਰੀ ਦੇਸ਼ ਦੁਆਬਾ

VOL - 4 ISSUE - 7
May 21, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਪ੍ਰਸਿੱਧ ਗਾਇਕ ਕਲੇਰ ਕੰਠ 24 ਮਈ, 2015 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹੁੰਚ ਰਹੇ ਹਨ। (ਸਬੰਧਿਤ ਇਸ਼ਤਿਹਾਰ ਦੇਖੋ ਸਫਾ 14 ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅਮਰੀਕੀ ਰਾਜਦੂਤ ਸ੍ਰੀ ਹਰਿਮੰਦਰ ਸਾਹਿਬ ਖਾਲਸਾ ਕਾਲਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਹੁੰਚੇ

**ਅੰਮ੍ਰਿਤਸਰ–** ਸ਼੍ਰੋਮਣੀ ਕਮੇਟੀ ਨੇ ਅਮਰੀਕਾ ਦੇ ਭਾਰਤ ਸਥਿਤ ਰਾਜਦੂਤ ਰਿਚਰਡ ਆਰ. ਵਰਮਾ ਕੋਲ ਅਮਰੀਕਾ ਵਿਚ ਸਿੱਖ ਪਛਾਣ ਦਾ ਮੁੱਦਾ ਹੱਲ ਕਰਨ ਲਈ ਮਦਦ ਦੇਣ ਦੀ ਮੰਗ ਰੱਖੀ ਹੈ। ਉਹ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਸਨ। ਇਸ ਦੌਰਾਨ ਉਨ੍ਹਾਂ ਵਪਾਰੀ ਭਾਈਚਾਰੇ ਨਾਲ ਵੀ ਮੀਟਿੰਗ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਲੋਂ ਇਕ ਮੰਗ ਪੱਤਰ ਅਮ–ਰੀਕੀ ਰਾਜਦੂਤ ਨੂੰ ਸੌਂਪਿਆ ਗਿਆ, ਜਿਸ ਵਿਚ ਉਨ੍ਹਾਂ ਅਮਰੀਕਾ ਵਿਖੇ ਰਹਿ ਰਹੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਮਾਮਲਾ ਉਠਾਇਆ ਹੈ। ਇਹ ਮੰਗ ਪੱਤਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵਲੋਂ ਦਿੱਤਾ ਗਿਆ।




ਮੰਗ ਪੱਤਰ ਵਿਚ ਉਨ੍ਹਾਂ ਦਸਿਆ ਕਿ ਗਲਤ ਪਛਾਣ ਦੇ ਕਾਰਨ ਅਮਰੀਕਾ ਵਿਚ ਸਿੱਖ ਵਿਅਕਤੀਆਂ 'ਤੇ ਕਈ ਵਾਰ ਜਾਨ ਲੇਵਾ ਹਮਲੇ ਹੋ ਚੁੱਕੇ ਹਨ, ਜਿਸ ਨੂੰ ਰੋਕਣ ਲਈ ਢੁਕਵੇਂ ਯਤਨ ਹੋਣੇ ਚਾਹੀਦੇ ਹਨ। ਉਨ੍ਹਾਂ ਅਪੀਲ ਕੀਤੀ ਹੈ ਕਿ ਉਹ ਆਪਣਾ ਅਸਰ ਰਸੂਖ ਵਰਤਦੇ ਹੋਏ ਆਪਣੀ ਸਰਕਾਰ ਕੋਲ ਇਹ ਮਾਮਲਾ ਰੱਖਣ ਅਤੇ ਸਿੱਖਾਂ ਦੀ ਗਲਤ ਪਛਾਣ ਵਾਲੇ ਮਾਮਲੇ ਨੂੰ ਹੱਲ ਕਰਨ। ਉਨ੍ਹਾਂ ਪੱਤਰ ਵਿਚ ਦੱਸਿਆ ਕਿ ਸਿੱਖ ਪਛਾਣ ਤੋਂ ਇਲਾਵਾ ਸਿੱਖ ਕਕਾਰਾਂ ਦਾ ਮਾਮਲਾ ਵੀ ਹੱਲ ਕਰਨ ਦੀ ਲੋੜ ਹੈ, ਜਿਸ ਵਿਚ ਦਸਤਾਰ ਅਤੇ ਕਿਰਪਾਨ ਦੋਵੇਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਕੁਝ

(ਬਾਕੀ ਸਫਾ 21 ਤੇ)

## ਪਰਵਾਸੀ ਭਾਰਤੀਆਂ ਨੂੰ ਭਾਰਤ ਵਿਚ ਮਿਲੇਗੀ ਕਿਸੇ ਹੋਰ ਦੇ ਜਰੀਏ ਜਾਂ ਈ-ਵੋਟ ਦੀ ਸਹੂਲਤ

**ਨਵੀਂ ਦਿੱਲੀ–** ਹੁਣ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਵੀ ਭਾਰਤ ਦੇ ਜਮਹੂਰੀ ਅਮਲ ਵਿੱਚ ਨੇੜਿਓਂ ਸ਼ਿਰਕਤ ਕਰਦਿਆਂ ਚੋਣਾਂ ਦੌਰਾਨ ਮੁਖ਼ਤਾਰੀ ਵੋਟ ਜਾਂ ਈ–ਵੋਟਿੰਗ ਰਾਹੀਂ ਆਪਣੀ ਵੋਟ ਪਾ ਸਕਣਗੇ। ਇਸ ਸਬੰਧ ਵਿੱਚ ਚੋਣ ਕਮਿਸ਼ਨ ਨੇ ਇਕ ਕਾਨੂੰਨੀ ਢਾਂਚਾ ਪੇਸ਼ ਕੀਤਾ ਹੈ।

ਚੋਣ ਕਮਿਸ਼ਨ ਵੱਲੋਂ ਇਸ ਮੁਤੱਲਕ ਬਣਾਈ ਗਈ ਮਾਹਿਰਾਨਾ ਕਮੇਟੀ ਨੇ ਇਹ ਕਾਨੂੰਨੀ ਢਾਂਚਾ ਕਾਨੂੰਨ ਮੰਤਰਾਲੇ ਨੂੰ ਭੇਜਿਆ ਹੈ, ਤਾਂ ਕਿ ਦੇਸ਼ ਦੇ ਚੋਣ ਕਾਨੂੰਨਾਂ ਵਿੱਚ ਲੋੜੀਂਦੀਆਂ ਤਰਮੀਮਾਂ ਕਰ ਕੇ ਪਰਵਾਸੀ ਭਾਰਤੀਆਂ ਨੂੰ ਮੁਖ਼ਤਾਰੀ ਵੋਟਿੰਗ ਜਾਂ ਈ–ਵੋਟਿੰਗ ਦੀ ਸਹੂਲਤ ਦਿੱਤੀ ਜਾ ਸਕੇ। ਇਹ ਜਾਣਕਾਰੀ ਮੁੱਖ ਚੋਣ ਕਮਿਸ਼ਨਰ ਨਸੀਮ ਜ਼ਾਇਦੀ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦਿੱਤੀ।




ਉਨ੍ਹਾਂ ਕਿਹਾ, "ਅਸੀਂ ਕਾਨੂੰਨ ਦਾ ਖਰੜਾ ਤਿਆਰ ਕਰ ਲਿਆ ਹੈ ਅਤੇ ਇਹ ਹੁਣ ਕਾਨੂੰਨ ਮੰਤਰਾਲੇ ਕੋਲ ਹੈ। ਸਾਡਾ ਖ਼ਿਆਲ ਹੈ ਕਿ ਇਸ ਉਤੇ ਸਰਗਰਮੀ ਨਾਲ ਵਿਚਾਰ ਹੋ ਰਹੀ ਹੈ।'' ਉਨ੍ਹਾਂ ਕਿਹਾ ਕਿ ਪਿਛਲੇ ਅੰਕੜਿਆਂ ਨੂੰ ਦੇਖਣ 'ਤੇ ਪਤਾ ਲੱਗਦਾ ਹੈ ਕਿ ਬਹੁਤ ਹੀ ਘੱਟ ਪਰਵਾਸੀ ਭਾਰਤੀਆਂ ਵੱਲੋਂ ਚੋਣ ਅਮਲ ਵਿੱਚ ਸ਼ਿਰਕਤ ਕੀਤੀ ਜਾਂਦੀ ਹੈ। ਤਾਜ਼ਾ ਤਜਵੀਜ਼ ਮੁਤਾਬਕ ਉਹ ਮੁਖ਼ਤਾਰੀ ਵੋਟ ਦਾ ਇਸਤੇਮਾਲ ਕਰ ਸਕਦੇ ਹਨ। ਹਾਲੇ ਤੱਕ ਇਹ ਸਹੂਲਤ ਰੱਖਿਆ ਸੇਵਾਵਾਂ ਲਈ ਹੀ ਉਪਲਬਧ ਹੈ। ਦੂਜਾ ਤਰੀਕਾ ਹੈ ਕਿ ਉਨ੍ਹਾਂ ਨੂੰ ਇੰਟਰਨੈਟ ਰਾਹੀਂ ਵੋਟ ਭੇਜ ਦਿੱਤੀ ਜਾਵੇ ਤਾਂ ਕਿ ਉਹ ਵੋਟ ਪਾ ਸਕਣ। ਇਸ ਲਈ ਮੌਜੂਦਾ ਕਾਨੂੰਨਾਂ ਨੂੰ ਸੋਧਣਾ ਪਵੇਗਾ।

## 'ਉਮਰਾਂ ਲੰਘੀਆਂ ਪੱਬਾਂ ਭਾਰ' ਪੰਜਾਬੀ ਡਰਾਮਾ ਫੇਅਰਫੀਲਡ ਵਿਖੇ 30 ਮਈ ਨੂੰ



(ਸਬੰਧਿਤ ਖਬਰ ਦੇਖੋ ਸਫਾ 3 ਉਤੇ ਅਤੇ ਇਸ਼ਤਿਹਾਰ ਦੇਖੋ ਸਫਾ 12 ਤੇ)


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com


KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)

MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

Free Estimates Free Towing
Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

3244 W. Grant Line Rd., Tracy, CA 95304



| ਮਨਦੀਪ ਬਿਆੜਾ | ਜਸਵੀਰ ਕੌਰ | ਗਗਨਦੀਪ ਸਿੰਘ | ਹਰਮਨ ਸਿੰਘ |
|---|---|---|---|
| ਏਜੰਟ | ਬਰੋਕਰ | ਏਜੰਟ | ਏਜੰਟ |
| 209-666-0032 | 925-895-8140 | 925-724-7070 | 510-415-8154 |

# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Truck, Trailer Repair & Tyre Servicse

Bhajji Gill (510-277-6315), Chain Gill 510-542-1181




42400 Boyce Rd., Unite F, Fremont, CA 94538

# 'ਉਮਰਾਂ ਲੰਘੀਆਂ ਪੱਬਾਂ ਭਾਰ' ਪੰਜਾਬੀ ਡਰਾਮਾ ਫੇਅਰਫੀਲਡ ਵਿਖੇ 30 ਮਈ ਨੂੰ



**ਫੇਅਰਫੀਲਡ–** ਇੰਡੀਅਨ ਕੇਅਰ ਐਸੋਸੀਏਸ਼ਨ ਵੱਲੋਂ ਪੰਜਾਬੀ ਡਰਾਮਾ 'ਉਮਰਾਂ ਲੰਘੀਆਂ ਪੱਬਾਂ ਭਾਰ' ਆਗਾਮੀ 30 ਮਈ ਨੂੰ ਫੇਅਰਫੀਲਡ ਵਿਖੇ ਸ਼ਨੀਵਾਰ ਸ਼ਾਮੀ 6 ਵਜੇ ਪੇਸ਼ ਕੀਤਾ ਜਾ ਰਿਹਾ ਹੈ। ਸੰਸਥਾ ਦੇ ਪ੍ਰਧਾਨ ਸਤਿੰਦਰਪਾਲ ਹੇਅਰ, ਉਪ ਪ੍ਰਧਾਨ ਅਮੀਤਪਾਲ, ਸੈਕਟਰੀ ਹਰਜਿੰਦਰ ਸਿੰਘ ਧਾਮੀ, ਸਹਾਇਕ ਸਕੱਤਰ ਕਰਨਜੀਤ ਸਿੰਘ ਔਲਖ, ਖਜਾਨਚੀ ਹੁਸ਼ਿਆਰ ਸਿੰਘ ਡੱਡਵਾਲ, ਸਹਾਇਕ ਖਜਾਨਚੀ ਦੇਸ਼ ਦੀਪ ਤੱਖਰ ਅਤੇ ਸਮੂਹ ਮੈਂਬਰਾਂ ਨੇ ਮੀਡੀਆ ਨੂੰ ਭੇਜੀ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਇਹ ਡਰਾਮਾ ਪੰਜਾਬੀ ਲੋਕ ਰੰਗ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਵਿਚ ਇਨਸਾਨ ਦੀ ਸੱਚੀ ਕਹਾਣੀ ਨੂੰ ਦਰਸਾਇਆ ਗਿਆ ਹੈ। ਇਹ ਡਰਾਮਾ ਉਘੇ ਕਲਾਕਾਰ ਅਤੇ ਲੇਖਕ ਸੁਰਿੰਦਰ ਧਨੋਆ ਨੇ ਲਿਖਿਆ ਹੈ ਅਤੇ ਉਹ ਹੀ ਇਸ ਦਾ ਨਿਰਦੇਸ਼ਨ ਕਰ ਰਹੇ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਹਰਜਿੰਦਰ ਧਾਮੀ ਨਾਲ 707-315-2468 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ ਵਿਖੇ ਡਾ. ਐਂਬੇਦਕਰ ਜੀ ਦਾ ਜਨਮ ਦਿਨ ਮਨਾਇਆ







**ਸੇਲਮਾ (ਡੀ. ਡੀ. ਬੀ.)–** ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ 17 ਮਈ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ (ਕੈਲੇਫੋਰਨੀਆ) ਵਿਖੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ।

ਹਫਤਾਵਾਰੀ ਪ੍ਰੋਗਰਾਮਾਂ ਦੀ ਤਰ੍ਹਾਂ ਇਸ ਮੌਕੇ ਵੀ ਸੰਗਤਾਂ ਨੇ ਭਰਪੂਰ ਹਾਜ਼ਰੀਆਂ ਭਰਦੇ ਹੋਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੁੰਦੇ ਹੋਏ ਵੱਖ-ਵੱਖ ਬੁਲਾਰਿਆਂ ਦੇ ਜਿੱਥੇ ਬਾਬਾ ਸਾਹਿਬ ਦੇ ਜੀਵਨ ਦੇ ਮਿਸ਼ਨ ਤੋਂ ਜਾਣੂ ਹੋਏ, ਉਥੇ ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਸਤਨੌਰ ਤੋਂ ਇਲਾਵਾ ਬਾਬਾ ਸਾਹਿਬ ਦੇ ਵਿਚਾਰਾਂ ਦੇ ਸਮਰਥਕ ਗਿਆਨੀ ਹਰਬਿਲਾਸ ਸਿੰਘ ਜੀ ਝਿੰਗੜ ਹੁਰਾਂ ਦੇ ਰਸਭਿੰਨੇ ਸ਼ਬਦ ਗਾਇਨ ਤੋਂ ਬੇਅੰਤ ਲਾਹਾ ਲਿਆ। ਜਿੰਨੇ ਬੁਲਾਰਿਆਂ ਨੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਬਾਰੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ, ਉਹਨਾਂ ਵਿਚ ਉਘੇ ਬਿਜਨਸਮੈਨ ਸਰਵਸ੍ਰੀ ਪ੍ਰੇਮ ਮੋਮੀ, ਰਜਿੰਦਰ ਗੰਗੜ, ਅਜੇ ਕੁਮਾਰ 'ਨਰ' (ਪੀਟਾ ਗੀਤਕਾਰ), ਅਮਰ ਦੜੌਚ ਅਤੇ ਦੇਸ ਰਾਜ ਬੰਗੜ ਆਦਿ ਨਾਮ ਵਰਣਨਯੋਗ ਹਨ।

ਗੁਰੂ ਘਰ ਨਾਲ ਨਿਸ਼ਟਾ ਪੂਰਵਕ ਜੁੜੇ ਸਲਿੰਦਰ ਨਰ ਦੀ ਸੁਪਤਨੀ ਸ੍ਰੀਮਤੀ ਹਰਜੀਤ ਕੌਰ ਨਰ ਨੇ ਉਘੇ ਲੇਖਕ ਸੋਹਣ ਸਹਿਜਲ ਜੀ ਰਚਿਤ ਪੁਸਤਕ 'ਜੀਵਨ ਗਾਥਾ ਭੀਮ ਰਾਓ ਜੀ ਅੰਬੇਦਕਰ' 'ਚੋਂ ਰਚਨਾ ਪੜ੍ਹੀ। ਹਰਜੀਤ ਕੌਰ ਜੀ ਦਾ ਕਹਿਣਾ ਹੈ ਕਿ ਜਦੋਂ ਉਹ ਅਮਰੀਕਾ ਆਈ ਸੀ ਤਾਂ ਉਸਨੇ ਪਹਿਲੀ ਇਹੀ ਕਿਤਾਬ ਪੜ੍ਹੀ ਡਾ. ਅੰਬੇਦਕਰ ਜੀ ਬਾਰੇ। ਯਾਦ ਰਹੇ ਬੀਬੀ ਹਰਜੀਤ ਕੌਰ ਨਰ ਜੀ ਸ਼ਬਦ ਗਾਇਨ ਵੀ ਬਹੁਤ ਕਰ ਲੈਂਦੇ ਹੀ ਨਹੀਂ ਬਲਕਿ ਬੱਚਿਆਂ ਨੂੰ ਸਿਖਾ ਰਹੇ ਹਨ। ਕੁਝ ਬੀਬੀਆਂ ਦਾ ਕਹਿਣਾ ਹੈ ਕਿ ਜਦੋਂ ਕੋਈ ਵੀ ਬੀਬੀ ਸ਼ਬਦ ਗਾਇਨ ਕਰਦੀ ਹੈ ਜਾਂ ਧਾਰਮਿਕ ਗੀਤ/ਕਵਤਾਵਾਂ ਪੜ੍ਹਦੀ ਹੈ ਤਾਂ ਸਾਨੂੰ ਬਹੁਤ ਵਧੀਆ ਲੱਗਦਾ ਹੈ। ਸਾਡੇ 'ਚ ਵੀ ਭਾਵਨਾ ਪੈਦਾ ਹੁੰਦੀ ਕਿ ਅਸੀਂ ਨਹੀਂ ਤਾਂ ਬੱਚਿਆਂ ਨੂੰ ਇਸ ਚੰਗੇ ਮਾਰਗ ਲਗਾ ਸਕੀਏ। ਅੱਜ ਦੇ ਸਮਾਗਮ ਦੀ ਸਟੇਜ ਸੇਵਾ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਸ੍ਰੀ ਰਜਿੰਦਰ ਗੰਗੜ ਜੀ ਨੇ ਬਾਖੂਬੀ ਨਾਲ ਨਿਭਾਈ। ਸ

ਸਤਿਗੁਰੂ ਦੀ ਅਥਾਹ ਕਿਰਪਾ ਸਦਕਾ ਲੰਗਰ ਦੀ ਸੇਵਾ ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਸ੍ਰੀ ਰਾਮ ਲੋਕ ਦਾਦਰਾ ਜੀ ਤੇ ਉਹਨਾਂ ਦੇ ਸਮੂਹ ਪਰਿਵਾਰ ਲਈ ਕੀਤੀ ਗਹੀ। ਉਨ੍ਹਾਂ ਸੰਗਤਾਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਇਹਨਾਂ ਕੀਮਤੀ ਸਮਾਂ ਅੱਜ ਦੇ ਸਮਾਗਮ ਨੂੰ ਦਿੱਤਾ ਤੇ ਅਗਾਂਹ ਤੋਂ ਵੀ ਇਸ ਤਰ੍ਹਾਂ ਉਮੀਦ ਕੀਤੀ ਜਾਂਦੀ ਹੈ। ਅੰਤ ਵਿਚ ਭਾਈ ਅਵਤਾਰ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

# ਕਈ ਮਹੀਨਿਆਂ ਤੋਂ ਸਮੁੰਦਰ ਵਿੱਚ ਫਸੇ 430 ਪਰਵਾਸੀ ਬਚਾਏ



**ਸਿਮਪਾਂਗ ਟਿਗਾ (ਇੰਡੋਨੇਸ਼ੀਆ)–** ਇੰਡੋਨੇਸ਼ੀਆਈ ਮਛੇਰਿਆਂ ਦੇ ਇਕ ਛੋਟੇ ਸਮੁੰਦਰੀ ਬੇੜੇ ਨੇ ਸਮੁੰਦਰ ਵਿਚ ਕਈ ਮਹੀਨਿਆਂ ਤੋਂ ਫਸੇ 430 ਪਰਵਾਸੀਆਂ ਨੂੰ ਅੱਜ ਬਚਾਅ ਲਿਆ। ਪੂਰਬੀ ਅਸੇਹ ਜ਼ਿਲ੍ਹੇ ਦੀ ਬਚਾਅ ਤੇ ਖੋਜ ਏਜੰਸੀ ਦੇ ਹਰਮਨ ਸੁਲੇਮਾਨ ਨੇ ਦੱਸਿਆ ਕਿ ਇਨ੍ਹਾਂ ਪਰਵਾਸੀਆਂ ਨੂੰ ਅੱਜ ਤੜਕੇ ਮਛੇਰਿਆਂ ਦੀਆਂ ਇਕ ਦਰਜਨ ਤੋਂ ਵੱਧ ਕਿਸ਼ਤੀਆਂ ਰਾਹੀਂ ਬਚਾਇਆ ਗਿਆ। ਹਾਲੇ ਇਹ ਸਪੱਸ਼ਟ ਨਹੀਂ ਹੋਇਆ ਕਿ ਉਹ ਸਾਰੇ ਪਰਵਾਸੀ ਇਕੋ ਕਿਸ਼ਤੀ ਵਿੱਚ ਸਨ ਜਾਂ ਕਈ ਕਿਸ਼ਤੀਆਂ ਰਾਹੀਂ ਉਥੇ ਪੁੱਜੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 102 ਪਰਵਾਸੀਆਂ ਦਾ ਪਹਿਲਾ ਗਰੁੱਪ ਅੱਜ ਸਿਮਪਾਂਗ ਟਿਗਾ ਦੇ ਤੱਟ ਉਤੇ ਪੁੱਜਿਆ। ਇਨ੍ਹਾਂ ਵਿੱਚੋਂ ਇਕ ਪਰਵਾਸੀ ਉਬੇਦੁਲ ਹੱਕ (30) ਨੇ ਕਿਹਾ ਕਿ ਉਨ੍ਹਾਂ ਦੇ ਜਹਾਜ਼ ਦਾ ਇੰਜਣ ਫੇਲ੍ਹ ਹੋ ਗਿਆ ਅਤੇ ਕੈਪਟਨ ਫਰਾਰ ਹੋ ਗਿਆ। ਉਹ ਚਾਰ ਮਹੀਨੇ ਤੋਂ ਸਮੁੰਦਰ ਵਿੱਚ ਹੀ ਸਨ। ਉਨ੍ਹਾਂ ਕੋਲ ਖਾਣ ਨੂੰ ਕੁੱਝ ਨਹੀਂ ਸੀ ਅਤੇ ਉਨ੍ਹਾਂ ਮਲੇਸ਼ੀਆ ਵਿੱਚ ਦਾਖ਼ਲ ਹੋਣ ਦਾ ਯਤਨ ਕੀਤਾ ਪਰ ਇਜਾਜ਼ਤ ਨਹੀਂ ਮਿਲੀ। ਇਨ੍ਹਾਂ ਪਰਵਾਸੀਆਂ ਨੂੰ ਬਚਾਉਣ ਵਾਲੇ 40 ਸਾਲਾ ਮਛੇਰੇ ਰਾਜ਼ਾਲੀ ਪੁਤੇਹ ਨੇ ਕਿਹਾ ਕਿ ਹਰੀ ਲੱਕੜ ਵਾਲੇ ਟਰਾਲਰ ਵਿੱਚ ਫਸੇ ਇਹ ਵਿਅਕਤੀ ਬਚਾਅ ਲਈ ਚੀਕਾਂ ਮਾਰ ਰਹੇ ਸਨ ਅਤੇ ਧਿਆਨ ਖਿੱਚਣ ਲਈ ਆਪਣੇ ਕੱਪੜੇ ਤੇ ਹੱਥ ਹਿਲਾ ਰਹੇ ਸਨ। ਜਦੋਂ ਉਹ ਨੇੜੇ ਪੁੱਜੇ ਤਾਂ ਕਈਆਂ ਨੇ ਉਨ੍ਹਾਂ ਦੀਆਂ ਕਿਸ਼ਤੀ ਉਤੇ ਚੜ੍ਹਨ ਲਈ ਪਾਣੀ ਵਿੱਚ ਛਾਲਾਂ ਮਾਰ ਦਿੱਤੀਆਂ ਪਰ ਕਿਸ਼ਤੀ ਵਿੱਚ ਕੋਈ ਮੋਟਰ ਨਾ ਹੋਣ ਕਾਰਨ ਉਸ ਨੇ ਉਨ੍ਹਾਂ ਨੂੰ ਮਦਦ ਲੈ ਕੇ ਆਉਣ ਦਾ ਭਰੋਸਾ ਦਿੱਤਾ।

# ਕਮਿਸ਼ਨਰ ਲਾਹੌਰੀ ਰਾਮ ਜੀ ਦੇ ਵੱਡੇ ਭਾਈ ਸਾਹਿਬ ਖੁਸ਼ੀਆ ਰਾਮ ਜੀ ਦਾ ਦੇਹਾਂਤ

## ਆਤਮਿਕ ਸ਼ਾਂਤੀ ਲਈ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਰਖਵਾਏ



ਭਾਰਤੀ-ਅਮਰੀਕਨ ਭਾਈਚਾਰੇ ਦੇ ਬਹੁਤ ਹੀ ਹਰਮਨ ਪਿਆਰੀ ਸ਼ਖਸੀਅਤ ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ ਦੇ ਵੱਡੇ ਭਰਾ ਸ੍ਰੀ ਖੁਸ਼ੀਆ ਰਾਮ ਜੀ ਦਾ ਬੀਤੀ 30 ਅਪ੍ਰੈਲ ਨੂੰ ਉਹਨਾਂ ਦੇ ਜੱਦੀ ਪਿੰਡ ਲਲਵਾਨ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਧਰਮ ਪਤਨੀ ਰਤਨੀ ਭਾਟੀਆ ਅਤੇ ਤਿੰਨ ਸਪੁੱਤਰ ਸਤਪਾਲ ਸਿੰਘ, ਰਾਮ ਬਾਬੂ, ਗਿੰਦਰ ਭਾਟੀਆ ਅਤੇ ਦੋ ਭੈਣਾਂ ਕਸ਼ਮੀਰ ਕੌਰ ਅਤੇ ਮੀਨਾ ਰਾਜ ਅਤੇ ਪੋਤਰੇ-ਪੋਤਰੀਆਂ, ਦੋਹਤੇ-ਦੋਹਤੀਆਂ ਦਾ ਹਰਿਆ-ਭਰਿਆ ਪਰਿਵਾਰ ਪਿੱਛੇ ਛੱਡ ਗਏ। ਉਹਨਾਂ ਦੀ ਆਤਮਕ ਸ਼ਾਂਤੀ ਲਈ ਉਹਨਾਂ ਦੇ ਸਮੂਹ ਪਰਿਵਾਰ ਅਤੇ ਸਵਰਗਵਾਸੀ ਲਾਹੌਰੀ ਰਾਮ ਜੀ ਦੇ ਸਮੂਹ ਪਰਿਵਾਰ ਤੇ ਹੋਰ ਭਰਾਵਾਂ-ਭੈਣਾਂ ਨੇ ਰਲ-ਮਿਲ ਕੇ 15 ਮਈ ਨੂੰ ਸਵਰਗਵਾਸੀ ਸ੍ਰੀ ਖੁਸ਼ੀਆ ਰਾਮ ਜੀ ਦੀ ਆਤਮਕ ਸ਼ਾਂਤੀ ਲਈ ਆਪਣੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਰਖਵਾਇਆ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿਟਸਬਰਗ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਭਾਈ ਗਿਆਨੀ ਪ੍ਰਕਾਸ਼ ਸਿੰਘ ਜੀ ਤੋਂ ਇਲਾਵਾ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਦੇ ਜਥਾ ਤੇ ਬੀਬੀ ਕਮਲਜੀਤ ਕੌਰ ਭਾਟੀਆ ਨੇ ਸ਼ਬਦ ਗਾਇਨ ਕੀਤਾ। ਰਾਗੀ ਸਿੰਘ ਸਾਹਿਬਾਨ ਨੇ ਗੁਰਬਾਣੀ ਦੀ ਓਟ ਲੈਂਦਿਆਂ ਸਮੂਹ ਪਰਿਵਾਰ ਅਤੇ ਆਈ ਸੰਗਤ ਨੂੰ ਉਸ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ। ਇਸ ਉਪਰੰਤ ਬੀਬੀ ਜੀਨਾ ਭਾਟੀਆ ਜੀ ਨੇ ਵੀ ਸਵਰਗਵਾਸੀ ਖੁਸ਼ੀਆ ਰਾਮ ਜੀ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਕਿ ਅੰਕਲ ਖੁਸ਼ੀਆ ਰਾਮ ਜੀ ਦਾ ਇੰਨੀ ਜਲਦੀ ਚਲੇ ਜਾਣਾ ਨਾ ਪੂਰਾ ਹੋਣ ਵਾਲਾ ਪਰਿਵਾਰ ਨੂੰ ਘਾਟਾ ਪਿਆ ਹੈ।

ਇਸ ਸੋਕ ਸਮਾਗਮ ਸਮੇਂ ਸੈਨ ਬਰੂਨੋ ਦੇ ਮੇਅਰ ਰੀਕੋ ਮੈਡੀਨਾ, ਸਵਰਗਵਾਸੀ ਕਮਿਸ਼ਨਰ ਲਾਹੌਰੀ ਰਾਮ ਜੀ ਦੇ ਦੋਵੇਂ ਸਪੁੱਤਰ ਸ੍ਰੀ ਜਗਦੇਵ ਰਾਮ ਜੀ ਅਤੇ ਅਜੈਪਾਲ ਰਾਮ ਜੀ ਤੋਂ ਇਲਾਵਾ ਉਘੇ ਸਮਾਜ ਸੇਵੀ ਸ੍ਰੀ ਸੁਖਰਾਜ ਚੋਪੜਾ ਜੀ, ਸਿੱਖ ਸਮਾਜ ਦੇ ਨੌਜਵਾਨ ਆਗੂ ਸ: ਜਸਵੀਰ ਸਿੰਘ ਤੱਖਰ, ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿਟਸਬਰਗ ਦੇ ਉਪ ਪ੍ਰਧਾਨ ਸ੍ਰੀ ਸੋਮ ਭਾਟੀਆ, ਸਵਰਗਵਾਸੀ ਖੁਸ਼ੀਆ ਰਾਮ ਜੀ ਦੇ ਪੋਤਰੇ ਸੰਜੇ ਭਾਟੀਆ ਅਤੇ ਖੁਸ਼ੀਆ ਰਾਮ ਜੀ ਦੇ ਵੱਡੇ ਸਪੁੱਤਰ ਸ੍ਰੀ ਸਤਪਾਲ ਭਾਟੀਆ ਜੀ ਨੇ ਵਿਛੜੀ ਰੂਹ ਨੂੰ ਨਿੱਘੀ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਵਰਗਵਾਸੀ ਖੁਸ਼ੀਆ ਰਾਮ ਜੀ ਇਕ ਬਹੁਤ ਹੀ ਮਿੱਠਬੋਲੜੇ ਸੁਭਾਅ ਦੇ ਮਾਲਕ ਸਨ। ਉਹਨਾਂ ਕਿਹਾ ਕਿ ਕੈਸਾ ਭਾਣਾ ਵਰਤਿਆ ਕਿ ਖੁਸ਼ੀਆ ਰਾਮ ਜੀ ਵੀ ਆਪਣੇ ਛੋਟੇ ਭਰਾ ਕਮਿਸ਼ਨਰ ਲਾਹੌਰੀ ਰਾਮ ਜੀ ਦੀ ਤਰ੍ਹਾਂ ਪਰਿਵਾਰ ਤੋਂ ਦੂਰ ਹੋਣ ਸਮੇਂ ਇਸ ਫਾਨੀ ਸੰਸਾਰ ਨੂੰ ਸਦਾ ਸਦਾ ਲਈ ਅਲਵਿਦਾ ਆਖ ਗਏ। ਸ੍ਰੀ ਜਗਦੇਵ ਰਾਮ ਜੀ ਅਤੇ ਸ੍ਰੀ ਅਜੇਪਾਲ ਰਾਮ ਜੀ (ਦੋਵੇਂ ਹੀ ਅਟਾਰਨੀ ਐਟ ਲਾਅ) ਨੇ ਆਪਣੇ ਤਾਇਆ ਜੀ ਦੇ ਇਸ ਤਰ੍ਹਾਂ ਚਲੇ ਜਾਣ ਨੂੰ ਬਹੁਤ ਹੀ ਨਮਨ ਅੱਖਾਂ/ਭਰੇ ਗਲੇ ਨਾਲ ਸ਼ਰਧ-ਾਂਜਲੀ ਦਿੰਦਿਆਂ ਕਿਹਾ ਕਿ ਸਾਡੇ ਦਾਦਾ ਜੀ ਦੇ ਸਮੂਹ ਪਰਿਵਾਰ ਲਈ ਇਹ ਬਹੁਤ ਹੀ ਗਹਿਰਾ ਸਦਮਾ ਹੈ ਪਰ ਅਸੀਂ ਉਸ ਅਕਾਲ ਪੁਰਖ ਦੇ ਭਾਣੇ ਨੂੰ ਮੰਨਦੇ ਹਾਂ, ਵਾਹਿਗੁਰੂ ਸਾਨੂੰ ਸਭ ਨੂੰ ਭਾਣਾ ਮੰਨਣਾ ਦਾ ਬਲ ਬਖਸ਼ੇ।

ਇਸ ਮੌਕੇ ਉਹਨਾਂ ਦੇ ਮਾਤਾ ਤੇ ਭੈਣ ਜੀ ਤੋਂ ਇਲਾਵਾ ਸ੍ਰੀ ਜਗਦੇਵ ਰਾਮ ਜੀ ਦੀ ਪਤਨੀ ਤੇ ਬੱਚੀ ਵੀ ਹਾਜ਼ਰ ਸਨ। ਇਸ ਮੌਕੇ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ, ਜਿਹਨਾਂ ਵਿਚ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿਟਸਬਰਗ ਦੇ ਸਾਬਕਾ ਪ੍ਰਧਾਨ ਸਲਿੰਦਰ ਭਾਟੀਆ ਤੇ ਉਘੇ ਬਿਜਨਸਮੈਨ ਤੇ ਅਟਾਰਨੀ ਐਟ ਲਾਅ ਸ੍ਰੀ ਸ਼ਸ਼ੀਪਾਲ ਜੀ ਤੋਂ ਇਲਾਵਾ 'ਦੇਸ਼ ਦੁਆਬਾ' ਅਦਾਰੇ ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਉਪਰੰਤ ਅੰਤਿਮ ਅਰਦਾਸ ਕੀਤੀ ਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

(ਸਬੰਧਿਤ ਤਸਵੀਰਾਂ ਦੇਖੋ ਸਫਾ 23 ਤੇ)

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਕੈਲਗਰੀ 29 ਮਈ ਨੂੰ ਹੋਵੇਗਾ ਕੌਮ ਦੇ ਹਵਾਲੇ

**ਕੈਲਗਰੀ–** ਕੈਲਗਰੀ ਸਥਿਤ ਸ੍ਰੀ ਗੁਰੂ ਰਵਿਦਾਸ ਸੁਸਾਇਟੀ ਦੇ ਯਤਨਾਂ ਸਦਕਾ ਉਸਾਰੇ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਘਰ ਜੀ ਸੰਗਤ ਦੇ ਦਰਸ਼ਨ ਲਈ 31 ਮਈ ਨੂੰ ਖੋਲ੍ਹਿਆ ਜਾਵੇਗਾ। ਇਸ ਮੌਕੇ 29 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣਗੇ ਅਤੇ ਸ਼ਾਮੀ 5.30 ਤੋਂ 9 ਵਜੇ ਰਾਤ ਤੱਕ ਸ਼ਰਦ ਕੀਰਤਨ ਅਤੇ ਆਰਤੀ ਹੋਵੇਗੀ। 30 ਮਈ ਦਿਨ ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ 11.30 ਵਜੇ ਤੱਕ ਸ਼ਬਦ ਕੀਰਤਨ ਹੋਵੇਗਾ ਅਤੇ ਸ਼ਾਮ ਨੂੰ 6 ਵਜੇ ਤੋਂ 8 ਵਜੇ ਤੱਕ ਫਿਰ ਸ਼ਬਦ ਕੀਰਤਨ ਦਾ ਪ੍ਰਵਾਹ ਚੱਲੇਗਾ। 31 ਮਈ ਐਤਵਾਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਉਪਰੰਤ 2 ਵਜੇ ਤੱਕ ਸ਼ਬਦ ਕੀਰਤਨ ਹੋਵੇਗਾ। ਇਸ ਮੌਕੇ ਗੁਰੂ ਘਰ ਵਿਖੇ ਲੰਗਰ ਦੀ ਸੇਵਾ ਸ੍ਰੀ ਦਵਿੰਦਰ ਸਾਹਨੀ ਅਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ। 2 ਵਜੇ ਅਰਦਾਸ ਹੋਵੇਗੀ। ਨਵਾਂ ਬਣਿਆ ਗੁਰੂ ਘਰ 1835-40 ਵੀਂ ਸਟ੍ਰੀਟ ਸਾਊਥ ਈਸਟ ਕੈਲਗਰੀ ਵਿਖੇ ਸਥਿਤ ਹੈ। ਗੁਰੂ ਰਵਿਦਾਸ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਇਸ ਮੌਕੇ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਤਿੰਨੇ ਦਿਨ ਲੰਗਰ ਦੀ ਸੇਵਾ ਅਤੁੱਟ ਜਾਰੀ ਰਹੇਗੀ।

# ਹਿੱਟ ਟਰੈਕ ਇੰਟਰਟੇਨਮੈਂਟ ਫਰਿਜ਼ਨੋ ਵੱਲੋਂ ਕਰਵਾਈ ਵਿਸਾਖੀ ਨਾਈਟ ਯਾਦਗਾਰੀ ਹੋ ਨਿਬੜੀ!



**ਫਰਿਜ਼ਨੋ (ਕੈਲੇਫੋਰਨੀਆਂ) (ਨੀਟਾ ਮਾਛੀਕੇ/ ਕੁਲਵੰਤ ਧਾਲੀਆ)–** ਭਾਵੇਂ ਪੰਜਾਬੀ ਵਿਦੇਸ਼ਾ ਵਿੱਚ ਆਣ ਵਸੇ ਨੇਂ, ਲੇਕਿਨ ਆਪਣੀ ਬੋਲੀ, ਸੱਭਿਆਚਾਰ ਅਤੇ ਵਿਰਸੇ ਨਾਲ ਨਵੀਂ ਪਨੀਰੀ ਨੂੰ ਜੋੜਨ ਲਈ ਸਦਾ ਯਤਨਸ਼ੀਲ ਰਹਿੰਦੇ ਹਨ। ਇਸੇ ਸਧੰਰਭ ਅਧੀਨ ਹਿੱਟ ਟਰੈਕ ਇੰਟਰਟੇਨਮੈਂਟ ਫਰਿਜ਼ਨੋ ਦੇ ਸੂ-ਝਵਾਨ ਸੱਜਣਾ ਵੱਲੋ ਵਿਸਾਖੀ ਨਾਈਟ 2015 ਲੰਘੇ ਸ਼ਨੀਵਾਰ ਫਰਿਜ਼ਨੋ ਦੇ ਮਸ਼ਹੂਰ ਟਾਵਰ ਥੇਇਟਰ ਵਿੱਚ ਸ਼ਾਨੋਂ ਸ਼ੌਕਤ ਨਾਲ ਮਨਾਈ ਗਈ। ਇਸ ਸੋਅ ਨੂੰ ਵੇਖਣ ਲਈ ਫਰਿਜ਼ਨੋ ਨਿਵਾਸੀਆਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਸਟੇਜ਼ ਦੀ ਸ਼ੁਰੂਆਤ ਸਟੇਜ਼ ਸਕੱਤਰ ਆਸ਼ਾ ਸ਼ਰਮਾ ਜੀ ਨੇ ਸ਼ਾਇਰੋ ਸ਼ਾਇਰੀ ਨਾਲ ਕਰਦਿਆ ਸਭਨਾਂ ਨੂੰ ਨਿੱਘੀ ਜੀ ਆਇਆ ਕਹੀ ਅਤੇ ਗਾਇਕਾ ਕਿਰਨਦੀਪ ਭੁਲਰ ਨੂੰ ਸਟੇਜ਼ ਤੇ ਆਉਣ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਸੁਰ-ਤਾਲ ਦੇ ਧਨੀ, ਦਮਦਾਰ ਅਤੇ ਸੁਰੀਲੀ ਅਵਾਜ਼ ਦੇ ਮਾਲਕ ਲੋਕ ਗਾਇਕ ਕਲੇਰ ਕੰਠ, ਲਖਵਿੰਦਰ ਵਡਾਲੀ, ਅਤੇ ਰਣਜੀਤ ਬਾਵਾ ਨੇ ਆਪਣੇ ਨਵੇਂ ਪੁਰਾਣੇ ਗੀਤਾ ਦੀ ਐਸੀ ਛੈਬਰ ਲਾਈ ਕਿ ਲੋਕਾ ਨਾਲ ਖਚਾਖਚ ਭਰਿਆ ਹਾਲ ਤਾੜੀਆਂ ਦੀ ਗੂੰਜ ਨਾਲ ਚਹਿਚਹਾ ਉਠਿਆ! ਬਹੁਤ ਦੇਰ ਬਾਅਦ ਇਸ ਤਰਾਂ ਮਹਿਸੂਸ ਹੋਇਆ, ਜਿਵੇ ਗੁਰਦਾਸ ਦੇ ਸੋਆ ਤੋਂ ਹਟਕੇ ਪੰਜਾ-ਬੀਆਂ ਨੇ ਪਹਿਲੀ ਵਾਰ ਪਰਿਵਾਰਾ ਸਮੇਤ ਐਨੀ ਸ਼ਿਦਤ ਨਾਲ ਕਿਸੇ ਸੋਅ ਦਾ ਅਨੰਦ ਮਾਣਿਆ ਹੋਵੇ। ਇਸ ਸੋਅ ਵਿੱਚ ਫੋਕ ਪੰਜਾਬੀ ਗਾਇਕੀ ਦੇ ਨਾਲ ਨਾਲ ਸੂਫੀ ਰੰਗ ਵੀ ਵੇਖਣ ਨੂੰ ਮਿਲਿਆ ਅਤੇ ਇਸੇ ਦੌਰਾਨ ਰਣਜੀਤ ਬਾਵੇ ਨੇ ਪੰਜਾਬੀਆਂ ਦੀ ਸੁਤੀ ਅਣਖ ਨੂੰ ਝਿਜੋੜਨ ਲਈ ਕੁਝ ਦਿੱਲ ਨੂੰ ਧੂਅ ਪਾਉਣ ਵਾਲੇ ਗੀਤ ਗਾਕੇ ਪੰਜਾਬੀਆਂ ਨੂੰ ਇੱਕ ਵਾਰ ਸੋਚਣ ਲਈ ਮਜ਼ਬੂਰ ਵੀ ਕਰ ਦਿੱਤਾ..!

ਅਖੀਰ ਨੂੰ ਅਮਿੱਟ ਪੈੜ੍ਹਾ ਛੱਡਦਾ ਇਹ ਸੋਅ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਸੋਅ ਦੇ ਸਪਾਸਰ ਸੱਜਣਾ ਦਾ ਸਨਮਾਨ ਵੀ ਪ੍ਰਬੰਧਕ ਵੀਰਾ ਵੱਲੋ ਕੀਤਾ ਗਿਆ ਅਤੇ ਕੁਝ ਰੈਫਲ ਵੀ ਕੱਢੇ ਗਏ। ਇਸ ਸੋਅ ਨੂੰ ਕਾਮਯਾਬ ਕਰਨ ਦਾ ਸਿਹਰਾ ਮਿੱਕੀ ਸਰਾਂ, ਜਗਰੂਪ ਭੰਡਾਲ, ਸੁਖਬੀਰ ਭੰਡਾਲ, ਅਤੇ ਸਨੀ ਭੁਲਰ ਆਦਿ ਸੱਜਣਾ ਸਿਰ ਜਾਦਾ ਹੈ। ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਬਾਖੂਬੀ ਕੀਤਾ!

# ਡੀ.ਜੀ.ਪੀ ਤੋਂ ਐਨ.ਆਰ.ਆਈ ਭਗੌੜਿਆਂ ਬਾਰੇ ਸੂਚੀ ਦੀ ਸਮੀਖਿਆ ਉਪਰੰਤ ਸੋਮਵਾਰ ਤਕ ਰਿਪੋਰਟ ਮੰਗੀ

## ਸੁਖਬੀਰ ਬਾਦਲ ਵਲੋਂ ਜਮੀਨਾਂ ਦੀ ਤਕਸੀਮ ਨੂੰ ਸੁਖਾਲਾ ਬਣਾਉਣ ਲਈ ਉੱਚ ਤਾਕਤੀ ਕਮੇਟੀ ਗਠਿਤ

**ਚੰਡੀਗੜ੍ਹ–** ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਅੱਜ ਜਮੀਨਾਂ ਦੀ ਤਕਸੀਮ ਨੂੰ ਸੁਖਾਲਾ ਬਣਾਉਣ ਸਬੰਧੀ ਢੁੱਕਵੇ ਕਦਮ ਚੁੱਕਣ ਅਤੇ ਸਿਫਾਰਸ਼ਾਂ ਪੇਸ਼ ਕਰਨ ਲਈ ਉੱਚ ਤਾਕਤੀ ਕਮੇਟੀ ਦਾ ਗਠਨ ਕੀਤਾ ਹੈ। ਇਸ ਤੋਂ ਇਲਾਵਾ ਡੀ.ਜੀ.ਪੀ ਪੰਜਾਬ ਨੂੰ ਰਾਜ ਦੇ ਐਨ.ਆਰ.ਆਈ ਭਗੌੜਿਆਂ ਬਾਰੇ ਸੂਚੀ ਦੀ ਸਮੀਖਿਆ ਕਰਕੇ ਸੋਮਵਾਰ ਤਕ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਅੱਜ ਇਥੇ ਪ੍ਰਵਾਸੀ ਭਾਰਤੀਆਂ ਦੇ ਮਾਮਲਿਆਂ ਦੀ ਸਮੀਖਿਆ ਸਬੰਧੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਬਾਦਲ ਨੇ ਕਿਹਾ ਕਿ ਇਸ ਕਮੇਟੀ ਦੀ ਅਗਵਾਈ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਤੋਤਾ ਸਿੰਘ ਕਰਨਗੇ ਜਦਕਿ ਵਿੱਤ ਕਮਿਸ਼ਨਰ ਮਾਲ ਸ੍ਰੀ ਕਰਨ ਅਵਤਾਰ ਸਿੰਘ, ਪੰਜਾਬ ਐਨ ਆਰ ਆਈ ਕਮਿਸ਼ਨ ਦੇ ਚੇਅਰਮੈਨ ਜਸਟਿਸ ਅਰਵਿੰਦ ਕੁਮਾਰ (ਰਿਟਾ.) ਅਤੇ ਉਪ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਸ੍ਰੀ ਮਨਵੇਸ਼ ਸਿੰਘ ਸਿੱਧੂ ਕਮੇਟੀ ਦੇ ਮੈਂਬਰ ਹੋਣਗੇ। ਉਨ੍ਹਾਂ ਕਿਹਾ ਕਿ ਇਹ ਕਮੇਟੀ ਦੀਵਾਨੀ ਮਾਮਲਿਆਂ ਦੀ ਸਮੀਖਿਆ ਪਿਛੋਂ ਇਕ ਵਿਸਥਾਰਤ ਰਿਪੋਰਟ ਪੇਸ਼ ਕਰੇਗੀ ਤਾਂ ਜੋ ਜਮੀਨਾਂ ਦੀ ਤਕਸੀਮ ਸਬੰਧੀ ਲੰਬਿਤ ਪਏ ਕੇਸਾਂ ਦੇ ਨਿਪਟਾਰੇ ਲਈ ਜਲਦ ਢੁੱਕਵੇ ਅਤੇ ਉਸਾਰੂ ਕਦਮ ਚੁੱਕੇ ਜਾ ਸਕਣ। ਸ. ਬਾਦਲ ਨੇ ਕਿਹਾ ਕਮੇਟੀ ਗਠਿਤ ਕਰਨ ਦਾ ਮਕਸਦ ਰੈਵਿਨਊ ਅਦਾਲਤਾਂ ਵਿਚ ਚਿਰਾਂ ਤੋਂ ਸੁਣਵਾਈ ਅਧੀਨ ਪਏ ਪ੍ਰਵਾਸੀ ਭਾਰਤੀਆਂ ਦੇ ਜਮੀਨੀ ਮਾਮਲਿਆਂ ਦੇ ਤੁਰੰਤ ਨਬੇੜੇ ਕਰਨ ਅਤੇ ਪ੍ਰਵਾਸੀ ਪੰਜਾਬੀਆਂ ਦੀ ਖੱਜਲ ਖੁਆਰੀ ਦਾ ਖਾਤਮਾ ਕਰਨਾ ਵੀ ਹੈ।

ਇਸ ਮੌਕੇ ਮੰਡਲ ਕਮਿਸ਼ਨਰਾਂ, ਜ਼ਿਲ੍ਹਾਂ ਕੁਲੈਕਟਰਾਂ ਅਤੇ ਸਬੰਧਿਤ ਮਾਲ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਹ ਵੱਖ-ਵੱਖ ਮੁਲਕਾਂ ਵਿਚ ਵਸਦੇ ਪੰਜਾਬੀਆਂ ਦੇ ਮਾਮਲਿਆਂ ਨੂੰ ਤਰਜੀਹੀ ਤੌਰ 'ਤੇ ਨਜਿੱਠਣ ਅਤੇ ਅਜਿਹੇ ਕੇਸਾਂ ਵਿਚ ਜਲਦ ਤੋਂ ਜਲਦ ਬਣਦੀਆਂ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਜਾਣ।



ਉਨ੍ਹਾਂ ਕਿਹਾ ਕਿ ਜਲੰਧਰ ਵਿਚ ਪਹਿਲਾਂ ਤੋਂ ਹੀ ਚਲ ਰਹੀ ਵਿਸ਼ੇਸ਼ ਐਨ.ਆਰ.ਆਈ ਅਦਾਲਤ ਦੇ ਚੰਗੇ ਪ੍ਰਭਾਵ ਅਤੇ ਨਤੀਜਿਆਂ ਤੋਂ ਬਾਅਦ ਰਾਜ ਵਿਚ ਇਕ ਹੋਰ ਐਨ.ਆਰ.ਆਈ ਅਦਾਲਤ ਸਥਾਪਤ ਕੀਤੀ ਜਾਵੇਗੀ।

ਪ੍ਰਵਾਸੀ ਪੰਜਾਬੀਆਂ ਨਾਲ ਸਬੰਧਿਤ ਭਗੌੜਿਆਂ ਦੇ ਮਾਮਲਿਆਂ ਦੀ ਸਮੀਖਿਆ ਕਰਦਿਆਂ ਸ੍ਰੀ ਬਾਦਲ ਨੇ ਡੀ.ਜੀ.ਪੀ ਪੰਜਾਬ ਨੂੰ ਆਦੇਸ਼ ਦਿੱਤੇ ਕਿ ਇਸ ਸਬੰਧੀ ਭਗੌੜਿਆਂ ਦੀ ਸੂਚੀ ਨੂੰ ਮੁੜ ਵਿਚਾਰਨ ਅਤੇ ਯੋਗ ਕਾਰਵਾਈ ਕਰਨ ਉਪਰੰਤ ਸੋਮਵਾਰ ਤਕ ਮੁਕੰਮਲ ਰਿਪੋਰਟ ਪੇਸ਼ ਕੀਤੀ ਜਾਵੇ।ਠਜਥੇਦਾਰ ਤੋਤਾ ਸਿੰਘ ਨੇ ਦਸਿਆ ਕਿ ਪੰਜਾਬ ਵਿਚ 15 ਐਨ.ਆਰ.ਆਈ ਪੁਲਿਸ ਥਾਣੇਂ ਪ੍ਰਵਾਸੀ ਭਾਰਤੀਆਂ ਦੀ ਸਹੂਲਤ ਲਈ ਕੰਮ ਕਰ ਰਹੇ ਹਨ ਜਦਕਿ ਐਨ ਆਰ ਆਈ ਭਗੌੜਿਆਂ ਦੀ ਲਿਸਟ ਵਿਚ 530 ਵਿਅਕਤੀ ਲੋੜੀਂਦੇ ਹਨ।

ਜ਼ਮੀਨਾਂ ਦੀ ਵੰਡ, ਇੰਤਕਾਲ ਅਤੇ ਹੋਰਨਾਂ ਰੈਵਨਿਊ ਮਸਲਿਆਂ ਨੂੰ ਹੋਰ ਸੁਖਾਲਿਆਂ ਕਰਨ 'ਤੇ ਜ਼ੋਰ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਮੰਡਲ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਪ੍ਰਵਾਸੀ ਪੰਜਾਬੀਆਂ ਨੂੰ ਆਪਣਿਆਂ ਮਾਮਲਿਆਂ ਦੀ ਪੈਰਵੀ ਦੌਰਾਨ ਕਿਸੇ ਵੀ ਕਿਸਮ ਦੀ ਕੋਈ ਸਮਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆ 'ਚ ਸਮਾਂਬੱਧ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਵੀ ਯਕੀਨੀ ਬਣਾਇਆ ਜਾਵੇ। ਪ੍ਰਵਾਸੀ ਪੰਜਾਬੀਆਂ ਦੇ ਜਮੀਨੀ ਮਾਮਲਿਆ ਵਿਚ ਸਬੰਧਤ ਧਿਰਾਂ ਤੱਕਠ ਨੋਟਿਸ ਅਤੇ ਸੰਮਨ ਨਾ ਪੁਜਣ ਵਾਲੇ ਕੇਸਾਂ ਵਿਚ ਸ੍ਰੀ ਬਾਦਲ ਨੇ ਬਦਲਵੇਂ ਤਰੀਕਿਆਂ ਦੀ ਵਰਤੋਂ ਕਰਨ ਦੀ ਸਲਾਹ ਵੀ ਦਿੱਤੀ। ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖਸ਼ੀਅਤਾਂ ਵਿਚ ਪ੍ਰਵਾਸੀ ਭਾਰਤੀ ਮਾਮਲਿਆ ਬਾਰੇ ਮੰਤਰੀ ਜਥੇਦਾਰ ਤੋਤਾ ਸਿੰਘ, ਮਾਲ ਮੰਤਰੀ ਸ੍ਰੀ ਬਿਕਰਮ ਸਿੰਘ ਮਜੀਠੀਆ, ਮੁੱਖ ਸਕੱਤਰ ਸ੍ਰੀ ਸਰਵੇਸ਼ ਕੌਸ਼ਲ, ਗ੍ਰਹਿ ਸਕੱਤਰ ਸ੍ਰੀ ਜਗਪਾਲ ਸਿੰਘ ਸੰਧੂ, ਵਿੱਤ ਕਮਿਸ਼ਨਰ ਮਾਲ ਸ੍ਰੀ ਕਰਨ ਅਵਤਾਰ ਸਿੰਘ, ਕਮਿਸ਼ਨਰ ਐਨ ਆਰ.ਆਈਜ਼ ਮਾਮਲੇ ਸ੍ਰੀ ਬੀ.ਪੁਰੂਸ਼ਾਰਥਾ, ਚੇਅਰਮੈਨ ਐਨ.ਆਰ.ਆਈ ਕਮਿਸ਼ਨ ਜਸਟਿਸ ਅਰਵਿੰਦ ਕੁਮਾਰ (ਰਿਟਾ.), ਉਪ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ੍ਰੀ ਪੀ.ਐਸ ਔਜਲਾ, ਵਿਸ਼ੇਸ਼ ਪ੍ਰਮੁੱਖ ਸਕੱਤਰ ਸ੍ਰੀ ਮਨਵੇਸ਼ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਲਈ ਬਾਬ ਢਿੱਲੋਂ ਨੇ ਪਿਕਨਿਕ ਮਨਾਈ



ਸੈਨਹੋਜੇ ਗੁਰੂ ਘਰ ਦੇ ਜਨਰਲ ਸੱਕਤਰ ਸ੍ਰ: ਭੁਪਿੰਦਰ ਸਿੰਘ ਢਿਲੋਂ (ਬਾਬ ਢਿੱਲੋਂ) ਨੇ ਆਪਣੇ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕਰਨ ਲਈ ਮਈ 9 ਦਿਨ ਸ਼ਨੀਵਾਰ ਨੂੰ, "ਆਲਮ ਰੌਕ" ਪਾਰਕ ਸੈਨਹੋਜੇ ਵਿਖੇ ਪਿਕਨਕ ਮਨਾਈ। ਪਿਕਨਕ ਚ ਆਮ ਵੋਟਰਾਂ ਤੇ ਸਪੋਟਰਾਂ ਦੀ ਭਾਰੀ ਗਿਣਤੀ ਤੋਂ ਇਲਾਵਾ ਪੰਥਕ ਸੰਸਥਾਵਾਂ ਦੇ ਪ੍ਰਮੁੱਖ ਆਗੂਆਂ ਨੇ ਵੀ ਹਾਜ਼ਰੀ ਭਰੀ। ਜਿਨ੍ਹਾਂ ਚ ਸੈਨਹੋਜੇ ਗੁਰੂ ਘਰ, ਅਮੈਰਕਿਨ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ, ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਕੌਂਸਲ ਆਫ ਖਾਲਸਤਾਨ, ਇੰਟਰਨੈਸ਼ਨਲ ਗਦਰ ਮੈਮੋਰ-ਇਅਲ ਗਰੁੱਪ, ਬੇ ਏਰੀਆ ਸਿੱਖ ਅਲਾਇੰਸ, ਵਰਲਡ ਸਿੱਖ ਕੌਂਸਲ, ਦਲ ਖਾਲਸਾ ਆਫ ਅਮਰੀਕਾ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਆਦਿ।

**ਪਰਮਜੀਤ ਸਿੰਘ ਸੇਖੋਂ**
**(ਦਾਖਾ) 510-774-5909**
**ਪ੍ਰਧਾਨ, ਦਲ ਖਾਲਸਾ ਅਲਾਇੰਸ**
**ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**

# ਸੈਕਰਾਮੈਂਟੋ ਕ੍ਰਿਕਟ ਐਸੋਸੀਏਸ਼ਨ ਵੱਲੋਂ ਵਿੰਟਰ ਲੀਗ ਕ੍ਰਿਕਟ ਟੂਰਨਾਮੈਂਟ ਆਯੋਜਿਤ ਕੀਤੇ



ਤਸਵੀਰ ਵਿਚ ਜੇਤੂ ਟੀਮ ਸੈਕਰਾਮੈਂਟੋ ਸਿੱਖ ਸੁਸਾਇਟੀ ਦੇ ਖਿਡਾਰੀ ਖੜ੍ਹੇ ਦਿਖਾਈ ਦੇ ਰਹੇ ਹਨ ਕੈਪਟਨ ਮਨਜਿੰਦਰ ਮਲ੍ਹੀ, ਕੁਲਵਿੰਦਰ ਸਿੰਘ ਵਾਈਸ ਕੈਪਟਨ, ਗੁਰਜੀਤ ਸਿੰਘ, ਤਰਨ ਸ਼ੇਰਗਿੱਲ, ਗੁਰਪ੍ਰੀਤ ਸਿੰਘ, ਸ਼ਾਰਨਜੀਤ ਸਿੰਘ, ਸੰਦੀਪ, ਇੰਦਰ ਸਿੰਘ, ਸੋਹਿਲ ਰਾਣਾ, ਜਸਪ੍ਰੀਤ ਸਿੰਘ ਅਤੇ ਗੁਰਵਿੰਦਰ ਸਿੰਘ।

**ਸੈਕਰਾਮੈਂਟੋ–** ਸੈਕਰਾਮੈਂਟੋ ਕ੍ਰਿਕਟ ਐਸੋਸੀਏਸ਼ਨ ਵੱਲੋਂ ਬੀਤੀ 22 ਫਰਵਰੀ ਤੋਂ 5 ਮਾਰਚ ਤੱਕ ਵਿੰਟਰ ਲੀਗ ਕ੍ਰਿਕਟ ਟੂਰਨਾਮੈਂਟ ਆਯੋਜਿਤ ਕੀਤਾ। ਇਸ ਟੂਰਨਾਮੈਂਟ ਵਿਚ 8 ਟੀਮਾਂ ਨੇ ਭਾਗ ਲਿਆ ਅਤੇ ਆਖਰੀ ਮੈਚ ਸੈਕਰਾਮੈਂਟੋ ਸਿੱਖ ਸੁਸਾਇਟੀ ਲਾਇਨਜ਼ ਕ੍ਰਿਕਟ ਕਲੱਬ ਅਤੇ ਬਾਬਾ ਦੀਪ ਸਿੰਘ ਕ੍ਰਿਕਟ ਕਲੱਬ ਵਿਚਕਾਰ 5 ਮਈ ਨੂੰ ਯੂਬਾ ਸਿਟੀ ਵਿਖੇ ਹੋਇਆ। ਇਸ ਟੂਰਨਾਮੈਂਟ ਦਾ ਫਾਈਨਲ ਸੈਕਰਾਮੈਂਟੋ ਸਿੱਖ ਸੁਸਾਇਟੀ ਲਾਇਨਜ਼ ਕ੍ਰਿਕਟ ਕਲੱਬ ਨੇ ਜਿੱਤਿਆ। ਪਹਿਲਾਂ ਬੈਟਿੰਗ ਬਾਬਾ ਦੀਪ ਸਿੰਘ ਕ੍ਰਿਕਟ ਕਲੱਬ ਨੇ ਕੀਤੀ ਅਤੇ 176 ਦਾ ਸਕੋਰ ਖੜ੍ਹਾ ਕੀਤਾ, ਜਦਕਿ ਸਿੱਖ ਸੁਸਾਇਟੀ ਲਾਇਨਜ਼ ਕਲੱਬ ਨੇ ਮਿੱਥੇ ਟੀਚੇ ਨੂੰ 20 ਓਵਰਾਂ ਵਿਚ ਪਾਰ ਕਰਕੇ 180 ਰਨ ਬਣਾ ਕੇ ਮੈਚ ਜਿੱਤ ਲਿਆ।

# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਿਰ ਕਰੇ

## ਉਘੇ ਬਿਜਨਸਮੈਨ ਸ. ਅਮਰੀਕ ਸਿੰਘ ਪਰਿਹਾਰ ਤੇ ਪਰਿਵਾਰ ਵੱਲੋਂ ਆਪਣੇ ਦੋਵੇਂ ਹੋਣਹਾਰ ਸਪੁੱਤਰਾਂ ਦਾ ਜਨਮ ਦਿਨ ਮਨਾਇਆ



ਉਘੇ ਬਿਜਨਸਮੈਨ ਅਤੇ ਪੰਜਾਬੀ ਵਿਰਸਾ ਸੰਭਾਲ ਸੈਕਰਾਮੈਂਟੋ (ਕੈਲੇਫੋਰਨੀਆ ਦੇ ਪ੍ਰਧਾਨ ਸ. ਅਮਰੀਕ ਸਿੰਘ ਪਰਿਹਾਰ ਤੇ ਉਹਨਾਂ ਦੀ ਸੁਪਤਨੀ ਬੀਬੀ ਰਛਪਾਲ ਕੌਰ ਪਰਿਹਾਰ ਜੀ ਨੇ ਆਪਣੇ ਗ੍ਰਹਿ ਵਿਖੇ ਆਪਣੇ ਦੋ ਸਪੁੱਤਰਾਂ ਗਗਨਦੀਪ ਸਿੰਘ ਅਤੇ ਰਵੀਪਾਲ ਸਿੰਘ ਦੇ 21ਵੇਂ ਜਨਮ ਦਿਨ ਦੀ ਖੁਸ਼ੀ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਲਈ 15 ਮਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਗਏ ਅਤੇ 17 ਮਈ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਇਸ ਖੁਸ਼ੀ ਦੇ ਮੌਕੇ ਪਰਿਹਾਰ ਪਰਿਵਾਰ ਦੇ ਮੈਂਬਰਾਂ, ਉਹਨਾਂ ਦੇ ਸਕੇ ਸਬੰਧੀ, ਦੋਸਤ-ਮਿੱਤਰ, ਰਿਸ਼ਤੇਦਾਰ ਤੇ ਪੰਜਾਬੀ ਭਾਈਚਾਰੇ ਨੇ ਸਰਦਾਰਨੀ ਰਛਪਾਲ ਕੌਰ ਪਰਿਹਾਰ ਅਤੇ ਸ. ਅਮਰੀਕ ਸਿੰਘ ਪਰਿਹਾਰ ਤੇ ਉਹਨਾਂ ਦੇ ਦੋਵੇਂ ਸਪੁੱਤਰਾਂ ਨੂੰ ਜਨਮ ਦਿਨ ਦੀਆਂ ਵਧਈਆਂ ਦਿੱਤੀਆਂ।

ਅੱਜ ਦੇ ਇਸ ਸ਼ੁਭ ਮੌਕੇ ਤੇ ਭਾਈ ਸਾਹਿਬ ਭਾਈ ਮਨਜੀਤ ਸਿੰਘ ਜੀ ਗੁਰਦੁਆਰਾ ਸਾਹਿਬ ਜੈਕਸਨ ਰੋਡ (ਸੈਕਰਾਮੈਂਟੋ) ਵਾਲੇ ਜਥੇ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕੀਤਾ ਤੇ ਉਹਨਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਇਹਨਾਂ ਦੋਹਾਂ ਸਪੁੱਤਰਾਂ ਨੂੰ ਹਮੇਸ਼ਾ ਖੁਸ਼ੀਆਂ ਬਖਸ਼ੇ ਤੇ ਪਰਿਹਾਰ ਪਰਿਵਾਰ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਅਦਾਰਾ 'ਦੇਸ਼ ਦੁਆਬਾ' ਵੱਲੋਂ ਇਹਨਾਂ ਦੋਹਾਂ ਬੱਚਿਆਂ ਤੇ ਸਮੂਹ ਪਰਿਵਾਰ ਨੂੰ ਲੱਖ-ਲੱਖ ਵਧਾਈਆਂ। ਇਸ ਦੌਰਾਨ ਅਦਾਰਾ "ਦੇਸ਼ ਦੁਆਬਾ" ਵੱਲੋਂ ਲਈਆਂ ਗਈਆਂ ਕੁਝ ਯਾਦਗਾਰ ਤਸਵੀਰਾਂ ਦੇਖੋ ਸਫਾ 11 ਤੇ)।

# ਪੜ੍ਹਾਈ ਕਰਨ ਗਏ ਭਾਰਤੀ ਨੌਜਵਾਨ ਦਾ ਕਤਲ

**ਫਲੋਰਿਡਾ (ਅਮਰੀਕਾ)–** ਇਕ ਵਾਰ ਫਿਰ ਇਕ ਭਾਰਤੀ ਨੂੰ ਕਤਲ ਕਰ ਦਿੱਤਾ ਹੈ। ਵਾਰਦਾਤ ਫਲੋਰਿਡਾ ਦੀ ਹੈ। ਗੁਜਰਾਤ ਦੇ ਵਲਸਾਡ ਦਾ ਰਹਿਣ ਵਾਲਾ 28 ਸਾਲ ਦਾ ਮਾਲਵ ਮੁਕੇਸ਼ ਪਟੇਲ ਆਪਣੇ ਦੋਸਤ ਦੀ ਦੁਕਾਨ 'ਤੇ ਉਸ ਦੀ ਮਦਦ ਲਈ ਗਿਆ ਸੀ।

ਉਸ ਸਮੇਂ ਕੁਝ ਅਣਪਛਾਤੇ ਲੋਕ ਦੁਕਾਨ 'ਚ ਦਾਖਲ ਹੋ ਗਏ ਅਤੇ ਗੋਲੀ ਮਾਰ ਕੇ ਉਸ ਨੂੰ ਕਤਲ ਕਰ ਦਿੱਤਾ। ਅਜਿਹਾ ਸ਼ੱਕ ਹੈ ਕਿ ਲੁੱਟ ਦੇ ਇਰਾਦੇ ਨਾਲ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਕਤਲ ਭਾਰਤੀ ਸਮੇਂ ਮੁਤਾਬਕ ਰਾਤ 2:30 ਵਜੇ ਕੀਤਾ ਗਿਆ। ਮੁਕੇਸ਼ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਸੀ। ਇਸ ਸਾਲ ਅਜੇ ਤੱਕ ਅਮਰੀਕਾ 'ਚ ਗੁਜਰਾਤੀਆਂ ਨੂੰ ਕਤਲ ਦੇ 5 ਮਾਮਲੇ ਸਾਹਮਣੇ ਆ ਚੁੱਕੇ ਹਨ।

# ਪੰਜਾਬੀ ਸਾਹਿਤ ਸਭਾ (ਰਜਿ.) ਕੈਲੀਫੋਰਨੀਆ ਵੱਲੋਂ 17ਵੀਂ ਕਾਨਫਰੰਸ



**ਸੈਕਰਾਮੈਂਟੋ (ਕੈਲੇਫੋਰਨੀਆ)–** ਪੰਜਾਬੀ ਸਾਹਿਤ ਸਭਾ (ਰਜਿ.) ਕੈਲੇਫੋਰਨੀਆ ਵੱਲੋਂ 17ਵੀਂ ਕਾਨਫਰੰਸ ਬੀਤੇ ਸ਼ਨਿ-ਚਰਵਾਰ ਮਈ 9, 2015 ਨੂੰ ਸੈਕਰਾਮੈਂਟੋ ਵਿਖੇ ਹੋਈ। ਦਿਲਵੀਰ ਨਿੱਜਰ ਦੀ ਪ੍ਰਧਾਨਗੀ ਹੇਠ ਹੋਈ ਕਾਨਫਰੰਸ ਦੀ ਸ਼ੁ-ਰੂਆਤ ਜਯੋਤੀ ਸਿੰਘ ਅਤੇ ਸਭਾ ਦੀ ਕਾਰਜਕਰਨੀ ਮੈਂਬਰਾਂ ਵੱਲੋਂ 'ਅਵਲ ਅਲਹਿ ਨੂਰ ਉਪਾਇਆ, ਕੁਦਰਤਿ ਕੇ ਸਭ ਬੰਦੇ' ਦਾ ਸ਼ਬਦ ਗਾਇਨ ਕਰਕੇ ਹੋਈ। ਉਪਰੰਤ ਜਨਰਲ ਸਕੱਤਰ ਜਸਵੰਤ ਸ਼ੀਮਾਰ ਨੇ ਕਹਾਣੀ ਦਰਬਾਰ ਕਰਵਾਉਣ ਲਈ ਇੰ-ਦਰਜੀਤ ਗਰੇਵਾਲ ਨੂੰ ਸੱਦਾ ਦਿੱਤਾ ਅਤੇ ਕਹਾਣੀ ਦਰਬਾਰ ਦੇ ਪ੍ਰਧਾਨਗੀ ਮੰਡਲ ਲਈ ਵਾਸਦੇਵ ਸਿੰਘ ਪਰਿਹਾਰ, ਡਾ. ਉਂਕਾਰ ਸਿੰਘ ਬਿੰਦਰਾ, ਪ੍ਰਧਾਨ ਦਿਲ ਨਿੱਜਰ, ਜੋਤੀ ਸਿੰਘ, ਨਾਵਲਿਸਟ ਇੰਦਰ ਸਿੰਘ ਖਾਮੋਸ਼ ਨੂੰ ਸੁਸ਼ੋਭਿਤ ਹੋਣ ਲਈ ਬੁਲਾਇਆ।

ਕਹਾਣੀ ਦਰਬਾਰ ਦੀ ਸ਼ੁਰੂਆਤ ਕਹਾਣੀਕਾਰ ਤਤਿੰਦਰ ਕੌਰ ਦੀ ਕਹਾਣੀ 'ਪੱਪੀ ਲਵ' ਤੋਂ ਹੋਈ। ਸਟਾਕਟਨ ਯੂਨਿਟ ਤੋਂ ਕਹਾਣੀਕਾਰ ਹਰਨੇਕ ਸਿੰਘ ਨੇ ਆਪਣੀ ਕਹਾਣੀ 'ਡਾਕਟਰ ਦੀ ਫੀਸ', ਸਾਬਕਾ ਪ੍ਰਧਾਨ ਮਨਜੀਤ ਕੌਰ ਸੇਖੋਂ ਨੇ ਆਪਣੀ ਕਹਾਣੀ 'ਇਕ ਨੂਰਪੁਰੀ ਹੋਰ' ਅਤੇ ਸਭਾ ਦੇ ਡਾਇਰੈਕਟਰ ਮਹਿੰਦਰ ਸਿੰਘ ਘੱਗ ਨੇ ਕਹਾਣੀ 'ਦੋ ਚਿੱਠੀ' ਪੜ੍ਹੀ, ਉਪਰੰਤ ਕਹਾਣੀਕਾਰਾਂ ਨੂੰ ਕਾਰਜਕਾਰਨੀ ਕਮੇਟੀ ਵੱਲੋਂ ਸਪੈਸ਼ਲ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਕਹਾਣੀ ਦਰਬਾਰ ਤੋਂ ਬਾਅਦ ਨੀਲਮ ਸੈਣੀ ਨੇ 'ਪੰਜਾਬੀ ਬੋਲੀ ਦੇ ਨਿਘਾਰ' ਤੇ ਪਰਚਾ ਪੜ੍ਹਨ ਲਈ ਉਂਕਾਰ ਸਿੰਘ ਬਿੰਦਰਾ ਨੂੰ ਸੱਦਾ ਦਿੱਤਾ। ਜਿਸਨੇ ਕਾਲਜਾਂ, ਸਕੂਲਾਂ ਵਿਚ ਮਾਂ ਬੋਲੀ ਪੰਜਾਬੀ ਲਈ ਪਾਏ ਆਪਣੇ ਯੋਗਦਾਨ ਦੀ ਜਾਣਕਾਰੀ ਸਾਂਝੀ ਕੀਤੀ। ਉਪਰੰਤ ਵਾਸਦੇਵ ਸਿੰਘ ਪਰਿਹਾਰ (ਸਿਆਟਲ ਸਾਹਿਤ ਸਭਾ ਦੇ ਪ੍ਰਧਾਨ) ਨੇ ਆਪਣਾ ਪੇਪਰ ਪੜ੍ਹਿਆ। ਉਸ ਤੋਂ ਬਾਅਦ ਵਿਸ਼ਵ ਪੰਜਾਬੀ ਸਾਹਿਤ ਬੇਅ ਏਰੀਆ ਤੋਂ ਸੁਖਵਿੰਦਰ ਕੰਬੋਜ ਨੇ ਆਪਣਾ ਪੇਪਰ ਪੜ੍ਹਿਆ। ਨਾਵਲਿਸਟ ਇੰਦਰ ਸਿੰਘ ਖਾਮੋਸ਼ ਨੇ ਆਪਣੀ ਸਾਹਿਤਕ ਸਫਰ ਬਾਰੇ ਅਤੇ ਨੀਟਾ ਮਾਛੀਕੇ ਅਤੇ ਗੁਰਜਤਿੰਦਰ ਰੰਧਾਵਾ ਨੇ ਪੰਜਾਬੀ ਬੋਲੀ ਦੇ ਨਿਘਾਰ ਅਤੇ ਉਸਾਰ ਬਾਰੇ ਭਾਵਪੂਰਨ ਵਿਚਾਰ ਪੇਸ਼ ਕੀਤੇ। ਹਰਬੰਸ ਸਿੰਘ ਢਿੱਲੋਂ ਜਗਿਆਸੂ ਨੇ ਸਭਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਪਰੰਤ ਪ੍ਰਧਾਨ ਦਿਲ ਨਿੱਜਰ ਨੇ ਮਾਂ-ਬੋਲੀ ਪੰਜਾਬੀ ਦੇ ਭਲੇ ਅਤੇ ਉਸਾਰੂ ਢੰਗਾਂ ਤੇ ਉਦਮਾਂ, ਉਪਰਾਲਿਆਂ ਤੇ ਸੁਚਾਰੂ ਹੀਲਿਆਂ-ਵਸੀਲਿਆਂ ਰਾਹੀਂ ਕੰਮ ਕਰਨ ਤੇ ਜ਼ੋਰ ਦੇਣ ਲਈ ਰਲ-ਮਿਲ ਕੇ ਚੱਲਣ ਲਈ ਕਿਹਾ।

ਜਨਰਲ ਸਕੱਤਰ ਜਸਵੰਤ ਸ਼ੀਮਾਰ ਨੇ 2012 ਦੇ ਅਖੀਰ ਤੋਂ ਅੱਜ ਤੱਕ ਕਾਰਜਕਾਰਨੀ ਕਮੇਟੀ ਦੇ ਅਧੀਨ ਹੋਈਆਂ ਗਤੀਵਿਧੀਆਂ ਅਤੇ ਕੰਮਾਂ ਬਾਰੇ ਵਿਸਥ੍ਰਿਤ ਰਿਪੋਰਟ ਪੜ੍ਹੀ ਅਤੇ ਲੰਚ ਬਰੇਕ ਕੀਤੀ ਗਈ।

ਖਾਣੇ ਉਪਰੰਤ ਬਹੁਤ ਹੀ ਭਾਵਪੂਰਨ ਕਵੀ ਦਰਬਾਰ ਦੀ ਸ਼ੁਰੂਆਤ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਉਸਤਾਦ ਗਜ਼ਲਗੋ ਹਰਭਜਨ ਸਿੰਘ ਬੈਂਸ, ਈਸ਼ਰ ਸਿੰਘ ਮੋਮਨ, ਹਰਜਿੰਦਰ ਸਿੰਘ ਪੰਧੇਰ, ਕੁਲਵਿੰਦਰ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤੀ। ਜੋਤੀ ਸਿੰਘ ਅਤੇ ਮਨਜੀਤ ਸੇਖੋਂ ਨੇ ਸ਼ਮਾਂ ਰੌਸ਼ਨ ਕਰਨ ਵਿਚ ਸ਼ਮੂਲੀਅਤ ਕੀਤੀ।

ਕਵੀ ਦਰਬਾਰ ਦੀ ਸ਼ੁਰੂਆਤ ਸੁਰਾਂ ਦੇ ਸੂਝਵਾਨ ਗਾਇਕ ਗੋਗੀ ਸੰਧੂ ਅਤੇ ਮਿੱਠੀ ਆਵਾਜ਼ ਨਾਲ ਜੀਵਨ ਰੱਤੂ ਨੇ ਆਪਣੇ ਗੀਤ ਗਾ ਕੇ ਕੀਤੀ। ਉਪਰੰਤ ਸਟੇਜ ਦੀ ਸੇਵਾ ਨਿਭਾਉਂਦਿਆਂ ਜਸਵੰਤ ਸ਼ੀਮਾਰ ਨੇ ਵਾਰੋ-ਵਾਰ ਕਵੀਆਂ ਨੂੰ ਸਟੇਜ ਤੇ ਬੁਲਾਇਆ, ਜਿਹਨਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕ੍ਰਮਵਾਰ ਕਮਲ ਬੰਗਾ, ਮਲਿਕ ਇਮਤਿਆਜ਼, ਸੁਖਵਿੰਦਰ ਕੰਬੋਜ, ਮਨਜੀਤ ਸੇਖੋਂ, ਈਸ਼ਰ ਸਿੰਘ ਮੋਮਨ, ਗੁਰਮੀਤ ਸਿੰਘ ਬਰਸਾਲ, ਕੁਲਵਿਦਰ, ਰਾਠੇਸ਼ਵਰ ਸੂਰਾਪੁਰੀ, ਨੀਲਮ ਸੈਣੀ, ਦਲਵੀਰ ਦਿਲ ਨਿੱਜਰ, ਹਰਭਜਨ ਬੈਂਸ, ਕਮਲ ਦੇਵ ਪਾਲ, ਮਹਿੰਦਰ ਸਿੰਘ ਘੱਗ, ਜੀਵਨ ਰੱਤੂ, ਹਰਪ੍ਰੀਤ ਕੌਰ, ਇੰਦਰਜੀਤ ਗਰੇਵਾਲ ਥਰੀਕੇ, ਪ੍ਰਗਟ ਸਿੰਘ ਹੁੰਦਲ, ਹਰਭਜਨ ਸਿੰਘ ਢੇਰੀ, ਜਾਵੇਦ ਅਖਤਰ, ਰਾਮੇਸ਼ ਬੰਗੜ, ਅਜੀਤ ਰਾਮ ਬੰਗੜ, ਗੁਰਿੰਦਰ ਸੂਰਾਪੁਰੀ, ਮੱਖਣ ਲੁਹਾਰ, ਨੰਨ੍ਹੂ ਸਹੋਤਾ, ਚਰਨਜੀਤ ਪੰਨੂੰ, ਗੁਰਦਿਆਲ ਨੂਰਪੁਰੀ, ਜਸ ਫਿਜ਼ਾ, ਜੋਤੀ ਸਿੰਘ, ਅਜੈਬ ਚੀਮਾ, ਪ੍ਰਮਿੰਦਰ ਰਾਏ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਪ੍ਰੇਮ ਕੁਮਾਰ ਚੁੰਬਰ, ਜਸਵੰਤ ਸ਼ੀਮਾਰ, ਮਨਜੀਤ ਰੱਲ੍ਹ, ਸੁਖਦੇਵ ਸਿੰਘ ਢਿੱਲੋਂ, ਤਾਰਾ ਸਾਗਰ, ਸ਼ੇਅਰਾਂ, ਗਜ਼ਲਾਂ ਗੀਤ ਕਵਿਤਾਵਾਂ ਨਾਲ ਕਾਨਫਰੰਸ ਦੀ ਸ਼ਾਮ-ਏ-ਮਹਿਫਲ ਨੂੰ ਚਾਰ ਚੰਨ ਲਾਏ। ਚਰਨ ਸਿੰਘ ਜੱਜ ਵੀ ਆਪਣੀ ਟੀਮ ਨਾਲ ਪਹੁੰਚੇ ਅਤੇ ਆਪਣੇ ਵਿਚਾਰ ਰੱਖੇ।

ਕਾਨਫਰੰਸ ਦੇ ਮੁੱਖ ਮਹਿਮਾਨ ਆਜ਼ਾਦ ਜਲੰਧਰੀ ਜੀ ਅਤੇ ਰਵਿੰਦਰ ਸਿੰਘ ਅਟਵਾਲ ਜੀ ਸਿਹਤ ਠੀਕ ਨਾ ਹੋਣ ਕਾਰਨ ਪਹੁੰਚ ਨਹੀ ਸਕੇ। ਪਸਸਕ ਵੱਲੋਂ ਰਵਿੰਦਰ ਸਿੰਘ ਅਟਵਾਲ ਨੂੰ ਸਭਾ ਪ੍ਰਤੀ ਨਿਭਾਈਆਂ ਸੇਵਾਵਾਂ ਲਈ ਲਾਈਫ ਟਾਈਮ ਅਚੀਵਮੈਂਟ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਉਪਰੰਤ ਪ੍ਰਧਾਨ ਦਿਲ ਨਿੱਜਰ ਨੇ ਅਤੇ ਕਾਰਜਕਾਰੀ ਮੈਂਬਰਾਂ ਨੇ ਸਭਾ ਦੇ ਡਾਇਰੈਕਟਰਜ਼, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਤਾਰਾ ਸਾਗਰ, ਜਸ ਫਿਜ਼ਾ ਅਤੇ ਰਾਠੇਸ਼ਵਰ ਸੂਰਾਪੁਰੀ ਨੂੰ ਸਭਾ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ।

ਉਪਰੰਤ ਪ੍ਰਧਾਨ ਦਿਲ ਨਿੱਜਰ, ਸਕੱਤਰ ਜਸਵੰਤ ਸ਼ੀਮਾਰ, ਉਪ ਪ੍ਰਧਾਨ ਜੋਤੀ ਸਿੰਘ, ਖਜਾਨਚੀ ਜੀਵਨ ਰੱਤੂ ਅਤੇ ਸਾਹਿਤ ਸਕੱਤਰ ਇੰਦਰਜੀਤ ਗਰੇਵਾਲ ਥਰੀਕੇ ਅਤੇ ਡਾਇਰੈਕਟਰਜ਼ ਨੇ ਆਏ ਹੋਏ ਮੁੱਖ ਮਹਿਮਾਨਾਂ ਅਤੇ ਸਭਾ ਦੇ ਸਹਿਯੋਗ ਲਈ ਰੋਇਲ ਪੰਜਾਬੀ ਕਲੱਬ, ਗੀਤਕਾਰੀ ਮੰਚ, ਗਦਰ ਮੈਮੋਰੀਅਲ ਕਲੱਬ, ਯਮਲਾ ਜੱਟ ਮੈਮੋਰੀਅਲ ਸੰਸਥਾ (ਦੇਸ਼ ਦੁਆਬਾ) ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ।

ਆਪਣੇ ਸਮਾਪਤੀ ਭਾਸ਼ਣ ਵਿਚ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੇ ਕਾਨਫਰੰਸ ਵਿਚ ਪਹੁੰਚੇ ਸਾਰੇ ਹੀ ਸਰੋਤਿਆਂ ਅਤੇ ਹਾਜ਼ਰੀਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਅਤੇ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ।

## ਸਮਾਜਿਕ ਕਾਰਜਾਂ ਵਿਚ ਦਿੱਤੇ ਜਾ ਰਹੇ ਕਾਰਜਾਂ ਲਈ ਸਮਾਜ ਸੇਵੀ ਹਰਜੀਤ ਸਿੰਘ ਢੇਲ ਅਤੇ ਬਲਜੀਤ ਕੌਰ ਢੇਲ ਦਾ ਸਨਮਾਨ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅੱਜ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਸਮਾਜਿਕ ਕੰਮਾਂ ਅਤੇ ਧਾਰਮਿਕ ਕਾਰਜਾਂ ਦੇ ਵਿਚ ਵੱਡੀ ਵਿੱਤੀ ਸਹਿਯੋਗ ਦੇਣ ਵਾਲੇ ਢੇਲ ਪਰਿਵਾਰ ਦੇ ਹਰਜੀਤ ਸਿੰਘ ਅਤੇ ਸ੍ਰੀਮਤੀ ਬਲਜੀਤ ਕੌਰ ਢੇਲ ਹੋਰਾਂ ਨੂੰ ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਵੱਲੋਂ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਇਸ ਪਰਿਵਾਰ ਨੇ ਨਿਊਜ਼ੀਲੈਂਡ ਦੇ ਵਿਚ ਕਰਵਾਏ ਜਾਂਦੇ ਵੱਡੇ ਸਮਾਗਮਾਂ ਚਾਹੇ ਉਹ ਧਾਰਮਿਕ ਹੋਣ, ਸਮਾਜਿਕ ਹੋਣ, ਖੇਡ ਮੇਲੇ ਹੋਣ ਜਾਂ ਸਭਿਆਚਾਰਕ ਹੋਣ ਦੇ ਵਿਚ ਪੂਰਾ ਸਾਥ ਦਿੱਤਾ ਹੈ ਅਤੇ ਹਮੇਸ਼ਾਂ ਵੱਧ-ਵੱਧ ਸਹਿਯੋਗ ਦੇ ਕੇ ਕਮਿਊਨਿਟੀ ਨੂੰ ਅੱਗੇ ਲਿਜਾਉਣ ਲਈ ਹੱਲਾਸ਼ੇਰੀ ਦਿੱਤੀ ਹੈ। ਬੀਬੀ ਬਲਜੀਤ ਕੌਰ ਖਾਲਸਾ ਜੋ ਕਿ ਵੋਮੈਨ ਕੇਅਰ ਸੈਂਟਰ ਦੇ ਚੇਅਰਪਰਸਨ ਹਨ, ਮਹਿਲਾਵਾਂ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਦੇ ਰਹੇ ਹਨ। ਗੁਰਦੁਆਰਿਆਂ ਦੇ ਵਿਚ ਫ੍ਰੀ ਕਲਾਸਾਂ ਅਤੇ ਫ੍ਰੀ ਬੱਸ ਟੂਰ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ ਹੋਰ ਕਈ ਸਹੂਲਤਾਂ ਵਧ ਰਹੀਆਂ ਹਨ।



## ਵਿਦੇਸ਼ਾਂ 'ਚ ਪੰਜਾਬੀ ਕਿਤਾਬਾਂ ਦਾ ਕਰੇਜ਼

### ਨਿਊਜ਼ੀਲੈਂਡ 'ਚ ਪ੍ਰਵਾਸੀ ਪੱਤਰਕਾਰ ਹਰਜਿੰਦਰ ਸਿੰਘ ਬਸਿਆਲਾ ਦੀਆਂ ਲਿਖੀਆਂ ਦੋ ਪੁਸਤਕਾਂ ਰਿਲੀਜ਼




**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਵਿਦੇਸ਼ਾਂ ਦੇ ਵਿਚ ਪੰਜਾਬੀ ਮਾਂ ਬੋਲੀ, ਪੰਜਾਬੀ ਸਭਿਆਚਾਰ, ਪੰਜਾਬੀ ਸਾਹਿਤ ਅਤੇ ਆਪਣੇ ਅਮੀਰ ਵਿਰਸੇ ਦੀ ਬਰਾਬਰਤਾ ਨਿਰੰਤਰਤਾ ਬਣਾਈ ਰੱਖਣ ਲਈ ਉਦਮ ਉਪਰਾਲੇ ਹੁੰਦੇ ਰਹਿੰਦੇ ਹਨ। ਕਿਤਾਬਾਂ ਪੜ੍ਹਨ ਦਾ ਰੁਝਾਨ ਭਾਵੇਂ ਘਟਦਾ ਨਜ਼ਰ ਆਉਂਦਾ ਹੋਵੇ ਪਰ ਕਿਤਾਬਾਂ ਇਕ ਸੱਚੇ ਮਿੱਤਰ ਵਾਂਗ ਆਪਣਾ ਪ੍ਰਭਾਵ ਛੱਡਦੀਆਂ ਹਨ ਜਿਸ ਕਰਕੇ ਕਿਤਾਬਾਂ ਪ੍ਰਤੀ ਕਰੇਜ਼ ਕਦੇ ਮਰਦਾ ਨਹੀਂ। 'ਨਿਊਜ਼ੀਲੈਂਡ ਇੰਡੀਅਨ ਫਲੇਮ' ਸਵੀਟਸ ਐਂਡ ਰੈਸਟੋਰੈਂਟ ਮੈਨੁਰੇਵਾ ਵਿਖੇ ਅੱਜ ਹੋਏ ਪ੍ਰਭਾਵਸ਼ਾਲੀ ਸਮਾਗਮ ਦੇ ਵਿਚ ਪ੍ਰਵਾਸੀ ਪੱਤਰਕਾਰ ਹਰਜਿੰਦਰ ਸਿੰਘ ਬਸਿਆਲਾ ਦੀਆਂ ਲਿਖੀਆਂ ਦੋ ਪੰਜਾਬੀ ਪੁਸਤਕਾਂ 'ਅਜ਼ਬ-ਗਜ਼ਬ ਦੇ ਰੰਗ' ਅਤੇ 'ਹਾਲੀਵੁੱਡ ਦੀਆਂ ਪ੍ਰਸਿੱਧ ਅਭਿਨੇਤਰੀਆਂ' ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ, ਸਿੱਖ ਕਮਿਊਨਿਟੀ ਤੋਂ ਸ. ਦਲਜੀਤ ਸਿੰਘ, ਸ. ਬਲਬੀਰ ਸਿੰਘ ਪਾਬਲਾ ਡਰੂਰੀ ਫ੍ਰੈਸ਼, ਤੀਰਥ ਸਿੰਘ ਅਟਵਾਲ ਇੰਡੋ ਸਪਾਈਸ, ਪਟਿਆਲਾ ਤੋਂ ਕਿਤਾਬਾਂ ਲੈ ਕੇ ਪਹੁੰਚੇ ਸ੍ਰੀ ਸ਼ਿਵ ਗਰਗ, ਮਾਤਾ ਸਤਨਾਮ ਕੌਰ, ਅਵਤਾਰ ਬਸਿਆਲਾ, ਸੁਖਮਿੰਦਰ ਸਿੰਘ, ਸੋਹਣ ਸਿੰਘ, ਸ. ਸਰਵਣ ਸਿੰਘ, ਅਜੀਤ ਕੌਰ, ਪਾਬਲਾ ਸਾਹਿਬ, ਪਰਮਜੀਤ ਕੌਰ, ਜਸਵਿੰਦਰ ਕੌਰ, ਬੱਚੀ ਮਹਿਕਪ੍ਰੀਤ ਕੌਰ, ਕਾਕਾ ਤਰਨਪ੍ਰੀਤ ਸਿੰਘ ਪੰਜਾਬੀ ਮੀਡੀਆ ਤੋਂ ਅਮਰਜੀਤ ਸਿੰਘ-ਮੈਡਮ ਕੁਲਵੰਤ ਕੌਰ-ਸੁਖਵਿੰਦਰ ਸਿੰਘ ਸੁੱਖ (ਕੂਕ ਸਮਾਚਾਰ), ਬਿਕਰਮਜੀਤ ਸਿੰਘ ਮਟਰਾਂ (ਹਮ ਐਫ. ਐਮ.) ਪਰਮਿੰਦਰ ਸਿੰਘ ਪਾਪਾਟੋਏਟੋਏ-ਜੱਗੀ ਮਾਨ-ਗੁਰਸਿਮਰਨ ਸਿੰਘ ਮਿੰਟੂ (ਰੇਡੀਓ ਸਪਾਈਸ), ਨਰਿੰਦਰ ਸਿੰਗਲਾ (ਐਨ. ਜ਼ੈਡ. ਤਸਵੀਰ) ਅਮਰੀਕ ਸਿੰਘ (ਨੱਚਦਾ ਪੰਜਾਬ), ਮੁਖਤਿਆਰ ਸਿੰਘ ਮਨਪ੍ਰੀਤ ਸਿੰਘ (ਮੀਡੀਆ ਪੰਜਾਬ), ਜਸਪ੍ਰੀਤ ਸਿੰਘ-ਜੁਗਰਾਜ ਮਾਨ (ਪੰਜਾਬ ਐਕਸਪ੍ਰੈਸ), ਬਲਜਿੰਦਰ ਸੋਨੂ, ਤਰਨਦੀਪ ਸਿੰਘ ਦਿਉਲ ਸਮੇਤ ਬਹੁਤ ਸਾਰੇ ਦੋਸਤ ਮਿੱਤਰ ਹਾਜ਼ਿਰ ਸਨ। ਹਾਲੀਵੁੱਡ ਦੀਆਂ ਪ੍ਰਸਿੱਧ ਅਭਿਨੇਤਰੀਆਂ ਬਾਰੇ ਛਪੀ ਸ਼ਾਇਦ ਇਹ ਪਹਿਲੀ ਕਿਤਾਬ ਹੋਵੇਗੀ ਜਿਸ ਦੇ ਵਿਚ ਇੰਗਲਿਸ਼ ਫਿਲਮਾਂ ਦੀ ਨਾਇਕਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਦੂਜੀ ਕਿਤਾਬ 'ਅਜ਼ਬ ਗਜ਼ਬ ਦੇ ਰੰਗ' ਦੇ ਵਿਚ ਸਾਇੰਸ ਖੋਜ਼ਾਂ, ਬੱਚਿਆਂ ਦੇ ਲਈ ਪੰਛੀਆਂ ਅਤੇ ਜਾਨਵਰਾਂ ਦੀ ਜਾਣਕਾਰੀ ਅਤੇ ਹੋਰ ਆਮ ਵਿਸ਼ਿਆਂ ਉਤੇ ਲਿਖੇ ਲੇਖ ਸ਼ਾਮਿਲ ਕੀਤੇ ਗਏ ਹਨ।

## ਇੰਦਰਜੀਤ ਉਮਰਪੁਰੀ ਨੂੰ ਸਦਮਾ-ਵੱਡੇ ਭਰਾ ਦੀ ਮੌਤ



**ਜਲੰਧਰ–** ਸਿੱਖ ਅਮਰੀਕਨ ਕਲਚਰਲ ਐਸੋਸੀਏਸ਼ਨ ਆਫ਼ ਯੂ.ਐਸ. ਏ. ਦੇ ਸੇਵਾਦਾਰ ਸ: ਇੰਦਰਜੀਤ ਸਿਜ਼ਘ ਉਮਰਪੁਰੀ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਵੱਡੇ ਭਰਾਤਾ ਗੁਰਦੇਵ ਸਿੰਘ ਪੁੱਤਰ ਨਾਜਰ ਸਿੰਘ ਦੀ ਅਚਾਨਕ ਮੌਤ ਹੋ ਗਈ ਉਨ੍ਹਾਂ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਉਨ੍ਹਾਂ ਦੇ ਗ੍ਰਹਿ ਪਿੰਡ ਉਮਰਪੁਰੀ (ਨੇੜੇ ਨੂਰਮਹਿਲ) ਵਿਖੇ 19 ਮਈ ਨੂੰ ਦੁਪਹਿਰ 12 ਤੋਂ 2 ਵਜੇ ਤੱਕ ਹੋਵੇਗੀ। ਇਸ ਮੌਕੇ ਉਨ੍ਹਾਂ ਨਾਲ ਰਿਸ਼ਤੇਦਾਰ ਤੇ ਮਿੱਤਰ ਦੋਸਤ ਸਭ ਦੁੱਖ ਸਾਂਝਾ ਕਰ ਰਹੇ ਹਨ।

## ਨੱਚਦਾ ਪੰਜਾਬ ਵਾਲੇ ਅਮਰੀਕ ਸਿੰਘ-ਰੀਨਾ ਸਿੰਘ ਵੱਲੋਂ 'ਨਿਊਜ਼ੀਲੈਂਡ ਇੰਡੀਅਨ ਫਲੇਮ' ਸਵੀਟ ਸ਼ਾਪ ਦਾ ਰਸਮੀ ਉਦਘਾਟਨ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੀ ਵਧਦੀ ਆਬਾਦੀ ਜਿੱਥੇ ਗਰੋਸਰੀ ਸਟੋਰਾਂ ਦੇ ਮਾਲਕਾਂ ਉਤੇ ਖੁਸ਼ੀ ਦੀ ਚਮਕ ਲਿਆਂਦੀ ਹੈ ਉਥੇ ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਦੇ ਮਾਲਕ ਵੀ ਇਥੇ ਦੇ ਵੱਖ-ਵੱਖ ਸ਼ਹਿਰਾਂ ਦੇ ਵਿਚ ਸਵੀਟ ਸ਼ਾਪਾਂ ਖੋਲ੍ਹ ਕੇ ਉਨ੍ਹਾਂ ਨੂੰ ਹੋਰ ਮਿੱਠਾ ਕਰ ਰਹੇ ਹਨ। ਅੱਜ ਮੈਨੁਰੇਵਾ ਸ਼ਹਿਰ ਨੂੰ ਹੋਰ ਮਿੱਠਾ ਕਰਦਿਆਂ ਸ. ਅਮਰੀਕ ਸਿੰਘ-ਰੀਨਾ ਸਿੰਘ (ਨੱਚਦਾ ਪੰਜਾਬ ਰੇਡੀਓ) ਵਾਲਿਆਂ ਨੇ ਗ੍ਰੇਟ ਸਾਊਥ ਰੋਡ ਉਤੇ 'ਨਿਊਜ਼ੀਲੈਂਡ ਇੰਡੀਅਨ ਫਲੇਮ' ਸਵੀਟ ਸ਼ਾਪ ਦਾ ਰਸਮੀ ਉਦਘਾਟਨ ਕੀਤਾ।

ਰੀਬਨ ਕੱਟਣ ਦੀ ਰਸਮ ਸ. ਕੰਵਲਜੀਤ ਸਿੰਘ ਬਖਸ਼ੀ, ਸ. ਦਲਜੀਤ ਸਿੰਘ, ਸ. ਸਰਵਣ ਸਿੰਘ ਮਤਾ ਅਜੀਤ ਕੌਰ ਹੋਰਾਂ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ ਜਿੱਥੇ ਭਾਰਤੀ ਕਮਿਊਨਿਟੀ ਤੋਂ ਬਹੁਤ ਸਾਰੇ ਪਤਵੰਤੇ ਹਾਜ਼ਿਰ ਸਨ ਉਥੇ ਪੰਜਾਬੀ ਮੀਡੀਆ ਕਰਮੀ ਵੀ ਪਹੁੰਚੇ ਹੋਏ ਸਨ।

ਇਹ ਸਵੀਟ ਸ਼ਾਪ ਰੋਜ਼ਾਨਾ ਸਵੇਰੇ 10 ਵਜੇ ਤੋਂ ਰਾਤ 9 ਵਜੇ ਤੱਕ ਖੁੱਲ੍ਹੀ ਰੱਖੀ ਜਾਵੇਗੀ ਅਤੇ ਇਥੇ ਮਠਿਆਈ ਤੋਂ ਇਲਾਵਾ ਇੰਡੀਅਨ ਕਰ੍ਹੀਜ਼, ਰੋਟੀ, ਚਪਾਤੀ ਅਤੇ ਹੋਰ ਬਹੁਤ ਸਾਰੀਆਂ ਵੰਨਗੀਆਂ ਉਪਲਬਧ ਰਹਿਣਗੀਆਂ। 100 ਕੁ ਵਿਅਕਤੀਆਂ ਦੇ ਬੈਠਣ ਦਾ ਵਧੀਆ ਪ੍ਰਬੰਧ ਕੀਤਾ ਗਿਆ ਹੈ। ਇਕ ਵੱਖਰੀ ਤਰਾਂ ਦਾ ਫਰਨੀਚਰ ਲਗਾਇਆ ਗਿਆ ਹੈ ਜੋ ਕਿ ਵੇਖਣਯੋਗ ਹੈ।

# ਅਮਰੀਕਾ ਵਿਚ ਪੰਜਾਬੀਆਂ ਦੀਆਂ ਸਰਗਰਮੀਆਂ

ਅਮਰੀਕਾ ਵਿਚ ਪੰਜਾਬੀਆਂ ਨੂੰ ਆਇਆਂ ਕਾਫੀ ਅਰਸਾ ਹੋ ਗਿਆ ਹੈ ਅਤੇ ਇਸ ਮੁਲਕ ਵਿਚ ਹੁਣ ਪੰਜਾਬੀ ਮੂਲ ਦੇ ਲੋਕਾਂ ਦੀ ਗਿਣਤੀ ਵੀ ਕਾਫੀ ਹੋ ਗਈ ਹੈ। ਕਈ ਇਲਾਕਿਆਂ ਵਿਚ ਪੰਜਾਬੀ ਅਮਰੀਕੀ ਸਿਆਸਤ ਨੂੰ ਵੀ ਪ੍ਰਭਾਵਿਤ ਕਰਨ ਲੱਗੇ ਹਨ ਅਤੇ ਕਈ ਖਿੱਤਿਆਂ ਵਿਚ ਪੰਜਾਬੀ ਖੁਦ ਹੀ ਸੂਬਾਈ ਅਤੇ ਕਾਂਗਰਸ ਦੀਆਂ ਚੋਣਾਂ ਸਮੇਤ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਭਾਗ ਲੈਂਦੇ ਹਨ। ਰਾਜਨੀਤਿਕ ਖੇਤਰ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਨੇ ਪੰਜਾਬੀ /ਸਿੱਖ ਭਾਈਚਾਰੇ ਨੂੰ ਚੰਗੀ ਪਹਿਚਾਣ ਦਿਵਾਈ ਹੈ। ਇਸ ਦੇ ਨਾਲ ਹੀ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਪੰਜਾਬੀ ਭਾਈਚਾਰੇ ਨੇ ਗੁਰਦੁਆਰੇ ਅਤੇ ਮੰਦਰਾਂ ਦਾ ਨਿਰਮਾਣ ਵੀ ਕੀਤਾ ਹੈ। ਪੰਜਾਬ ਭਾਈਚਾਰੇ ਵੱਲੋਂ ਵੱਡੇ ਵੱਡੇ ਪ੍ਰੋਗਰਾਮ ਕਰਵਾਏ ਜਾਂਦੇ ਹਨ, ਜਿਹਨਾਂ ਵਿਚ ਅਮਰੀਕਾ ਦੇ ਸਟੇਟ ਗਵਰਨਰ ਤੋਂ ਲੈ ਕੇ ਕਾਂਗਰਸਮੈਨ, ਸਟੇਟ ਅਸੈਂਬਲੀ ਮੈਂਬਰ ਅਤੇ ਸਥਾਨਕ ਸਰਕਾਰਾਂ ਦੇ ਮੇਅਰ ਅਤੇ ਕਮਿਸ਼ਨਰ, ਕੌਂਸਲਰ ਵੀ ਪਹੁੰਚਦੇ ਹਨ। ਪੰਜਾਬੀਆਂ ਨੇ ਆਪਣੀ ਮਾਂ ਖੇਡ ਕਬੱਡੀ ਨੂੰ ਅਮਰੀਕਾ ਵਿਚ ਜਿਉਂਦਾ ਹੀ ਨਹੀਂ ਕੀਤਾ, ਬਲਕਿ ਇਸ ਨੂੰ ਇਕ ਦਿਸ਼ਾ ਵੀ ਦਿੱਤੀ ਹੈ। ਪੰਜਾਬ ਵਿਚ ਬੁਰੀ ਤਰ੍ਹਾਂ ਪਛਾੜੀ ਜਾ ਚੁੱਕੀ ਇਸ ਖੇਡ ਨੂੰ ਪ੍ਰਫੁੱਲਿਤ ਕਰਨ ਅਤੇ ਪਛਾਣ ਦਿਵਾਉਣ ਲਈ ਸਭ ਤੋਂ ਪਹਿਲੀ ਕੋਸ਼ਿਸ਼ ਅਮਰੀਕਾ ਅਤੇ ਕੈਨੇਡਾ ਦੇ ਪੰਜਾਬੀਆਂ ਨੇ ਕੀਤੀ ਹੈ। ਇਸ ਤੋਂ ਬਾਅਦ ਬਾਕੀ ਮੁਲਕਾਂ ਵਿਚ ਵੀ ਪੰਜਾਬੀ ਆਪਣੀ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਿਤ ਕਰਨ ਲਈ ਅੱਗੇ ਆਏ। ਇਸ ਨੂੰ ਦੇਖਦਿਆਂ ਪੰਜਾਬ ਸਰਕਾਰ ਵੀ ਜਾਗੀ ਹੈ ਅਤੇ ਅੱਜ ਕਬੱਡੀ ਉਲੰਪਿਕ ਵਿਚ ਸ਼ਾਮਲ ਹੋਣ ਦੀ ਤਿਆਰੀ ਵਿਚ ਹੈ ਅਤੇ ਕੌਮਾਂਤਰੀ ਪੱਧਰ ਤੇ ਇਸ ਖੇਡ ਨੂੰ ਪਛਾਣ ਮਿਲ ਰਹੀ ਹੈ। ਕਬੱਡੀ ਦੇ ਨਾਮੀ ਖਿਡਾਰੀਆਂ ਨੂੰ ਹੁਣ ਚੰਗੇ ਇਨਾਮ ਮਿਲ ਰਹੇ ਹਨ। 5-10 ਹਜ਼ਾਰ ਡਾਲਰ ਤੱਕ ਚੰਗੀ ਖੇਡ ਦਿਖਾਉਣ ਵਾਲੇ ਖਿਡਾਰੀਆਂ ਨੂੰ ਇਨਾਮ ਵਜੋਂ ਮਿਲ ਰਹੇ ਹਨ। ਵੱਡੇ-ਵੱਡੇ ਖੇਡ ਮੇਲੇ ਆਯੋਜਿਤ ਕੀਤੇ ਜਾ ਰਹੇ ਹਨ ਅਤੇ ਕਬੱਡੀ ਵੱਲ ਸਿਰਫ ਪੰਜਾਬੀ ਹੀ ਨਹੀਂ ਬਲਕਿ ਗੋਰੇ ਅਤੇ ਅਫਰੀਕਨ ਮੂਲ ਦੇ ਲੋਕ ਵੀ ਆਕਰਸ਼ਿਤ ਹੋ ਰਹੇ ਹਨ। ਕਈ ਮੁਲਕਾਂ ਵਿਚ ਤਾਂ ਗੋਰੇ ਅਤੇ ਕਾਲੇ ਪੰਜਾਬੀਆਂ ਤੋਂ ਵੀ ਵਧੀਆ ਕਬੱਡੀ ਖੇਡਦੇ ਹਨ ਅਤੇ ਇਸ ਖੇਡ ਨੂੰ ਬਹੁਤ ਪਸੰਦ ਕਰਦੇ ਹਨ।

ਪੰਜਾਬੀਆਂ ਨੇ ਸਿਰਫ ਖੇਡ ਅਤੇ ਰਾਜਨੀਤੀ ਵਿਚ ਹੀ ਨਹੀਂ ਬਲਕਿ ਸਾਹਿਤ ਅਤੇ ਸਮਾਜ ਸੇਵਾ ਵਿਚ ਵੀ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਅਮਰੀਕਾ ਵਿਚ ਕਈ ਸੰਸਥਾਵਾਂ ਹਨ, ਜਿਹੜੀਆਂ ਕੁਦਰਤੀ ਆਫਤ ਮਾਰੇ ਲੋਕਾਂ ਦੀ ਤੁਰੰਤ ਮਦਦ ਲਈ ਪਹੁੰਚਦੀਆਂ ਹਨ। ਸਿੱਖ ਧਰਮ ਦੀ ਲੰਗਰ ਅਤੇ ਸੇਵਾ ਦੀ ਪ੍ਰੰਪਰਾ ਤੋਂ ਹੁਣ ਕੌਮਾਂਤਰੀ ਭਾਈਚਾਰਾ ਚੰਗੀ ਤਰ੍ਹਾਂ ਜਾਣੂ ਹੈ। ਅਮਰੀਕਾ ਦੀਆਂ ਸਿੱਖ ਸੰਸਥਾਵਾਂ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਆਉਂਦੀਆਂ ਕੁਦਰਤੀ ਆਫਤਾਂ ਦੇ ਵਕਤ ਸਭ ਤੋਂ ਅੱਗੇ ਹੋ ਕੇ ਮਦਦ ਲਈ ਬਹੁੜਦਾ ਹੈ। ਇਸ ਨੇ ਸਿੱਖ ਪਛਾਣ ਨੂੰ ਹੀ ਅੱਗੇ ਨਹੀਂ ਵਧਾਇਆ ਬਲਕਿ ਲੰਗਰ ਦੀ ਪ੍ਰਥਾ ਨੂੰ ਵੀ ਪੂਰੀ ਦੁਨੀਆਂ ਵਿਚ ਸ਼ਲਾਘਾ ਦਿਵਾਈ ਹੈ।

ਪ੍ਰਵਾਸੀ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣ ਲਈ ਯਤਨ ਕਰਦਿਆਂ ਸਾਹਿਤਕ ਖੇਤਰ ਵਿਚ ਵੀ ਵੱਡਾ ਨਾਮਣਾ ਖੱਟਿਆ ਹੈ। ਅੱਜ ਅਮਰੀਕਾ ਵਿਚ ਪੰਜਾਬੀ ਨਾਟਕ, ਗਦਰੀ ਬਾਬਿਆਂ ਦੇ ਮੇਲੇ, ਵਿਸਾਖੀ, ਤੀਆਂ ਦੇ ਮੇਲੇ ਲੱਗਦੇ ਹਨ, ਸਾਹਿਤਕ ਪ੍ਰੋਗਰਾਮ ਹੁੰਦੇ ਹਨ, ਕਹਾਣੀ, ਕਵਿਤਾਵਾਂ ਦੇ ਮੁਕਾਬਲੇ ਹੁੰਦੇ ਹਨ। ਕਈ ਨਾਮੀ ਲੇਖਕ ਅੱਜ ਅਮਰੀਕਾ ਦੀ ਧਰਤੀ ਤੇ ਰਹਿ ਰਹੇ ਹਨ, ਜਿਹੜੇ ਪੰਜਾਬੀ ਸਾਹਿਤ ਨੂੰ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਸੁਰਿੰਦਰ ਧਨੋਆ ਤੇ ਦਵਿੰਦਰ ਦਮਨ ਵਰਗੇ ਪੰਜਾਬੀ ਅਮਰੀਕਾ ਦੀ ਧਰਤੀ ਤੇ ਨਾਟਕ ਖੇਡ ਕੇ ਪੰਜਾਬੀ ਸਮਾਜ ਦੇ ਦਰਦ ਨੂੰ ਉਜਾਗਰ ਕਰ ਰਹੇ ਹਨ। ਧੀਆਂ ਨਾਲ ਵਿਤਕਰੇ ਦੇ ਖਿਲਾਫ ਅਮਰੀਕਾ ਵਿਚ ਸਾਹਿਤਕਾਰਾਂ ਨੇ ਪ੍ਰਚੰਡ ਲਹਿਰ ਆਰੰਭ ਕੀਤੀ ਹੈ।

ਪੰਜਾਬੀਆਂ ਦੇ ਇਸ ਯੋਗਦਾਨ ਦੀ ਹੀ ਬਦੌਲਤ ਅੱਜ ਪੰਜਾਬੀ, ਪੰਜਾਬੀਅਤ ਅਮਰੀਕਾ ਦੀ ਧਰਤੀ ਉਤੇ ਪ੍ਰਫੁੱਲਿਤ ਹੋ ਰਹੀ ਹੈ। ਆਸ ਹੈ ਕਿ ਇਹ ਯਤਨ ਨਿਰੰਤਰ ਜਾਰੀ ਰਹਿਣਗੇ ਅਤੇ ਪੰਜਾਬੀ ਦਾ ਮੀਡੀਆ ਇਸ ਸਾਰੀ ਕੋਸ਼ਿਸ਼ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਿਹਾ ਹੈ। ਪੰਜਾਬੀ ਮੀਡੀਆ ਦੀ ਬਦੌਲਤ ਪੰਜਾਬੀ ਭਾਈਚਾਰਾ ਇੱਕਮੁੱਠਤਾ ਮਹਿਸੂਸ ਕਰਦਾ ਹੈ।ਇਹ ਨਿਰੰਤਰ ਜਾਰੀ ਰਹੇ, ਇਸ ਲਈ ਪੰਜਾਬੀ ਮੀਡੀਆ ਦਾ ਸਰਗਰਮ ਅਤੇ ਤਾਕਤਵਰ ਰਹਿਣਾ ਜ਼ਰੂਰੀ ਹੈ।

# ਗੁਰੂਆਂ ਦੀਆਂ ਪਵਿਤਰ ਦੁਰਲੱਭ ਨਿਸ਼ਾਨੀਆਂ ਦਾ ਰਾਜਨੀਤੀਕਰਨ ਮੰਦਭਾਗਾ



ਉਜਾਗਰ ਸਿੰਘ

ਪੰਜਾਬ ਸਰਕਾਰ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ ਤੇ ਦਸ਼ਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ, ਸ਼੍ਰੀ ਗੁਰੂ ਤੇਗ ਬਹਾਦਰ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੀਆਂ ਪਵਿਤਰ ਦੁਰਲੱਭ ਨਿਸ਼ਾਨੀਆਂ 6 ਮਈ ਤੋਂ 20 ਮਈ ਤੱਕ ਆਮ ਲੋਕਾਂ ਦੇ ਦਰਸ਼ਨਾ ਲਈ ਸਮੁਚੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਲਿਜਾਇਆ ਜਾ ਰਹੀਆਂ ਹਨ ਤਾਂ ਜੋ ਲੋਕ ਆਪੋ ਆਪਣੇ ਇਲਾਕਿਆਂ ਵਿਚ ਹੀ ਇਨ੍ਹਾਂ ਦੇ ਦਰਸ਼ਨ ਕਰਕੇ ਧਾਰਮਿਕ ਭਾਵਨਾਵਾਂ ਦੀ ਪੂਰਤੀ ਕਰ ਸਕਣ। ਇਹ ਯਾਤਰਾ ਪਟਿਆਲਾ ਤੋਂ ਸ਼ੁਰੂ ਹੋ ਕੇ ਆਨੰਦਪੁਰ ਸਾਹਿਬ 20 ਮਈ ਨੂੰ ਪਹੁੰਚੇਗੀ। ਇਨ੍ਹਾਂ ਨਿਸ਼ਾਨੀਆਂ ਨੂੰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੱਕੇ ਤੌਰ ਤੇ ਸੰਗਤਾਂ ਦੇ ਦਰਸ਼ਨਾ ਲਈ ਰੱਖਿਆ ਜਾਵੇਗਾ। ਨਾਭਾ ਸਟੇਟ ਦੇ ਆਖ਼ਰੀ ਮਹਾਰਾਜਾ ਰਿਪੁਦਮਨ ਸਿੰਘ ਦੇ ਪੈਲੇਸ ਹੀਰਾ ਮਹਿਲ ਨਾਭਾ ਦੀ ਪਹਿਲੀ ਮੰਜ਼ਲ ਤੇ ਬਣੇ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਇਹ 14 ਪਵਿਤਰ ਨਿਸ਼ਾਨੀਆਂ ਸ਼ਸ਼ੋਭਤ ਸਨ। ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਵੀ ਇਹ ਇਥੇ ਹੀ ਰਹੀਆਂ। ਕਿਹਾ ਜਾਂਦਾ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਭੰਗਾਣੀ ਦੇ ਯੁਧ ਤੋਂ ਬਾਅਦ 10 ਪਵਿਤਰ ਨਿਸ਼ਾਨੀਆਂ ਜਿਨ੍ਹਾਂ ਵਿਚ ਇੱਕ ਦਸਤਾਰ, ਕੰਘਾ, ਕੇਸ, ਚੋਲ੍ਹਾ ਸਾਹਿਬ, 20 ਇੰਚ ਲੰਬਾ ਲੋਹੇ ਦਾ ਇੱਕ ਤੀਰ, ਸਾਢੇ ਤਿੰਨ ਇੰਚ ਲੰਬੀ ਸਿਰੀ ਸਾਹਿਬ, ਲੱਕੜ ਦੇ ਦਸਤੇ ਵਾਲਾ 30 ਇੰਚ ਲੰਬਾ ਬਰਛਾ, ਪੰਜ ਤੀਰ, ਤਿੰਨ ਕਿਰਪਾਨਾਂ ਅਤੇ ਇੱਕ ਹੱਥ ਲਿਖਤ ਹੁਕਮ-ਨਾਮਾ ਵੀ ਸ਼ਾਮਲ ਸੀ, ਮੁਸਲਿਮ ਫ਼ਕੀਰ ਬੁਧੂ ਸ਼ਾਹ ਨੂੰ ਦਿੱਤੇ ਸਨ। ਇਨ੍ਹਾਂ ਵਿਚੋਂ ਇੱਕ ਕਿਰਪਾਨ ਰਾਏ ਕੱਲ੍ਹਾ ਵੱਲੋਂ ਗੁਰੂ ਸਾਹਿਬ ਨੂੰ ਭੇਂਟ ਕੀਤੀ ਗਈ ਸੀ। ਇਨ੍ਹਾਂ ਪਵਿਤਰ ਨਿਸ਼ਾਨੀਆਂ ਵਿਚ ਛੇਵੇਂ ਪਾਤਸ਼ਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਤ 46 ਇੰਚ ਲੰਬੀ ਕਿਰਪਾਨ ਅਤੇ 22 ਇੰਚ ਲੰਬਾ ਕੋਰੜਾ ਸ਼ਾਮਲ ਹਨ। ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਇੱਕ ਸਿਰੀ ਸਾਹਿਬ ਜਿਸ 'ਤੇ ' ਸਤ ਸ਼੍ਰੀ ਅਕਾਲ ਸ਼੍ਰੀ ਗੁਰੂ ਤੇਗ ਬਹਾਦਰ ' ਉਕਰਿਆ ਹੋਇਆ ਹੈ ਵੀ ਸ਼ਾਮਲ ਹਨ, ਜੋ ਕਿ ਬਾਅਦ ਵਿਚ ਮਹਾਰਾਜਾ ਨਾਭਾ ਕੋਲ ਪਹੁੰਚ ਗਏ, ਜਿਨ੍ਹਾਂ ਨੂੰ ਉਨ੍ਹਾਂ ਨੇ ਸੰਗਤਾਂ ਦੇ ਦਰਸ਼ਨਾ ਲਈ ਹੀਰਾ ਮਹਿਲ ਦੇ ਗੁਰਦੁਆਰਾ ਸਾਹਿਬ ਵਿਚ ਸ਼ਸ਼ੋਭਤ ਕਰ ਦਿੱਤਾ। ਇਹ 14 ਨਿਸ਼ਾਨੀਆਂ ਤਿੰਨ ਗੁਰੂ ਸਾਹਿਬਾਨ ਦੀਆਂ ਹਨ। ਇਨ੍ਹਾਂ ਪਵਿਤਰ ਨਿਸ਼ਾਨੀਆਂ ਨੂੰ ਲਿਜਾਣ ਲਈ ਇੱਕ ਵਿਸ਼ੇਸ਼ ਬੱਸ ਤਿਆਰ ਕੀਤੀ ਗਈ ਹੈ।

ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ, ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸਿਖ ਸੰਗਤ ਅਤੇ ਅਕਾਲੀ ਦਲ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਹਾਜ਼ਰੀ ਵਿਚ ਪੰਜ ਸਿੰਘ ਸਾਹਿਬਾਨਾ ਨੇ ਯਾਤਰਾ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ ਰਵਾਨਾ ਕੀਤਾ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਖਾਂ ਦੇ ਧਾਰਮਿਕ ਸਥਾਨਾ ਅਤੇ ਧਾਰਮਿਕ ਭਾਵਨਾਵਾਂ ਦੀ ਰਖਵਾਲੀ ਕਰਨ ਦੀ ਜ਼ਿੰਮੇਵਾਰੀ ਨਿਭਾ ਰਹੀ ਹੈ। ਪ੍ਰੰਤੂ ਦੁਖ ਦੀ ਗੱਲ ਹੈ ਕਿ ਦੇਸ ਦੇ ਅਜ਼ਾਦ ਹੋਣ ਤੋਂ ਬਾਅਦ ਵੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਿਹੀਆਂ ਨਿਸ਼ਾਨੀਆਂ ਜਿਹੜੀਆਂ ਹੋਰ ਵੀ ਬਹੁਤ ਥਾਵਾਂ 'ਤੇ ਲੋਕਾਂ ਦੀ ਨਿੱਜੀ ਜਾਇਦਾਦ ਬਣੀਆਂ ਹੋਈਆਂ ਹਨ, ਨੂੰ ਆਪਣੇ ਕੋਲ ਅਜਾਇਬ ਘਰਾਂ ਵਿਚ ਰੱਖਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਅਜੇ ਤੱਕ ਕੋਈ ਯੋਜਨਾ ਬਣਾਈ ਹੈ। ਦੁਖ ਦੀ ਗੱਲ ਤਾਂ ਇਹ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਆਸਤਦਾਨਾ ਦੇ ਗਲਬੇ ਅਧੀਨ ਆ ਗਈ ਹੈ ਜੋ ਕਿ ਉਨ੍ਹਾਂ ਨੂੰ ਆਪਣਾ ਕੰਮ ਕਰਨ ਨਹੀਂ ਦਿੰਦੇ ਸਗੋਂ ਧਰਮ ਨੂੰ ਸਿਆਸਤ ਦੀ ਆੜ ਬਣਾਕੇ ਵਰਤਦੇ ਹਨ। ਇੰਜ ਕਰਨ ਨਾਲ ਵਕਤੀ ਤੌਰ ਤੇ ਤਾਂ ਉਹ ਲਾਭ ਉਠਾ ਲੈਣਗੇ ਪ੍ਰੰਤੂ ਸਿਖ ਕੌਮ ਦਾ ਘੋਰ ਨੁਕਸਾਨ ਕਰ ਦੇਣਗੇ। ਮੁਢਲੇ ਤੌਰ ਵੇਖਿਆਂ ਇਹ ਸ਼ਪੱਸ਼ਟ ਹੁੰਦਾ ਹੈ ਕਿ ਕਾਹਲੀ ਵਿਚ ਇਨ੍ਹਾਂ ਪਵਿਤਰ ਦੁਰਲਭ ਨਿਸ਼ਾਨੀਆਂ ਦਾ ਪੰਜਾਬ ਵਿਚ ਗਰਮੀ ਦੇ ਮੌਸਮ ਵਿਚ ਜਦੋਂ ਕਿ ਕਿਸਾਨ ਤੇ ਮਜ਼ਦੂਰ ਕਣਕ ਦੀ ਫ਼ਸਲ ਨੂੰ ਸਾਂਭਣ ਵਿਚ ਜੁਟੇ ਹੋਏ ਹਨ, ਪ੍ਰੋਗਰਾਮ ਸਿਆਸੀ ਲਾਭ ਨੂੰ ਮੁਖ ਰੱਖਕੇ ਬਣਾਇਆ ਗਿਆ ਹੈ। ਇਸ ਕਾਹਲੀ ਦਾ ਮੁਖ ਕਾਰਨ ਪੰਜਾਬ ਸਰਕਾਰ ਜਿਹੜੀ ਮੋਗਾ ਬੱਸ ਕਾਂਡ ਕਰਕੇ ਬੁਰੀ ਤਰ੍ਹਾਂ ਪੰਜਾਬ ਦੇ ਲੋਕਾਂ ਅਤੇ ਵਿਰੋਧੀ ਪਾਰਟੀਆਂ ਦੇ ਵਿਰੋਧ ਦਾ ਸਾਹਮਣਾ ਕਰ ਰਹੀ ਸੀ, ਲੋਕਾਂ ਦਾ ਧਿਆਨ ਮੋਗਾ ਬੱਸ ਕਾਂਡ ਤੋਂ ਹਟਾਉਣ ਲਈ ਇਹ ਸਾਰਾ ਪਰਪੰਚ ਰਚਿਆ ਗਿਆ ਹੈ। ਪਹਿਲਾਂ ਵੀ ਇਹ ਪਵਿਤਰ ਨਿਸ਼ਾਨੀਆਂ ਦੇਸ਼ ਦੇ ਅਜ਼ਾਦ ਹੋਣ ਤੋਂ 68 ਸਾਲਾਂ ਤੋਂ ਏਸੇ ਤਰ੍ਹਾਂ ਪਈਆਂ ਸਨ। ਸਰਕਾਰ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਨਿਸ਼ਾਨੀਆਂ ਨੂੰ ਲੈਣ ਤੋਂ ਹੀ ਮੁਨਕਰ ਹੋ ਰਹੀ ਸੀ। ਤਰਲੋਚਨ ਸਿੰਘ ਦੇ ਦੱਸਣ ਅਨੁਸਾਰ ਜਦੋਂ ਉਹ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸਨ ਤਾਂ ਉਨ੍ਹਾਂ ਇਹ ਨਿਸ਼ਾਨੀਆਂ ਟਿੱਕਾ ਹਨੂੰਮੰਤ ਸਿੰਘ ਤੋਂ ਲੈਣ ਲਈ ਪਹਿਲਾਂ ਪੰਜਾਬ ਸਰਕਾਰ ਦੇ ਮੁਖ ਸਕੱਤਰ ਜੈ ਸਿੰਘ ਗਿੱਲ ਨੂੰ ਪੱਤਰ ਲਿਖਿਆ। ਮੁਖ ਸਕੱਤਰ ਨੇ ਧਾਰਮਿਕ ਮਸਲਾ ਕਹਿ ਕੇ ਟਾਲ ਦਿੱਤਾ। ਉਸ ਤੋਂ ਬਾਅਦ ਉਨ੍ਹਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ। ਸ਼ਰੋਮਣੀ ਪ੍ਰਬੰਧਕ ਕਮੇਟੀ ਨੇ ਵੀ ਇਹ ਪਵਿਤਰ ਨਿਸ਼ਾਨੀਆਂ ਲੈਣ ਤੋਂ ਚੁੱਪ ਵੱਟ ਲਈ। ਦੋ ਸਾਲ ਪਹਿਲਾਂ ਜਦੋਂ ਹਾਈ ਕੋਰਟ ਨੇ ਹੁਕਮ ਕਰ ਦਿੱਤਾ ਤਾਂ ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਲੈ ਕੇ ਇੱਕ ਕਮਰੇ ਵਿਚ ਬੰਦ ਕਰਕੇ ਰੱਖ ਦਿੱਤਾ। ਹੁਣ ਅਚਾਨਕ ਜਦੋਂ ਸਰਕਾਰ ਕਈ ਝਮੇਲਿਆਂ ਵਿਚ ਫਸ ਗਈ ਤਾਂ ਲੋਕਾਂ ਦਾ

(ਬਾਕੀ ਸਫਾ 21 ਤੇ)

# ਗਿਆਨ - ਵਿਗਿਆਨ



ਮੇਘ ਰਾਜ ਮਿੱਤਰ
+91-98887-87440

## ਰੇਡੀਉ ਕਿਵੇਂ ਕੰਮ ਕਰਦਾ ਹੈ?

ਅੱਜ ਭਾਵੇਂ ਟੈਲੀਵੀਜ਼ਨ ਨੇ ਰੇਡੀਉ ਦੀ ਜਰੂਰਤ ਨੂੰ ਘੱਟ ਤੋਂ ਲਗਭਗ 20 ਸਾਲ ਪਹਿਲਾਂ ਸਾਡੇ ਦੇਸ਼ਾਂ ਵਿੱਚ ਰੇਡੀਉ ਦਾ ਕੰਮ ਬਹੁਤ ਹੀ ਮਹੱਤਵਪੂਰਨ ਸੀ। ਦੇਸ਼ ਵਿਦੇਸ਼ ਦੀਆਂ ਖਬਰਾਂ ਨੂੰ ਘਰ ਘਰ ਪਹੁੰਚਾਉਣਾ, ਗੀਤ ਅਤੇ ਸੰਗੀਤ ਦੇ ਖੁੱਲ੍ਹੇ ਭੰਡਾਰ ਵਰਤਾਉਣਾ ਆਦਿ ਇਸ ਦਾ ਮੁੱਖ ਕੰਮ ਸਨ।

ਰੇਡੀਉ ਦੀ ਖੋਜ ਵਿੱਚ ਬਹੁਤ ਸਾਰੇ ਵਿਗਿਆਨਕਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਪਰ ਇਸ ਕਾਢ ਵਿੱਚ ਸਭ ਤੋਂ ਵੱਧ ਯੋਗਦਾਨ ਮਾਈਕਲ ਫਰਾਡੇ ਦਾ ਰਿਹਾ ਹੈ। ਜਿਸ ਨੇ ਤਾਰ ਵਿੱਚੋਂ ਬਿਜਲੀ ਲੰਘਾ ਕੇ ਉਸ ਵਿੱਚ ਚੁੰਬਕੀ ਸ਼ਕਤੀ ਦੀ ਪੈਦਾਇਸ਼ ਸਿੱਧ ਕਰ ਦਿੱਤੀ ਸੀ। ਇਸ ਤੋਂ ਬਾਅਦ ਮਾਰਕੋਨੀ ਨੇ ਇਸ ਖੋਜ ਦੋ ਵਰਤੋਂ ਕਰਦੇ ਹੋਏ ਪਹਿਲਾਂ ਵਾਇਰਲੈਸ ਸੈੱਟ ਤਿਆਰ ਕਰ ਦਿੱਤਾ ਸੀ।

ਰੇਡੀਉ ਦੇ ਦੋ ਭਾਗ ਹੁੰਦੇ ਹਨ। ਪਹਿਲੇ ਭਾਗ ਨੂੰ ਟਰਾਂਸਮੀਟਰ ਕਿਹਾ ਜਾਂਦਾ ਹੈ। ਇੱਥੇ 50 ਸੈਂਟੀਮੀਟਰ ਤੋਂ ਲੈ ਕੇ 3000 ਸੈਂਟੀਮੀਟਰ ਤੱਕ ਤਰੰਗ ਲੰਬਾਈ ਦੀਆਂ ਬਿਜਲੀ ਚੁੰਬਕੀ ਤਰੰਗਾਂ ਪੈਦਾ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ ਉੱਚ ਤਰੰਗ ਲੰਬਾਈ ਵਾਲੀਆਂ ਲਹਿਰਾਂ ਨਾਲ ਮਿਲਾ ਕੇ ਟਰਾਂਸਮੀਟਰ ਦੇ ਐਂਟੀਨੇ ਰਾਹੀਂ ਹਵਾ ਵਿੱਚ ਛੱਡ ਦਿੱਤਾ ਜਾਂਦਾ ਹੈ। ਜਦੋਂ ਇਹ ਤਰੰਗਾਂ ਸਾਡੇ ਰੇਡੀਉ ਦੇ ਐਂਟੀਨੇ ਤੱਕ ਪਹੁੰਚਦੀਆਂ ਹਨ ਤਾਂ ਇਹ ਇਹਨਾਂ ਵਿੱਚੋਂ ਹਲਕਾ ਬਿਜਲੀ ਕਰੰਟ ਪੈਦਾ ਕਰਦੀਆਂ ਹਨ ਤਾਂ ਇਹ ਇਹਨਾਂ ਨੂੰ ਅਵਾਜ਼ ਤਰੰਗਾਂ ਵਿੱਚ ਬਦਲ ਦਿੰਦਾ ਹੈ। ਇਸ ਤਰ੍ਹਾਂ ਸਾਨੂੰ ਰੇਡੀਉ ਤੋਂ ਸਿਰਫ ਆਵਾਜ਼ ਸੁਣਾਈ ਤਰੰਗਾਂ ਵਿੱਚ ਬਦਲ ਦਿੰਦਾ ਹੈ। ਇਸ ਤਰ੍ਹਾਂ ਸਾਨੂੰ ਰੇਡੀਉ ਤੋਂ ਸਿਰਫ ਆਵਾਜ਼ ਸੁਣਾਈ ਦਿੰਦੀ ਹੈ। ਇੱਥੇ ਇਹ ਵੀ ਸਪਸ਼ਟ ਹੋ ਜਾਣਾ ਵਾਲੇ ਵਾਇਰਲੈਸ ਸੈੱਟ ਕੁਝ ਨਹੀਂ ਹੁੰਦੇ ਸਗੋਂ ਘੱਟ ਦੂਰੀ ਤੱਕ ਕੰਮ ਕਰਨ ਵਾਲੇ ਰੇਡੀਉ ਹੀ ਹੁੰਦੇ। ਹਨ ਜਿਹਨਾਂ ਵਿੱਚ ਟਰਾਂਸਮੀਟਰ ਅਤੇ ਰਿਸੀਵਰ ਇੱਕੋ ਯੰਤਰ ਵਿੱਚ ਲੱਗੇ ਹੁੰਦੇ ਹਨ। ਇਸ ਲਈ ਇਹ ਦੋਵੇਂ ਕੰਮ ਕਰਨ ਵਾਲੇ ਰੇਡੀਉ ਯੰਤਰ ਹੀ ਹੁੰਦੇ ਹਨ। ਇਸ ਤਰ੍ਹਾਂ ਇਹ ਸੁਨੇਹਾ ਭੇਜ ਅਤੇ ਪ੍ਰਾਪਤ ਕਰ ਸਕਦੇ ਹਨ।

## ਟੈਲੀਵਿਜ਼ਨ ਕਿਵੇਂ ਕੰਮ ਕਰਦਾ ਹੈ?

ਰੇਡੀਉ ਦੇ ਸਿਧਾਂਤ ਨੂੰ ਹੋਰ ਵਿਕਸਿਤ ਕਰਕੇ ਵਿਗਿਆਨੀਆਂ ਨੇ ਟੈਲੀਵਿਜ਼ਨ ਦੀ ਕਾਢ ਕੱਢੀ ਹੈ। ਅੱਜ ਅਸੀਂ ਸਮਝਦੇ ਹਾਂ ਕਿ ਟੈਲੀਵੀਜ਼ਨ ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਮੁੱਖ ਘਟਨਾਵਾਂ ਨੂੰ ਸੈਕਿੰਡਾਂ ਵਿੱਚ ਹੀ ਦੁਨੀਆਂ ਦੇ ਕੋਨੇ ਕੋਨੇ ਵਿੱਚ ਪਹੁੰਚਾਉਣ ਦਾ ਕੰਮ ਕਰਦਾ ਹੈ। ਸਾਡੇ ਘਰਾਂ ਵਿੱਚ ਮਨੋਰੰਜਨ ਦਾ ਮੁੱਖ ਸਾਧਨ ਵੀ ਟੈਲੀਵਿਜ਼ਨ ਹੀ ਹੈ ਆਉ ਦੇਖੀਏ ਇਹ ਕਿਵੇਂ ਕੰਮ ਕਰਦਾ ਹੈ।

ਰੇਡੀਉ ਵਿੱਚ ਤਾਂ ਸਿਰਫ ਆਵਾਜ਼ ਦੀਆਂ ਤਰੰਗਾਂ ਨੂੰ ਬਿਜਲੀ ਚੁੰਬਕੀ ਤਰੰਗਾਂ ਵਿੱਚ ਬਦਲਿਆ ਜਾਂਦਾ ਸੀ ਪਰ ਟੈਲੀਵਿਜ਼ਨ ਵਿੱਚ ਤਾਂ ਟੈਲੀਵਿਜ਼ਨ ਕੇਂਦਰ ਤੇ ਆਵਾਜ਼ ਅਤੇ ਤਸਵੀਰ ਦੋਵਾਂ ਨੂੰ ਹੀ ਬਿਜਲੀ ਚੁੰਬਕੀ ਤਰੰਗਾਂ ਵਿੱਚ ਬਦਲ ਕੇ ਇੱਕੋ ਸਮੇਂ ਹਵਾ ਵਿੱਚ ਛੱਡ ਦਿੱਤਾ ਜਾਂਦਾ ਹੈ। ਸਾਡੇ ਘਰਾਂ ਦੇ ਐਂਟੀਨੇ ਇਹਨਾਂ ਬਿਜਲੀ ਚੁੰਬਕੀ ਤਰੰਗਾਂ ਨੂੰ ਫੜ ਕੇ ਮੁੜ ਬਿਜਲੀ ਧਾਰਾ ਵਿੱਚ ਬਦਲ ਦਿੰਦੇ ਹਨ ਅਤੇ ਸਪਸ਼ਟ ਆਵਾਜ਼ ਅਤੇ ਤਸਵੀਰ ਸਾਡੇ ਸਾਹਮਣੇ ਆ ਜਾਂਦੀ ਹੈ। ਜਿਵੇਂ ਅਸੀਂ ਉੱਪਰ ਪੜ੍ਹਿਆ ਹੈ ਕਿ ਪੁਲਿਸ ਕਰਮਚਾਰੀ ਅਜਿਹੇ ਰੇਡੀਉ ਸੈੱਟ ਵਰਤੋਂ ਵਿੱਚ ਲਿਆਉਂਦੇ ਹਨ ਜਿਹਨਾਂ ਵਿੱਚ ਸੁਨੇਹੇ ਭੇਜਣ ਅਤੇ ਪ੍ਰਾਪਤ ਕਰਨ ਦੇ ਪ੍ਰਬੰਧ ਇੱਕੋ ਯੰਤਰ ਵਿੱਚ ਹੁੰਦੇ ਹਨ ਸੋ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਅਜਿਹੇ ਯੰਤਰਾਂ ਨੂੰ ਸਾਰੇ ਦੇਸ਼ ਵਿੱਚ ਦੇਖਾਂਗੇ।

## ਰੰਗੀਨ ਟੈਲੀਵਿਜ਼ਨ ਕਿਵੇਂ ਕੰਮ ਕਰਦਾ ਹੈ?

ਰੰਗੀਨ ਟੈਲੀਵੀਜ਼ਨ ਦੀ ਕਾਰਜ ਪ੍ਰਣਾਲੀ ਸਮਝਣ ਲਈ ਸਾਨੂੰ ਰੰਗਾਂ ਬਾਰੇ ਕੁਝ ਜਾਣਕਾਰੀ ਜ਼ਰੂਰ ਹਾਸਿਲ ਕਰ ਲੈਣੀ ਚਾਹੀਦੀ ਹੈ। ਸੂਰਜ ਦਾ ਪ੍ਰਕਾਸ਼ ਭਾਵੇਂ ਸੱਤ ਰੰਗਾਂ ਦਾ ਬਣਿਆ ਹੁੰਦਾ ਹੈ। ਪਰ ਇਸ ਵਿੱਚ ਮੁੱਖਲੇ ਰੰਗ ਤਿੰਨ ਹੀ ਹੁੰਦੇ ਹਨ। ਇਹ ਮੁੱਢਲੇ ਰੰਗ ਹਨ ਹਰ, ਨੀਲਾ ਅਤੇ ਲਾਲ। ਬਾਕੀ ਸਾਰੇ ਰੰਗ ਇਹਨਾਂ ਦੀ ਮਦਦ ਨਾਲ ਬਣਾਏ ਜਾ ਸਕਦੇ ਹਨ। ਰੰਗੀਨ ਟੈਲੀਵਿਜ਼ਨ ਦੇ ਵੀਡੀਊ ਕੈਮਰੇ ਵਿੱਚ ਤਿੰਨ ਦਰਪਣ ਲੱਗੇ ਹੁੰਦੇ ਹਨ। ਇਹਨਾਂ ਦਰਪਣਾਂ ਦਾ ਮੁੱਖ ਕੰਮ ਲਾਲ, ਹਰੇ ਅਤੇ ਲੀਲੇ ਰੰਗ ਨੂੰ ਅਲੱਗ ਅਲੱਗ ਕਰਨਾ ਹੁੰਦਾ ਹੈ। ਇਹਨਾਂ ਰੰਗਾਂ ਨੂੰ ਅੱਲਗ ਅਲੱਗ ਨਿਖੇੜਨ ਵਾਲੇ ਦਰਪਣਾਂ ਨੂੰ ਫਿਲਟਰ ਕਹਿੰਦੇ ਹਨ।

ਇਹਨਾਂ ਫਿਲਟਰਾਂ ਤੋਂ ਪ੍ਰਾਪਤ ਹੋਏ ਅੱਲਗ ਅਲੱਗ ਰੰਗਾਂ ਨੂੰ ਅੱਡ ਅੱਡ ਟਿਊਬਾਂ ਤੇ ਪਾਇਆ ਜਾਂਦਾ ਹੈ। ਇਸ ਤਰ੍ਹਾਂ ਇਹਨਾਂ ਤਿੰਨ ਸਿਗਨਲਾਂ ਨੂੰ ਐਂਟੀਨੇ ਰਾਹੀਂ ਹਵਾ ਵਿੱਚ ਛੱਡ ਦਿੱਤਾ ਜਾਂਦਾ ਹੈ। ਸਾਡੇ ਟੈਲੀਵਿਜ਼ਨ ਦੇ ਪਰਦੇ ਤੇ ਲਗਭਗ ਸਾਢੇ ਬਾਰਾਂ ਲੱਖ ਪ੍ਰਕਾਸ਼ ਸੰਵੇਦੀ ਬਿੰਦੂ ਹੁੰਦੇ ਹਨ। ਇਹ ਬਿੰਦੂ ਤਿੰਨ ਤਰ੍ਹਾਂ ਦੇ ਰੰਗ ਪੈਦਾ ਕਰਦੇ ਹਨ। ਹੁਣ ਇਲੈਕਟ੍ਰਾਨ ਇਹਨਾਂ ਤਿੰਨਾਂ ਕਿਸਮਾਂ ਦੇ ਬਿੰ-ਦੂਆਂ ਉੱਤੇ ਪੈਂਦੇ ਹਨ ਅਤੇ ਇਸ ਤਰ੍ਹਾਂ ਅੱਡ ਅੱਡ ਤਿੰਨਾਂ ਰੰਗਾਂ ਦਾ ਪ੍ਰਕਾਸ਼ ਪੈਦਾ ਹੁੰਦਾ ਹੈ। ਜਿਹਨਾਂ ਦੀ ਵਾਧ ਘਾਟ ਨਾਲ ਬਾਕੀ ਸਾਰੇ ਰੰਗ ਪੈਦਾ ਹੋ ਜਾਂਦੇ ਹਨ।

## ਰਾਡਾਰ ਕਿਵੇ ਕੰਮ ਕਰਦਾ ਹੈ?

ਸਦੀਆਂ ਤੋਂ ਜਿਗਿਆਸੂ ਆਦਮੀ ਜਾਨਵਰਾਂ ਤੋਂ ਬਹੁਤ ਕੁਝ ਸਿਖਦੇ ਆ ਰਹੇ ਹਨ। ਇਹਨਾਂ ਨੂੰ ਅਸਮਾਨ ਵਿੱਚ ਉਡਾਰੀ ਮਾਰਦਿਆਂ ਦੇਖ ਕੇ ਮਨੁੱਖ ਨੇ ਹਾਵਾਈ ਜਹਾਜ਼ ਬਣਾਇਆ। ਸੱਪ ਨੂੰ ਡੰਗ ਮਾਰਦੇ ਨੂੰ ਵੇਖ ਕੇ ਮਨੁੱਖ ਨੇ ਇੰਜੈਕਸ਼ਨ ਦੀ ਖੋਜ ਕੀਤੀ ਹੈ। ਚਮਗਿੱਦੜਾਂ ਨੂੰ ਵੇਖ ਕੇ ਮਨੁੱਖ ਨੇ ਰਾੜਾਰ ਦੀ ਕਾਢ ਹੈ।

ਰਾਡਾਰ ਅਜਿਹਾ ਯੰਤਰ ਹੈ ਜਿਹੜਾ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਤੇ ਉਡਾਨ ਭਰ ਰਹੇ ਦੁਸ਼ਮਨ ਦੇ ਜਹਾਜਾਂ ਨੂੰ ਦੇਖ ਕੇ ਉਹਨਾਂ ਦੀ ਦਿਸ਼ਾ, ਸਪੀਡ, ਉਚਾਈ ਦਾ ਪਤਾ ਲਾ ਸਕਦਾ ਹੈ। ਇਹ ਆਪਣੇ ਅਰਾਂਸਮੀਟਰ ਰਾਹੀਂ ਅਜਿਹੀਆਂ ਬਿਜਲੀ ਚੁੰਬਕੀ ਤਰੰਗਾਂ ਭੇਜਦਾ ਹੈ ਜਿਹੜੀਆਂ ਦੁਸ਼ਮਣ ਦੇ ਜਹਾਜਾਂ ਨਾਲ ਟਕਰਾ ਕੇ ਮੁੜ ਕੇ ਆ ਜਾਂਦੀਆਂ ਹਨ।

ਇਸ ਤਰ੍ਹਾਂ ਦੁਸ਼ਮਣ ਦੇ ਜਹ੍ਹਾਜ਼ਾਂ ਦੀਆਂ ਸਾਰੀਆਂ ਹਰਕਤਾਂ ਦੀ ਜਾਣਕਾਰੀ ਹੋ ਜਾਂਦੀ ਹੈ। ਰਾਡਾਰ ਦੁਆਰਾ ਛੱਡੀਆਂ ਜਾਣ ਵਾਲੀਆਂ ਤਰੰਗਾਂ ਦੀ ਆਵ੍ਰਿਤੀ ਬਹੁਤ ਜ਼ਿਆਦਾ ਹੁੰਦੀ ਹੈ। ਇਹ ਪ੍ਰਕਾਸ਼ ਦੇ ਵੇਗ ਨਾਲ ਗਤੀ ਕਰਦੀਆਂ ਹਨ। ਅੱਜ ਰਾਡਾਰ ਦਾ ਪ੍ਰਯੋਗ ਮੌਸਮ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਕੀਤਾ ਜਾਂਦਾ ਹੈ। ਕੁਝ ਦੇਸ਼ਾਂ ਨੇ ਅਜਿਹੇ ਜਹ੍ਹਾਜ਼ ਵੀ ਬਣਾ ਲਏ ਹਨ ਜਿਹੜੇ ਰਾਡਾਰ ਦੀ ਨਜ਼ਰ ਵਿੱਚ ਨਹੀਂ ਆਉਂਦ। ਕਈ ਵਾਰੀ ਤਾਂ ਜਹਾਜਾਂ ਤੇ ਅਜਿਹੇ ਪੇਂਟ ਕੀਤੇ ਜਾਂਦੇ ਹਨ ਜਿਹੜੇ ਰੇਡੀਉ ਤਰੰਗਾਂ ਨੂੰ ਸੋਖ ਲੈਂਦੇ ਹਨ ਅਤੇ ਕਈ ਜਹ੍ਹਾਜ਼ਾਂ ਤੇ ਅਜਿਹੇ ਪੇਂਟ ਕੀਤੇ ਜਾਂਦੇ ਹਨ ਜਿਹੜੇ ਰੇਡੀਉ ਤਰੰਗਾਂ ਨੂੰ ਸੋਖ ਲੈਂਦੇ ਹਨ ਅਤੇ ਕਈ ਜਹਾਜ਼ਾਂ ਦੀ ਉਡਾਨ ਨੀਵੀਂ ਹੁੰਦੀ ਹੈ ਜੋ ਅਜਿਹੇ ਜਹਾਜ਼ ਰਾਡਾਰ ਦੇ ਪਰਦੇ ਤੇ ਨਹੀਂ ਆਉਂਦੇ ਹਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬੰਗੜ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਸ਼ਰਧਾ ਨਾਲ ਕਰਵਾਇਆ, ਗਾਇਕਾ ਬਲਜਿੰਦਰ ਰਿੰਪੀ ਨੇ ਸਰੋਤੇ ਕੀਲੇ

**ਫਗਵਾੜਾ (ਰੱਤੂ)–** ਪਿੰਡ ਸਾਹਨੀ ਵਿਖੇ ਬੰਗੜ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਪ੍ਰਬੰਧਕ ਕਮੇਟੀ ਅਤੇ ਬੰਗੜ ਪਰਿਵਾਰਾਂ ਵਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਵੇਰੇ 11.30 ਵਜੇ ਝੰਡੇ ਦੀ ਰਸਮ ਅਤੇ ਪਿਤਰਾਂ ਦੀ ਪੂਜਾ ਉਪਰੰਤ ਪੰਜਾਬ ਦੀ ਪ੍ਰਸਿੱਧ ਗਾਇਕਾ ਬਲਜਿੰਦਰ ਰਿੰਪੀ ਐਂਡ ਮਿਊਜ਼ਿਕਲ ਗਰੁਪ ਵਲੋਂ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬਾਬਾ ਸੋਖੀ ਸੁੰਨੜਾ ਵਾਲਾ ਨੇ ਬਾਖੂਬੀ ਨਿਭਾਈ। ਇਸ ਮੌਕੇ ਪ੍ਰਬੰਧਕਾਂ ਸਤਨਾਰਾਇਣ ਬੰਗੜ ਚੇਅਰਮੈਨ, ਮਨੋਹਰ ਲਾਲ ਬੰਗੜ ਪ੍ਰਧਾਨ, ਬਲਵਿੰਦਰ ਕੁਮਾਰ ਬੰਗੜ ਉਪ ਪ੍ਰਧਾਨ ਅਤੇ ਘਨ੍ਹਈਆ ਲਾਲ ਬੰਗੜ ਜਨਰਲ ਸਕੱਤਰ ਨੇ ਸੰਗਤਾਂ ਦਾ ਧੰਨਵਾਦ ਕੀਤਾ। ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੋਂ ਇਲਾਵਾ ਚਾਹ ਪਕੌੜੇ ਅਤੇ ਲੰਗਰ ਦੀ ਸੇਵਾ ਅਤੁਟ ਵਰਤਾਈ ਗਈ। ਇਸ ਮੌਕੇ ਸਰਬਜੀਤ ਬੰਗੜ ਉਪ ਸਕੱਤਰ, ਮਹਿੰਦਰ ਲਾਲ ਬੰਗੜ ਕੈਸ਼ੀਅਰ, ਪਰਮਜੀਤ ਬੰਗੜ ਉਪ ਕੈਸ਼ੀਅਰ, ਸ਼ਿੰਗਾਰਾ ਰਾਮ ਬੰਗੜ ਪ੍ਰਚਾਰ ਸਕੱਤਰ, ਸਰਵਣ ਦਾਸ ਬੰਗੜ ਉਪ ਪ੍ਰਚਾਰ ਸਕੱਤਰ, ਅਸ਼ੋਕ ਕੁਮਾਰ ਬੰਗੜ ਸਲਾਹਕਾਰ, ਗਿਆਨ ਚੰਦ ਬੰਗੜ ਉਪ ਸਲਾਹਕਾਰ, ਬਲਜੀਤ ਸਾਹਨੀ, ਰਾਮਪਾਲ ਸਾਹਨੀ, ਬੂਟਾ ਰਾਮ ਸਾਹਨੀ,ਰਾਜਾ ਸਾਹਨੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਬੰਗੜ ਪਰਿਵਾਰ ਵੀ ਹਾਜਰ ਸਨ।




## ਵਿਆਹ ਸ਼ਾਦੀ

ਰੰਗ ਗੋਰਾ, ਕੱਦ 5 ਫੁੱਟ 11 ਇੰਚ, ਉਮਰ 23 ਸਾਲ, ਮਕੈਨੀਕਲ ਇੰਜੀਨੀਅਰ (ਬੀ ਟੈਕ ) ਐਮ ਟੈਕ ਸ਼ੁਰੂ, ਪਿਤਾ ਸਰਕਾਰੀ ਨੌਕਰੀ (ਲੁਧਿਆਣਾ ਪੰਜਾਬ), ਸੁੰਦਰ ਸੁਸ਼ੀਲ ਲੜਕੇ ਦੇ ਲਈ ਅਮਰੀਕਾ ਵਿਚ ਰਹਿੰਦੀ ਸੁੰਦਰ ਲੜਕੀ ਦੀ ਲੋੜ ਹੈ। ਦੁਆਬੇ ਨੂੰ ਪਹਿਲ ਦਿਤੀ ਜਾਵੇਗੀ।
ਸੰਪਰਕ ਕਰੋ: 09417600014, 09417177666 (ਮੋਬਾਇਲ), ਈਮੇਲ
amarjitchander@yahoo.com
ਅਤੇ
Lovelychndr3@gmail.com


# ਭਾਈ ਦਰਸ਼ਨ ਰਾਮ ਨਰਬਟ ਦੀ ਦੂਜੀ ਬਰਸੀ 24 ਮਈ ਨੂੰ

**ਕੈਲੀਫੋਰਨੀਆ–** ਨਰਬਟ ਪਰਿਵਾਰ ਵੱਲੋਂ ਵਿੱਛੜੀ ਆਤਮਾ ਭਾਈ ਦਰਸ਼ਨ ਸਿੰਘ ਨਰਬਟ ਦੀ ਦੂਜੀ ਬਰਸੀ ਮਨਾਈ ਜਾ ਰਹੀ ਹੈ। ਬੀਬੀ ਦਰਸ਼ਨ ਕੌਰ ਨਰਬਟ, ਦੇਵ ਰਾਮ (ਪੁੱਤਰ) ਅਤੇ ਬੀਬੀ ਕਿਸ਼ੋਰੀ ਨਰਬਟ, ਭਾਈ ਸੁੱਚਾ ਰਾਮ ਅਤੇ ਬੀਬੀ ਕਮਲਾ ਕੁਮਾਰੀ, ਭਾਈ ਹਰਮੇਸ਼ ਲਾਲ ਅਤੇ ਬੀਬੀ ਦਲਵੀਰ ਕੌਰ ਵੱਲੋਂ ਸਮੂਹ ਪਰਿਵਾਰ ਦੇ ਰਿਸ਼ਤੇਦਾਰਾਂ, ਸਹਿਯੋਗੀਆਂ ਅਤੇ ਸੰਗਤ ਨੂੰ ਬੇਨਤੀ ਕੀਤੀ ਗਈ ਕਿ 24 ਮਈ ਨੂੰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਦਰਸ਼ਨ ਰਾਮ ਨਰਬਟ ਦੀ ਯਾਦ ਵਿਚ ਕਰਵਾਈ ਜਾ ਰਹੀ ਹੈ।

# ਬਾਬਾ ਗੁਰਮੁਖ ਸਿੰਘ ਉਤਮ ਸਿੰਘ ਸਕੂਲ ਦੇ 12 ਵਿਦਿਆਰਥੀ ਮੈਰਿਟ 'ਚ

**ਖਡੂਰ ਸਾਹਿਬ–** ਉਘੇ ਵਾਤਾਵਰਨ ਪ੍ਰੇਮੀ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਇਤਿਹਾਸਕ ਨਗਰ ਖਡੂਰ ਸਾਹਿਬ ਵਿਖੇ ਚੱਲ ਰਹੇ ਬਾਬਾ ਗੁਰਮੁਖ ਸਿੰਘ ਬਾਬਾ ਉਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ 12 ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬਾਰਵੀਂ (ਸਾਇੰਸ) ਦੇ ਇਮਤਿਹਾਨ ਦੀ ਐਲਾਨੀ ਗਈ ਮੈਰਿਟ ਸੂਚੀ ਵਿਚ ਵਿਸ਼ੇਸ਼ ਥਾਂ ਬਣਾ ਕੇ ਬੇਮਿਸਾਲ ਪ੍ਰਾਪਤੀ ਕੀਤੀ ਹੈ। ਕੋਮਲਪ੍ਰੀਤ ਕੌਰ ਨੇ 98.22 ਫ਼ੀਸਦੀ, ਰਮਨਪ੍ਰੀਤ ਕੌਰ ਨੇ 97.78 ਫ਼ੀਸਦੀ ਅਤੇ ਹਰਪ੍ਰੀਤ ਕੌਰ 97.33 ਫ਼ੀਸਦੀ ਅੰਕ ਹਾਸਲ ਕਰਦਿਆਂ ਸੂਬੇ ਵਿਚੋਂ ਕ੍ਰਮਵਾਰ 8ਵਾਂ, 10ਵਾਂ ਤੇ 12ਵਾਂ ਰੈਂਕ ਹਾਸਲ ਕੀਤਾ। ਇਹਨਾਂ ਤੋਂ ਬਾਅਦ ਮਨਪ੍ਰੀਤ ਕੌਰ ਨੇ 96.44, ਕਿਰਨ-ਪ੍ਰੀਤ ਕੌਰ ਨੇ 96.22, ਸੋਨਮਪ੍ਰੀਤ ਕੌਰ ਨੇ 96.22, ਰਮਨਦੀਪ ਕੌਰ ਨੇ 96, ਸੁਮਨਪ੍ਰੀਤ ਕੌਰ ਨੇ 96, ਜਸਪ੍ਰੀਤ ਕੌਰ ਨੇ 95.77, ਪਵਨਦੀਪ ਕੌਰ ਨੇ 95. 77, ਮਨਜਿੰਦਰ ਕੌਰ ਨੇ 95.55 ਅਤੇ ਅੰਮ੍ਰਿਤਪਾਲ ਸਿੰਘ ਥਿੰਦ ਨੇ 95.11 ਫ਼ੀਸਦੀ ਅੰਕ ਹਾਸਲ ਕਰਦਿਆਂ ਪਹਿਲੇ 22 ਰੈਂਕਾਂ ਵਿਚ ਆਪਣੀ ਥਾਂ ਬਣਾਈ। ਇਹੀ ਨਹੀਂ, ਇਸ ਦੇ ਨਾਲ-ਨਾਲ ਕਈ ਹੋਰ ਮਾਣਮੱਤੀਆਂ ਪ੍ਰਾਪਤੀਆਂ ਵੀ ਸਕੂਲ ਨਾਲ ਜੁੜ ਗਈਆਂ ਹਨ। ਮੈਰਿਟਾਂ ਪੱਖੋਂ ਪੂਰੇ ਪੰਜਾਬ 'ਚੋਂ ਸਕੂਲ ਨੂੰ ਚੌਥਾ ਰੈਂਕ ਹਾਸਲ ਹੋਇਆ ਹੈ, ਜਦੋਂ ਕਿ ਇਕੱਲੇ ਪੇਂਡੂ ਖੇਤਰ 'ਚੋਂ ਇਸ ਨੇ ਪਹਿਲਾ ਸਥਾਨ ਹਾਸਲ ਕਰਦਿਆਂ ਸਾਰੇ ਸਕੂਲਾਂ ਨੂੰ ਪਛਾੜਿਆ ਹੈ। ਮਾਝਾ ਅਤੇ ਦੁਆਬਾ ਖੇਤਰ ਵਿਚੋਂ ਇਹ ਇਕਲੌਤੇ ਅਜਿਹੇ ਸਕੂਲ ਵਜੋਂ ਉਭਰ ਕੇ ਸਾਹਮਣੇ ਆਇਆ ਹੈ, ਜਿਸ ਨੇ ਇਨੀ ਵੱਡੀ ਗਿਣਤੀ ਵਿਚ ਮੈਰਿਟ ਸਥਾਨ ਹਾਸਲ ਕੀਤੇ ਹਨ। ਇਸ ਤੋਂ ਇਲਾਵਾ ਤਰਨ ਤਾਰਨ ਜ਼ਿਲੇ ਦੀਆਂ ਤਮਾਮ ਮੈਰਿਟਾਂ ਇਸ ਸਕੂਲ ਦੀ ਝੋਲੀ ਪਈਆਂ ਹਨ, ਜੋ ਕਿ ਇਥੇ ਵਿਦਿਆ ਦੇ ਬੇਹਤਰੀਨ ਮਿਆਰਾਂ 'ਤੇ ਮੋਹਰ ਲਾਉਂਦਾ ਹੈ। ਬੁਲੰਦੀਆਂ ਛੂਹਣ ਵਾਲੇ ਵਿਦਿਆਰਥੀਆਂ ਦਾ ਅੱਜ ਸਕੂਲ ਪਹੁੰਚਣ 'ਤੇ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਹਨਾਂ ਸ਼ਾਬਾਸ਼ ਦਿੱਤੀ ਗਈ। ਸਕੂਲ ਡਾਇਰੈਕਟਰ ਸ. ਗੁਰਦਿਆਲ ਸਿੰਘ ਗਿੱਲ ਨੇ ਇਸ ਕਾਮਯਾਬੀ ਦਾ ਸਿਹਰਾ ਅਧਿਆਪਕ ਸਾਹਿਬਾਨ ਵਲੋਂ ਕਰਵਾਈ ਗਈ ਮਿਹਨਤ ਨੂੰ ਦਿੱਤਾ। ਇਸ ਮੌਕੇ ਸਕੂਲ ਪ੍ਰਬੰਧਕੀ ਕਮੇਟੀ ਦੇ ਸਕੱਤਰ ਸ. ਅਵਤਾਰ ਸਿੰਘ ਬਾਜਵਾ, ਪ੍ਰਿੰਸੀਪਲ ਮੈਡਮ ਜਸਪਾਲ ਕੌਰ, ਹੈਂਡ ਮਿਸਟਰੈਸ ਮੈਡਮ ਕਿਰਨਦੀਪ ਕੌਰ, ਬਾਬਾ ਬਲਦੇਵ ਸਿੰਘ, 'ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਸਟੱਡੀਜ਼' ਦੇ ਡਾਇਰੈਕਟਰ ਸ. ਗੁਰਸ਼ਰਨਜੀਤ ਸਿੰਘ ਮਾਨ, ਸ. ਬਲਦੇਵ ਸਿੰਘ ਸੰਧੂ, ਸ. ਪਿਆਰਾ ਸਿੰਘ, ਕਮੇਟੀ ਮੈਂਬਰ ਸ. ਜਸਬੀਰ ਸਿੰਘ ਮਹਿਤੀਆ, ਸ. ਹਰੀ ਸਿੰਘ, ਸ. ਨਰਿੰਦਰ ਸਿੰਘ, ਸ. ਗੁਰਿੰਦਰਪਾਲ ਸਿੰਘ, ਸ. ਸਰੂਪ ਸਿੰਘ, ਸ੍ਰੀ ਪੰਕਜ ਕੁਮਾਰ, ਮੈਡਮ ਮਮਤਾ ਕੌਰ ਆਦਿ ਹਾਜ਼ਰ ਸਨ।

ਜਿਕਰਯੋਗ ਹੈ ਕਿ ਇਹ ਸਕੂਲ ਕਾਰ ਸੇਵਾ ਖਡੂਰ ਸਾਹਿਬ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਗ਼ਰੀਬ ਪਰਿਵਾਰਾਂ ਦੇ ਬੱਚੇ ਮੁਫ਼ਤ ਵਿਦਿਆ ਲੈ ਰਹੇ ਹਨ ਅਤੇ ਹਰ ਸਾਲ ਹੋਣਹਾਰ ਵਿਦਿਆਰਥੀਆਂ ਨੂੰ ਲੱਖਾਂ ਰੁਪਏ ਦਾ ਵਜ਼ੀਫਾ ਵੀ ਦਿੱਤਾ ਜਾਂਦਾ ਹੈ। ਇਸ ਵਲੋਂ ਇੰਜੀਨੀਅਰਿੰਗ, ਮੈਡੀਕਲ ਅਤੇ ਐਨ.ਡੀ.ਏ. ਦੇ ਕੰਪੀਟੀਟਿਵ ਇਮਤਿਹਾਨਾਂ ਦੀ ਤਿਆਰੀ ਲਈ 'ਨਿਸ਼ਾਨ-ਏ-ਸਿੱਖੀ' ਇਮਾਰਤ ਵਿਚ ਵਿਸ਼ੇਸ਼ ਤੌਰ 'ਤੇ ਕਲਾਸਾਂ ਦਾ ਪ੍ਰਬੰਧ ਕੀਤਾ ਗਿਆ ਹੈ।




## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838



## ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਲਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242

# ਚੌਹਾਨ ਪਰਿਵਾਰ ਨੇ ਆਪਣੇ ਲੜਕੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ

**ਰਿਓਲਿੰਡਾ (ਸੈਕਰਾਮੈਂਟੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਬੀਤੇ ਐਤਵਾਰ ਸੁਰਿੰਦਰ ਚੌਹਾਨ ਅਤੇ ਰੀਨਾ ਚੌਹਾਨ ਪਰਿਵਾਰ ਵੱਲੋਂ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਭੋਗ ਉਪਰੰਤ ਇਸ ਕਾਰਜ ਲਈ ਪਰਿਵਾਰ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਭਾਈ ਮਨਜੀਤ ਸਿੰਘ ਜਥਾ ਅਤੇ ਭਾਈ ਨਿਰਮਲ ਸਿੰਘ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਇਸੇ ਦਿਨ ਗੁਰੂ ਘਰ ਵਿਖੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵੀ ਮਨਾਇਆ ਗਿਆ। ਗੁਰੂ ਘਰ ਦੇ ਸਕੱਤਰ ਰਾਜ ਕੁਮਾਰ ਸੂਦ ਨੇ ਸੁਖਬੀਰ ਕੌਰ ਬੈਂਸ ਵੱਲੋਂ





ਦਿੱਤੀ ਸੂਚਨਾ ਤੇ ਆਧਾਰਿਤ ਕਿ ਉਹਨਾਂ ਦੀ ਬੇਟੀ ਜਸਲੀਨ ਬੈਂਸ ਦਾ ਜਨਮ ਦਿਨ 24 ਮਈ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਮਨਾਇਆ ਜਾਵੇਗਾ, ਸਾਰੀਆਂ ਸੰਗਤਾਂ ਨੂੰ ਐਤਵਾਰ ਨੂੰ ਆਉਣ ਦੀ ਬੇਨਤੀ ਕੀਤੀ। ਇਸ ਬੱਚੀ ਦੇ ਜਨਮ ਦਿਨ ਤੇ ਬੱਚਿਆਂ ਦੇ ਖੇਡਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਕ ਵਾਰ ਫਿਰ ਸੰਗਤਾਂ ਨੂੰ ਪਰਿਵਾਰ ਵੱਲੋਂ ਬੇਨਤੀ ਹੈ ਕਿ ਸਾਰੀਆਂ ਸੰਗਤਾਂ ਬੱਚੀ ਦੇ ਜਨਮ ਦਿਨ ਤੇ ਗੁਰੂ ਘਰ ਹਾਜ਼ਰੀਆਂ ਭਰਨ। ਸ਼ੁੱਕਰਵਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 24 ਮਈ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਭਗਵਾਨ ਬੁੱਧ ਪੂਰਨਿਮਾ ਅਤੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦਾ ਮੂਰਤੀ ਸਥਾਪਨਾ ਦਿਵਸ ਸ਼ਰਧਾ ਪੂਰਵਕ ਮਨਾਇਆ

## ਸਾਨੂੰ ਭਗਵਾਨ ਬੁੱਧ ਦੇ ਦਰਸਾਏ ਮਾਰਗ ਤੇ ਚਲਦਿਆਂ ਪੰਚਸ਼ੀਲ ਮਾਰਗ ਅਪਨਾਉਣਾ ਚਾਹੀਦਾ ਹੈ – ਆਗੂ

**ਫਗਵਾੜਾ (ਰੱਤੂ)–** ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਅਤੇ ਡਾ. ਬੀ.ਆਰ. ਅੰਬੇਡਕਰ ਨੌਜਵਾਨ ਸਭਾ ਹਦੀਆਬਾਦ ਫਗਵਾੜਾ ਵਲੋਂ ਭਗਵਾਨ ਬੁੱਧ ਪੂਰਨਿਮਾ ਦਿਵਸ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਜੀ ਦਾ ਮੂਰਤੀ ਸਥਾਪਨਾ ਦਿਵਸ ਪ੍ਰਧਾਨ ਰਮੇਸ਼ ਕੌਲ ਦੀ ਪ੍ਰਧਾਨਗੀ ਹੇਠ ਬੜੀ ਸ਼ਰਧਾ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਸਮਾਗਮ ਦਾ ਆਰੰਭ ਪੰਚ ਸ਼ੀਲ ਝੰਡਾ ਲਹਿਰਾ ਕੇ ਕੀਤਾ ਗਿਆ ਅਤੇ ਭਗਵਾਨ ਬੁੱਧ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਅਤੇ ਕੌਂਸਲਰ ਰਮੇਸ਼ ਕੌਲ, ਬਸਪਾ ਆਗੂ ਜਰਨੈਲ ਨੰਗਲ, ਮੈਡਮ ਰਚਨਾ ਦੇਵੀ ਇੰਚਾਰਜ ਹਲਕਾ ਲੋਕਸਭਾ ਹੁਸ਼ਿਆਰਪੁਰ, ਡਾ. ਸੁਖਦੇਵ ਚੌਕੜੀਆ, ਵਿਜੇ ਪੰਡੋਰੀ ਬਲਾਕ ਸੰਮਤੀ ਮੈਂਬਰ, ਐਚ.ਐਲ. ਕੌਲ, ਅਸ਼ੋਕ ਕੁਲਥਮ, ਤਰਸੇਮ ਚੁੰਬਰ, ਪਿਆਰਾ ਲਾਲ ਚੱਕ ਹਕੀਮ ਆਦਿ ਨੇ ਬੁੱਧ ਪੂਰਨਿਮਾ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਭਗਵਾਨ ਬੁੱਧ ਦੇ ਦਰਸਾਏ ਮਾਰਗ ਤੇ ਚਲਦਿਆਂ






ਪੰਚਸ਼ੀਲ ਮਾਰਗ ਅਪਨਾਉਣਾ ਚਾਹੀਦਾ ਹੈ ਅਤੇ ਅਸ਼ਟਾਂਗ ਮਾਰਗ ਉੱਤੇ ਚਲਦੇ ਹੋਏ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਉਕਤ ਆਗੂਆਂ ਨੇ ਕਿਹਾ ਕਿ ਸਾਨੂੰ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਜਨ – ਜਨ ਤੱਕ ਲੈ ਕੇ ਜਾਣਾ ਚਾਹੀਦਾ ਤਾਂ ਜੋ ਬਹੁਜਨ ਸਮਾਜ ਦਾ ਭਲਾ ਹੋ ਸਕੇ। ਇਸ ਮੌਕੇ ਉਹਨਾਂ ਔਰਤ ਜਾਤੀ ਉਪਰ ਸਮਾਜ ਵਿਚ ਹੋ ਰਹੇ ਤਸ਼ੱਦਦ ਨੂੰ ਵੀ ਮੰਦਭਾਗਾ ਦੱਸਿਆ ਅਤੇ ਕਿਹਾ ਕਿ ਸਾਨੂੰ ਔਰਤ ਅਤੇ ਮਰਦ ਨੂੰ ਬਰਾਬਰ ਨਜਰ ਨਾਲ ਦੇਖਣਾ ਚਾਹੀਦਾ ਹੈ। ਇਸ ਮੌਕੇ ਮੈਡਮ ਸੀਤਾ ਕੌਲ ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਫਗਵਾੜਾ, ਚਰਨਜੀਤ ਝੱਲੀ, ਅਵਤਾਰ ਝੱਲੀ, ਬਿਹਾਰੀ ਲਾਲ ਮਾਹੀ, ਤਰਸੇਮ ਲਾਲ ਬੱਧਣ, ਮਨਜੀਤ ਡੁਮੇਲੀ, ਮੈਡਮ ਰੇਨੂੰ ਬਾਲਾ, ਗਿਰਧਾਰੀ ਲਾਲ, ਤਰਸੇਮ ਪੱਪੂ, ਬਚਨ ਕੌਰ, ਬਲਵੀਰ ਕੌਰ, ਮਨਜੀਤ ਕੌਰ, ਰੀਨਾ ਰਾਣੀ, ਰਾਜਕੁਮਾਰੀ, ਕਸ਼ਮੀਰ ਕੌਰ, ਜੋਗਿੰਦਰ ਕੌਰ, ਆਸ਼ਾ ਰਾਣੀ, ਤਾਰਾ ਚੰਦ ਕੌਲ, ਨਰੇਸ਼ ਕੁਮਾਰ, ਗੁਰਨਾਮ ਸਿੰਘ ਬਾਜਵਾ, ਰੋਹਿਤ ਕੌਲ, ਵਿਜੇ ਪਾਲ, ਕਮਲ ਕੁਮਾਰ ਕੌਲ, ਸੁਨੀਲ ਕੌਲ, ਹੈਪੀ ਬੱਧਣ, ਸ਼ੀਤਲ ਕਾਕਾ, ਭਾਰਤ ਭੂਸ਼ਣ, ਅਜੇ ਕੁਮਾਰ, ਪਵਨ ਕੁਮਾਰ, ਰਾਕੇਸ਼ ਕੁਮਾਰ, ਸੋਨੂੰ ਪਹਿਲਵਾਨ, ਭਿੰਦਾ, ਗੁਰਪ੍ਰੀਤ ਬੱਧਣ, ਜਤਿੰਦਰ ਕੌਲ, ਪਰਮਜੀਤ ਕੌਲ, ਬਿੰਦਰ ਕੌਲ, ਭਜਨ ਕੌਰ, ਕਮਲੇਸ਼, ਕਮਲਾ, ਨੀਲਮ ਰਾਣੀ, ਸੰਤੋਸ਼ ਰਾਣੀ ਅਤੇ ਪੂਨਮ ਆਦਿ ਵੀ ਹਾਜਰ ਸਨ।

# ਚਲਦੀ ਬੱਸ ਦੀ ਖਿੜਕੀ ਵਿਚੋ ਡਿੱਗਣ ਨਾਲ ਕਰਮਚਾਰੀ ਦੀ ਮੌਤ

**ਸੜੋਆ–** ਨਜਦੀਕ ਪੈਂਦੇ ਪਿੰਡ ਕੁੱਲਪੁਰ–ਨਵਾਗਰਾ ਦੇ ਵਿਚਕਾਰ ਪੈਪਸੂ ਰੋੜਵੇਜ ਦੀ ਇਕ ਚਲਦੀ ਬੱਸ ਦੀ ਅਗਲੀ ਖਿੜਕੀ ਵਿਚੋ ਬਾਹਰ ਡਿੱਗਣ ਨਾਲ ਰੋਜਾਨਾ ਸਫਰ ਕਰਨ ਵਾਲਾ ਕਰਮਚਾਰੀ ਗਭੀਰ ਜਖਮੀ ਹੋ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਜਖਮੀ ਦੇ ਭਰਾ ਸ਼੍ਰੀ ਹਰਜਿੰਦਰ ਸਿੰਘ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਉਦਿਆ ਦੱਸਿਆ ਕਿ ਮੇਰਾ ਭਰਾ ਸ਼੍ਰੀ ਹੁਸਨ ਲਾਲ ਪੁੱਤਰ ਸ਼੍ਰੀ ਪ੍ਰਸ਼ੋਤਮ ਲਾਲ(੫੫) ਵਾਸੀ ਪਿੰਡ ਕਰੀਮਪੁਰ ਧਿਆਨੀ ਤਹਿਸੀਲ ਬਲਾਚੋਰ ਜੋ ਬਾਂਹ ਅਤੇ ਲੱਤ ਅੰਗਹੀਣ ਸੀ, ਭੂੰਮੀ ਰੱਖਿਆ ਵਿਭਾਗ ਬਲਾਚੋਰ ਵਿਖੇ ਨੌਕਰੀ ਕਰਦਾ ਸੀ। ਅੱਜ ਸਵੇਰੇ ਪੌਣੇ ਸੱਤ ਵਜੇ ਪੈਪਸੂ ਰੋੜਵੇਜ ਬਠਿੰਡਾ ਦੀ ਬੱਸ ਵਿਚ ਬੱਸ ਅੱਡਾ ਨਵਾਗਰਾ ਤੋ ਸਵਾਰ ਹੋ ਕੇ ਰੋਜਾਨਾ ਦੀ ਤਰਾਂ ਡਿਊਟੀ ਤੇ ਜਾ ਰਿਹਾ ਸੀ। ਉਨਾ ਦੱਸਿਆ ਕਿ ਬੱਸ ਅਜੇ ਕੁਝ ਹੀ ਦੂਰ ਤੇ ਪਿੰਡ ਕੁੱਲਪੁਰ ਦੇ ਨਜਦੀਕ ਗਈ ਸੀ, ਤਾਂ ਬੱਸ



ਖਚਾ–ਖੱਚ ਭਰੀ ਹੋਣ ਕਰਕੇ ਮੇਰੇ ਭਰਾ ਬੱਸ ਦੀ ਅਗਲੀ ਖਿੜਕੀ ਵਿਚ ਖੜਾ–ਖੜਾ ਸੜਕ ਤੇ ਡਿੱਗ ਗਿਆ। ਜਿਸ ਨੂੰ ਅਸੀ ਐ–ਬੂਲੈਂਸ ਦੀ ਸਹਾਇਤਾ ਨਾਲ ਸਿਵਲ ਹਸਪਤਾਲ ਨਵਾਸ਼ਰਿ ਵਿਖੇ ਦਾਖਲ ਕਰਵਾ ਦਿੱਤਾ। ਜਿੱਥੇ ਉਹ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਇਸ ਹਸਦੇ–ਵਸਦੇ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਿਆ।

ਪੋਜੇਵਾਲ ਪੁਲਿਸ ਵੱਜੋ ਮ੍ਰਿਤਕ ਦੇ ਭਰਾ ਸ਼੍ਰੀ ਹਰਜਿੰਦਰ ਸਿੰਘ ਦੇ ਬਿਆਨਾਂ ਤੇ ਪੈਪਸੂ ਰੋੜਵੇਜ ਦੀ ਬੱਸ ਦੇ ਡਰਾਇਵਰ ਖਿਲਾਫ ਲਾਪ੍ਰਵਾਹੀ ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਵੱਲੋ ਮ੍ਰਿਤਕ ਦਾ ਸਸਕਾਰ ਸਿਵਲ ਹਸਪਤਾਲ ਨਵਾਸ਼ਹਿਰ ਵਿਕੇ ਕਰਵਾਉਣ ਉਪਰੰਤ ਮ੍ਰਿਤਕ ਦੇਹ ਨੂੰ ਵਾਰਸਾ ਦੇ ਹਵਾਲੇ ਕਰ ਦਿੱਤਾ ਹੈ।

# ਹੁਣ ਤੁਸੀਂ ਆਪਣੇ ਕਿਸੇ ਖਾਸ ਦੇ ਮਰਨ ਤੋਂ ਬਾਅਦ ਵੀ ਉਸਦੀ ਫੇਸ ਬੁੱਕ ਜਾਰੀ ਰੱਖ ਸਕੋਗੇ

## ਨਿਊਜ਼ੀਲੈਂਡ, ਆਸਟਰੇਲੀਆ ਅਤੇ ਜਾਪਾਨ ਦੇ ਵਿਚ ਸਹੂਲਤ ਸ਼ੁਰੂ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–**ਬੈਂਕ ਖਾਤਿਆਂ ਦੇ ਵਿਚ, ਜਾਇਦਾਦਾਂ ਦੇ ਵਿਚਲ ਜਾਂ ਕਿਸੇ ਹੋਰ ਧੰਨ–ਪੂੰਜੀ ਲਈ ਨੋਮੀਨੇਸ਼ਨ ਜਾਂ ਵਾਰਿਸ ਬਣਦੇ ਤਾਂ ਵੇਖੇ ਹੋਣਗੇ ਪਰ ਹੁਣ ਫੇਸ ਬੁੱਕ ਖਾਤੇ ਦੇ ਵਿਚ ਵੀ ਵਾਰਿਸ ਜਾਂ ਨੋਮੀਨੇਸ਼ਨ ਕੀਤਾ ਜਾ ਸਕੇਗੀ।

ਜੇਕਰ ਨੋਮੀਨੇਸ਼ਨ ਹੋਈ ਹੋਵੇਗੀ ਤਾਂ ਤੁਸੀਂ ਆਪਣੇ ਕਿਸੇ ਖਾਸ, ਪਿਆਰੇ ਜਾਂ ਸੱਜਣ ਮਿੱਤਰ ਦਾ ਫੇਸ–ਬੁੱਕ ਖਾਤਾ ਅਪਡੇਟ ਕਰ ਸਕੋਗੇ। ਉਸਦੀ ਫਰੈਂਡਜ਼ ਰਿਕੁਏਸਟ ਉਤੇ ਪ੍ਰਤੀਕਰਮ ਕਰ ਸਕਦੇ ਹੋ। ਅਮਰੀਕਾ ਦੇ ਵਿਚ ਇਹ ਸਹੂਲਤ ਫਰਵਰੀ ਮਹੀਨੇ ਸ਼ੁਰੂ ਕੀਤੀ ਗਈ ਅਤੇ ਹੁਣ ਅੱਜ ਤੋਂ ਨਿਊਜ਼ੀਲੈਂਡ, ਆਸਟਰੇਲੀਆ ਅਤੇ ਜਾਪਾਨ ਦੇ ਵਿਚ ਵੀ ਇਹ ਸਹੂਲਤ ਸ਼ੁਰੂ ਹੋ ਗਈ ਹੈ।

# ਓਰੀਐਂਟ ਪਬਲਿਕ ਸਕੂਲ ਸਮੁੰਦੜਾ ਦਾ ਨਤੀਜਾ 100 ਫੀਸਦੀ ਰਿਹਾ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਓਰੀਐਂਟ ਪਬਲਿਕ ਸਕੂਲ ਸਮੁੰਦੜਾ ਦਾ ਬਾਰਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਜਗਤਾਰ ਸਿੰਘ ਪ੍ਰਧਾਨ ਓਰੀਐਂਟ ਐਜੂਕੇਸ਼ਨਲ ਸੁਸਾਇਟੀ ਤੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਦੱਸਿਆ ਕਿ ਇਸ ਵਾਰੀ ਬਾਰਵੀਂ ਕਲਾਸ ਵਿਚ ਕੁੱਲ 18 ਵਿਦਿਆਰਥੀ ਸਨ, ਜੋ ਆਰਟਸ ਨਾਲ ਸਬੰਧਤ ਸਨ। ਸਾਰੇ ਦੇ ਸਾਰੇ 18 ਵਿਦਿਆਰਥੀ ਵਧੀਆ ਨੰਬਰ ਪ੍ਰਾਪਤ ਕਰਕੇ ਪਾਸ ਹੋਏ ਹਨ ਤੇ ਇਲਾਕੇ ਵਿਚ ਇਸ ਪਬਲਿਕ ਸਕੂਲ ਦਾ ਨਤੀਜਾ 100 ਫੀਸਦੀ ਰਿਹਾ ਹੈ। ਬਾਕੀ ਸਕੂਲਾਂ ਵਾਂਗ ਇਸ ਸਕੂਲ ਵਿਚ ਵੀ ਪਹਿਲੇ ਤਿੰਨ ਨੰਬਰਾਂ ਤੇ ਲੜਕੀਆਂ ਨੇ ਬਾਜੀ ਮਾਰੀ ਹੈ। ਸੋਨੀਆ ਰਾਣੀ ਪੁੱਤਰੀ ਹਰਮੇਸ਼ ਲਾਲ ਨੇ 450 ਵਿਚੋਂ 313 ਅੰਕ ਪ੍ਰਾਪਤ ਕਰਕੇ ਪਹਿਲੇ ਸਥਾਨ ਪ੍ਰਾਪਤ ਕੀਤਾ।

# ਢਾਡੀ ਜਥਾ ਮਨਦੀਪ ਸਿੰਘ ਖਾਲਸਾ ਪੋਹੀੜ ਵਾਲੇ ਨਿਊਯਾਰਕ ਵਿਚ



**ਨਿਊਯਾਰਕ–** ਛੇਵੀਂ ਪਾਤਸ਼ਾਹੀ ਧੰਨ ਗੁਰੂ ਹਰਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸ਼ੁਰੂ ਕੀਤੀ ਢਾਡੀ ਪ੍ਰੰਪਰਾ ਨੂੰ ਸਮੇਂ ਸਮੇਂ ਤੇ ਵੱਖ ਵੱਖ ਢਾਡੀ ਜਥਿਆਂ ਨੇ ਸੰਭਾਲ ਕੇ ਰੱਖਿਆ ਪਰ ਅੱਜ ਦੇ ਸਮੇਂ ਵਿਚ ਇਸ ਵਿਚ ਵੀ ਕਾਫੀ ਕੁਝ ਰਲਗੱਡ ਕਰ ਦਿੱਤਾ ਗਿਆ ਹੈ। ਪੋਟਿਆਂ ਤੇ ਗਿਣੇ ਜਾਣ ਵਾਲੇ ਢਾਡੀਆਂ ਵਿਚੋਂ ਇਕ ਹਨ ਭਾਈ ਮਨਦੀਪ ਸਿੰਘ ਦਾ ਢਾਡੀ ਜਥਾ, ਜਿਹੜਾ ਕਿ ਸਤਿਗੁਰੂ ਦੀਆਂ ਬਖਸ਼ਿਸ਼ਾਂ ਸਾਂਭ ਕੇ ਸੰਗਤ ਤੋਂ ਅਸੀਸ ਪ੍ਰਾਪਤ ਕਰ ਰਿਹਾ ਹੈ। ਢਾਡੀ ਕਲਾ ਦੀਆਂ ਬਰੀਕੀਆਂ ਨੂੰ ਆਪਣੇ ਉਸਤਾਦ ਢਾਡੀ ਚਰਨ ਸਿੰਘ ਆਲਮਗੀਰ ਤੋਂ ਪ੍ਰਾਪਤ ਕਰਕੇ ਪੰਜਾਬ ਹੀ ਨਹੀਂ ਬਲਕਿ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਢਾਡੀ ਕਲਾ ਨਾਲ ਹਾਜ਼ਰੀ ਲਗਵਾਉਂਦੇ ਹੋਏ ਅੱਜਕਲ੍ਹ ਅਮਰੀਕਾ ਦੇ ਨਿਊਯਾਰਕ ਵਿਚ ਆਪਣੇ ਜਥੇ ਨਾਲ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਗੋਦ ਵਿਚ ਧਰਮ ਤੇ ਵਿਰਸੇ ਨਾਲ ਜੋੜਨ ਦਾ ਯਤਨ ਕਰ ਰਹੇ ਹਨ। ਸਾਥੀ ਭਾਈ ਲਖਵਿੰਦਰ ਸਿੰਘ ਪੋਹੀੜ, ਰਣਜੀਤ ਸਿੰਘ ਦੂਲੋਂ ਅਤੇ ਗੁਰਵੀਰ ਸਿੰਘ ਰੋਹੜਾ ਨਾਲ ਭਾਈ ਮਨਦੀਪ ਸਿੰਘ ਪੋਹੀੜ ਸੰਤ ਸਾਗਰ ਗੁਰੂ ਘਰ ਵਿਖੇ ਹਾਜ਼ਰੀ ਭਰ ਰਹੇ ਹਨ। ਢਾਡੀ ਜਥੇ ਨਾਲ 347-605-0937 ਤੇ ਸੰਪਰਕ ਕਰ ਸਕਦੇ ਹੋ।

# ਪੰਜਾਬ ਸਰਕਾਰ ਪੁਰਾਣੀਆਂ ਇਤਿਹਾਸਕ ਇਮਾਰਤਾਂ ਅਤੇ ਵਿਰਾਸਤਾਂ ਦੀ ਸੰਭ-ਸੰਭਾਲ ਅਤੇ ਮੁਰੰਮਤ ਉਤੇ 100 ਕਰੋੜ ਰੁਪਏ ਖਰਚ ਕਰੇਗੀ-ਸੋਹਣ ਸਿੰਘ ਠੰਡਲ

## 350ਵੇਂ ਸਥਾਪਨਾ ਸਮਾਗਮ ਮਨਾਉਣ ਲਈ ਪੰਜਾਬ ਸਰਕਾਰ ਸਾਰੇ ਫੰਡ ਮੁਹੱਇਆ ਕਰਵਾਏਗੀ







**ਕੁਲਦੀਪ ਚੰਦ**

ਪੰਜਾਬ ਸਰਕਾਰ ਸੂਬੇ ਦੀਆਂ ਪੁਰਾਣੀਆਂ ਇਤਿਹਾਸਕ ਇਮਾਰਤਾਂ ਅਤੇ ਵਿਰਾਸਤਾਂ ਦੀ ਸੰਭ-ਸੰਭਾਲ ਅਤੇ ਮੁਰੰਮਤ ਉਤੇ 100 ਕਰੋੜ ਰੁਪਏ ਖਰਚ ਕਰ ਰਹੀ ਹੈ। ਇਤਿਹਾਸਕ ਧਰੋਹਰਾਂ ਦੀ ਸੰਭ-ਸੰਭਾਲ ਕਰਕੇ ਉਸਨੂੰ ਆਉਣ ਵਾਲੀਆਂ ਪਿੜੀਆਂ ਅਤੇ ਨਸਲਾਂ ਲਈ ਸੰਭਾਲ ਕੇ ਰੱਖਣਾ ਸਾਡਾ ਫਰਜ ਹੈ ਅਤੇ ਪੰਜਾਬ ਸਰਕਾਰ ਵਲੋਂ ਇਹ ਜਿਮੇਵਾਰੀ ਨਿਭਾਈ ਜਾ ਰਹੀ ਹੈ। ਇਹ ਪ੍ਰਗਟਾਵਾ ਸ. ਸੋਹਣ ਸਿੰਘ ਠੰਡਲ ਕੈਬਨਿਟ ਮੰਤਰੀ ਜੇਲਾਂ, ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਨੇ ਬੀਤੀ ਸਾਮ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਦੀ ਰਿਹਾਇਸ਼ ਤੇ ਇਕ ਵਿਸੇਸ ਗੱਲਬਾਤ ਦੋਰਾਨ ਕੀਤਾ।

ਉਹਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ.ਪਰਕਾਸ਼ ਸਿੰਘ ਬਾਦਲ ਵਲੋਂ ਸਾਡੀ ਵਿਰਾਸਤ ਅਤੇ ਇਤਿਹਾਸਕ ਇਮਾਰਤਾ ਦੀ ਸੰਭ-ਸੰਭਾਲ ਕਰਨ ਇਹਨਾਂ ਇਮਾਰਤਾ ਨੂੰ ਇਤਿਹਾਸਕ ਧਰੋਹਰ ਮੰਨ ਕੇ ਯਾਦਗਾਰਾਂ ਦੇ ਰੂਪ ਵਿਚ ਵਿਕਸਿਤ ਕਰਨ ਅਤੇ ਨਵੀਆਂ ਯਾਦਗਾਰਾਂ ਦੀ ਉਸਾਰੀ ਕਰਵਾਉਣ ਨੂੰ ਵਿਸੇਸ ਤਰਜੀਹ ਦਿੱਤੀ ਜਾ ਰਹੀ ਹੈ। ਸਾਡੀ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਨੂੰ ਆਪਣੇ ਸਭਿਆਚਾਰ ਤੇ ਵਿਰਸੇ ਨਾਲ ਜੋੜਨ ਲਈ ਇਤਿਹਾਸਕ ਤੇ ਪਵਿੱਤਰ ਦਿਹਾੜੇ ਬਹੁਤ ਹੀ ਧੂੰਮ-ਧਾਮ ਨਾਲ ਮਨਾ ਰਹੀ ਹੈ। ਸ੍ਰੀ ਗੁਰੂ ਰਵੀਦਾਸ ਜੀ ਦੀ ਖੁਰਾਲਗੜ ਵਿਚ ਯਾਦਗਾਰ ਦੀ ਉਸਾਰੀ ਜਲਦੀ ਸੂਰੂ ਹੋ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਕਿਲਾ ਮੁਬਾਰਕ ਪਟਿਆਲਾ ਵਿਚ ਰੱਖੀਆਂ ਸਾਡੇ ਗੁਰੂ ਸਾਹਿਬਾਨ ਦੀਆਂ ਪਾਵਨ ਤੇ ਪਵਿੱਤਰ ਨਿਸਾਨੀਆਂ ਨੂੰ ਗੁਰਦੁਆਰਾ ਸਾਹਿਬ ਦੁਖ ਨਿਵਾਰਨ ਪਟਿਆਲਾ ਤੋਂ ਪੰਜਾਬ ਦੇ ਸ਼ਹਿਰਾ, ਪਿੰਡਾ ਤੇ ਕਸਬਿਆ ਦੇ ਲੋਕਾਂ ਦੇ ਦਰਸ਼ਨਾਂ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿਚ ਸੂਸੋਬੀਤ ਕਰਨ ਦਾ ਪੰਜਾਬ ਸਰਕਾਰ ਦਾ ਫੈਸਲਾ ਵੀ ਬੇਹੱਦ ਸਲਾਘਾਯੋਗ ਹੈ।

18 ਜੂਨ ਨੂੰ ਇਹ ਪਵਿੱਤਰ ਨਿਸਾਨੀਆਂ ਸ੍ਰੀ ਅਨੰਦਪੁਰ ਸਾਹਿਬ ਵਿਚ ਲਿਆਦੀਆਂ ਜਾਣਗੀਆਂ। 350 ਸਾਲਾਂ ਸਥਾਪਨਾ ਸਮਾਗਮਾਂ ਦਾ ਜਿਕਰ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਇਸਦੇ ਲਈ ਫੰਡਾ ਦੀ ਕੋਈ ਘਾਟ ਨਹੀਂ ਹੈ ਉਹਨਾਂ ਨੇ ਕਿਹਾ ਕਿ ਸਥਾਪਨਾ ਸਮਾਗਮ ਬਹੁਤ ਹੀ ਵੱਡੇ ਪੱਧਰ ਤੇ ਮਨਾਏ ਜਾ ਰਹੇ ਹਨ। ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਉਪ-ਰਾਸ਼ਟਰਪਤੀ, ਰਾਜਿਆਂ ਦੇ ਮੁੱਖ ਮੰਤਰੀਆਂ, ਰਾਜਪਾਲਾਂ ਤੇ ਹੋਰ ਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਸੱਦਾ ਭੇਜਿਆ ਜਾ ਰਹਿਆ ਹੈ। ਉਹਨਾਂ ਨੇ ਕਿਹਾ ਕਿ ਵੱਖ ਵੱਖ ਧਰਮਾ ਦੇ ਵੱਡੇ ਵੱਡੇ ਸੰਤ ਮਹਾਪੁਰਸ਼, ਬੁਧੀਜੀਵੀ ਅਤੇ ਵਿਦੇਸ਼ਾ ਵਿਚ ਬੈਠੇ ਪੰਤਵੰਤੇ ਲੋਕਾਂ ਨੂੰ ਵੀ ਇਹਨਾਂ ਸਮਾਗਮਾ ਵਿਚ ਬੁਲਾਇਆ ਜਾ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਸਮਾਗਮਾ ਮੋਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਚੀਟੇ ਰੰਗ ਵਿਚ ਰੰਗੀਆਂ ਜਾ ਰਿਹਾ ਹੈ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ ਤੇ ਇਹ ਸਮਾਗਮ ਮਨਾਉਣ ਲਈ ਡਿਊਟੀਆਂ ਲਗਾਈਆਂ ਗਈਆਂ ਹਨ। ਇਸ ਨਗਰ ਵਿਚ ਅੱਗਲੇ ਮਹੀਨੇ ਦੇਸ਼ ਵਿਦੇਸ਼ ਤੋਂ ਲੱਖਾ ਸੰਗਤਾ ਦੇ ਪੁੱਜਣ ਦੀ ਆਸ ਹੈ। 300 ਸਾਲਾਂ ਸਮਾਗਮਾਂ ਵਾਂਗ ਇਥੇ ਵੱਡੇ ਵੱਡੇ ਸਮਾਗਮ ਕਰਵਾਏ ਜਾਣਗੇ ਜਿਹੜੇ ਵਿਭਾਗਾ ਦੇ ਅਧਿਕਾਰੀ ਆਪਣੀ ਡਿਊਟੀ ਕਰ ਰਹੇ ਹਨ।

ਉਹ ਬਹੁਤ ਹੀ ਭਾਗਾ ਵਾਲੇ ਹਨ ਜਿਹਨਾਂ ਨੂੰ ਸਮਾਗਮਾਂ ਵਿਚ ਸੇਵਾ ਕਰਨ ਦਾ ਮੋਕਾ ਮਿਲ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਲੋਕ ਇਹਨਾਂ ਸਮਾਗਮਾਂ ਨੂੰ ਮਨਾਉਣ ਲਈ ਵੱਧ-ਚੱੜ ਦੇ ਆਪਣਾ ਉਤਸਾਹ ਪ੍ਰਗਟ ਕਰਨ ਕਿਉਕਿ ਜਿਸ ਸਥਾਨ ਉਤੇ ਇਹ ਸਮਾਗਮ ਹੋ ਰਹੇ ਹਨ ਉਸ ਨਗਰ ਦੇ ਲੋਕਾ ਦਾ ਇਹਨਾਂ ਸਮਾਗਮਾਂ ਦੀ ਸਫਲਤਾ ਲਈ ਯੌਗਦਾਨ ਹੋਣਾ ਬੋਹੱਦ ਲਾਜਮੀ ਹੈ। ਇਸ ਮੋਕੇ ਸਿੰਘ ਸਾਹਿਬ ਨੇ ਉਹਨਾ ਨੂੰ ਸਿਰੋਪਾਉ ਪਾ ਕੇ ਸਨਮਾਨੀਤ ਕੀਤਾ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਯਾਦਗਾਰੀ ਚਿੱਤਰ ਵੀ ਭੇਂਟ ਕੀਤਾ। ਇਸ ਮੋਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਭਾਈ ਅਮਰਜੀਤ ਸਿੰਘ ਚਾਵਲਾ, ਜਗੀਰ ਸਿੰਘ, ਤਖਤ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ, ਹਰਦੇਵ ਸਿੰਘ ਹੈਪੀ ਵੀ ਹਾਜ਼ਰ ਸਨ।

# ਸੰਸਦੀ ਸਕੱਤਰ ਕੈਂਥ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ 2 ਪਿੰਡਾਂ ਦੀਆਂ ਪੰਚਾਇਤਾਂ ਭਾਜਪਾ 'ਚ ਸ਼ਾਮਲ



ਮੁੱਖ ਸੰਸਦੀ ਸਕੱਤਰ ਸ੍ਰੀ ਸੋਮ ਪ੍ਰਕਾਸ਼ ਕੈਂਥ ਦੀ ਸਖਸ਼ੀਅਤ, ਉਹਨਾਂ ਕੰਮ ਕਰਨ ਦੇ ਤਰੀਕਿਆਂ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਨਵੀਂ ਆਬਾਦੀ ਨਾਰੰਗਸ਼ਾਹਪੁਰ ਅਤੇ ਮਸਤਨਗਰ ਦੀ ਸਾਰੀ ਪੰਚਾਇਤ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਦੱਸਿਆ ਕਿ ਇਹਨਾਂ ਪਿੰਡਾਂ ਦੀਆਂ 2 ਪੰਚਾਇਤਾਂ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਹੁਣ ਹਲਕਾ ਫਗਵਾੜਾ ਦੀਆਂ ਕੁੱਲ 90 ਪੰਚਾਇਤਾਂ ਵਿੱਚੋਂ ਭਾਰਤੀ ਜਨਤਾ ਪਾਰਟੀ ਦੀਆਂ ਪੰਚਾਇਤਾਂ ਦੀ ਗਿਣਤੀ 34 ਹੋ ਗਈ ਹੈ। ਪਿੰਡ ਨਵੀਂ ਆਬਾਦੀ ਨਾਰੰਗਸ਼ਾਹਪੁਰ ਤੋਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਹਰਮੇਸ਼ ਲਾਲ ਸਰਪੰਚ ਨਵੀਂ ਅਬਾਦੀ ਨਰੰਗਸ਼ਾਹਪੁਰ, ਬਲਵੀਰ ਕੁਮਾਰ ਪੰਚ, ਸੋਢੀ ਰਾਮ ਪੰਚ, ਸ਼੍ਰੀਮਤੀ ਬਖਸ਼ੋ ਪੰਚ, ਰੇਸ਼ਮ ਕੌਰ ਪੰਚ, ਰਿੰਕੂ ਪੰਚ, ਦੇਵ ਰਾਜ ਪੰਚ, ਕੰਵਲਪ੍ਰੀਤ ਪ੍ਰਧਾਨ ਬਾਬਾ ਸਾਹਿਬ ਅੰਬੇਡਕਰ ਵੈਲਫੇਅਰ ਸੋਸਾਇਟੀ ਤੇ ਸਾਰੀ ਟੀਮ, ਬਖਸ਼ੀ ਰਾਮ ਸਾਬਕਾ ਸਰਪੰਚ ਤੇ ਨੰਬਰਦਾਰ ਨਰੰਗਸ਼ਾਹਪੁਰ, ਹੈਪੀ ਝੱਲੀ, ਰਾਜਹੀਰ ਸਾਬਕਾ ਸਰਪੰਚ, ਓਮ ਪ੍ਰਕਾਸ਼ ਅਤੇ ਲ਼ਾਲ ਚੰਦ ਸ਼ਾਮਿਲ ਹਨ, ਜੋ ਕਿ ਆਪਣੀ-ਆਪਣੀ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ।

ਇਸ ਤੋਂ ਇਲਾਵਾ ਪਿੰਡ ਮਸਤਨਗਰ ਤੋਂ ਰਛਪਾਲ ਕੌਰ ਸਰਪੰਚ, ਰੂਪ ਲਾਲ ਪੰਚ, ਪ੍ਰੇਮ ਲਾਲ ਪੰਚ, ਚਮਨ ਲਾਲ, ਮੁਲਖ ਰਾਜ, ਸਰਵਣ ਰਾਮ ਅਤੇ ਮੀਨਾ ਰਾਣੀ ਨੇ ਆਪਣੀ-ਆਪਣੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਮੇਅਰ ਕਾਰਪੋਰੇਸ਼ਨ ਫਗਵਾੜਾ ਸ੍ਰੀ ਅਰੁਣ ਖੋਸਲਾ, ਓਮ ਪ੍ਰਕਾਸ਼ ਬਿੱਟੂ ਕੌਂਸਲਰ, ਸੁਰਜੀਤ ਜੀਤਾ ਪ੍ਰਧਾਨ ਚਾਚੋਕੀ ਮੰਡਲ, ਰਮੇਸ਼ ਸਚਦੇਵਾ ਪ੍ਰਧਾਨ ਫਗਵਾੜਾ ਮੰਡਲ, ਚੰਦਰੇਸ਼ ਕੌਲ, ਇੰਦਰਜੀਤ ਖਲਿਆਣ ਪ੍ਰਧਾਨ ਪਾਂਛਟਾ ਮੰਡਲ, ਪ੍ਰਭਜੀਤ ਸਿੰਘ ਸਰਪੰਚ ਪੰਡਵਾ, ਨਰੇਸ਼ ਕੋਟਰਾਣੀ, ਸੁਰਿੰਦਰ ਚੋਪੜਾ, ਬੱਲੂ ਵਾਲੀਆ, ਸਾਬੀ ਟੌਰੀ, ਸਾਬਕਾ ਸਰਪੰਚ ਗੁਰਬਚਨ ਰਾਮ, ਜੈਲਾ ਰਾਮ, ਰਾਮ ਲਾਲ ਠੇਕੇਦਾਰ, ਜੱਸੀ, ਕੇਵਲ ਰਾਮ, ਸਾਬਕਾ ਸਰਪੰਚ ਵਿਜੈ ਕੁਮਾਰ ਅਤੇ ਪਵਨ ਆਦਿ ਹਾਜ਼ਰ ਸਨ।

# ਮਾਤਾ ਗਿਆਨ ਕੌਰ ਬਾਗਲਾ ਨਹੀਂ ਰਹੇ, ਅੰਤਿਮ ਅਰਦਾਸ ਮੌਕੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ



















**ਫਰਿਜ਼ਨੋ–** ਸ. ਲਛਮਣ ਸਿੰਘ ਬਾਗਲਾ ਅਤੇ ਉਹਨਾਂ ਦੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੀ ਸੁਪਤਨੀ ਬੀਬੀ ਗਿਆਨ ਕੌਰ ਬਾਗਲਾ ਸੰਸਾਰ ਵਿਛੋੜ ਦੇ ਕੇ 30 ਅਪ੍ਰੈਲ ਨੂੰ ਸਵਰਗਵਾਸ ਹੋ ਗਏ। ਉਹਨਾਂ ਦੇ ਅੰਤਿਮ ਸਸਕਾਰ 11 ਮਈ ਨੂੰ ਹੋਇਆ ਅਤੇ ਉਸ ਤੋਂ ਬਾਅਦ ਸਹਿਜ ਪਾਠ ਦੇ ਭੋਗ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਕੈਲੀਫੋਰਨੀਆ) ਵਿਖੇ ਪਾਏ ਗਏ। ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਉਹਨਾਂ ਦੇ ਕਰੀਬੀ ਰਿਸ਼ਤੇਦਾਰ, ਦੋਸਤ ਮਿੱਤਰ ਅਤੇ ਭਾਰੀ ਗਿਣਤੀ ਵਿਚ ਸੰਗਤ ਗੁਰਦੁਆਰਾ ਸਾਹਿਬ ਪਹੁੰਚੀ।

# ਇਰਾਕ ਵਿਚ ਫਸੇ ਨੌਜਵਾਨਾਂ ਦੇ ਮਾਪਿਆਂ ਦੀਆਂ ਮੁਸ਼ਕਿਲਾਂ ਵਧੀਆਂ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਰੋਜ਼ੀ ਰੋਟੀ ਕਮਾਉਣ ਲਈ ਇਨਸਾਨ ਨੂੰ ਕਿਸ ਤਰ੍ਹਾਂ ਨਾਲ ਦਰ ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਇਸ ਦੀ ਮਿਸਾਲ ਮਿਲਦੀ ਹੈ ਪਿਛਲੇ ਸਾਲ 40 ਪੰਜਾਬੀ ਮਿਹਨਤਕਸ਼ਾਂ ਨੂੰ ਇਰਾਕੀ ਅੱਤਵਾਦੀਆਂ ਵੱਲੋਂ ਗੋਲੀਆਂ ਮਾਰ ਕੇ ਮਾਰ ਦੇਣ ਦੀ ਖਬਰ ਸੁਣ ਕੇ। ਇਹਨਾਂ ਵਿਚੋਂ ਇਕ ਮੁੰਡੇ ਹਰਜੀਤ ਮਸ਼ੀਹ ਦੀਆਂ ਮੀਡੀਆ ਵਿਚ ਖਬਰਾਂ ਆ ਜਾਣ ਨਾਲ ਪੰਜਾਬੀ ਕਾਮਿਆਂ ਦੇ ਪਰਿਵਾਰਾਂ ਵਿਚ ਭਾਰੀ ਸਹਿਮ ਪਾਇਆ ਜਾ ਰਿਹਾ ਹੈ। ਪਿੰਡ ਮਹਿੰਦਪੁਰ ਦੇ ਜਸਵੀਰ ਸਿੰਘ ਪੁੱਤਰ ਬਖਸ਼ੀਸ਼ ਰਾਮ ਦਾ ਪਰਿਵਾਰ ਇਸ ਵੇਲੇ ਸਹਿਮ ਦੇ ਮਾਹੌਲ ਵਿਚੋਂ ਲੰਘ ਰਿਹਾ ਹੈ। ਉਸ ਦੇ ਪਰਿਵਾਰਕ ਮੈਂਬਰਾਂ ਮਾਤਾ ਸੁਰਜੀਤ ਕੌਰ, ਪਿਤਾ ਬਖਸ਼ੀਸ਼ ਰਾਮ, ਭਰਾ ਭੁਪਿੰਦਰ ਸਿੰਘ ਉਸਦੀ ਸੁਰੱਖਿਆ ਨੂੰ ਲੈ ਕੇ ਬਹੁਤ ਚਿੰਤਤ ਹਨ।



ਉਹਨਾਂ ਦੱਸਿਆ ਕਿ ਅਸੀਂ ਅੱਤਵਾਦੀਆਂ ਵੱਲੋਂ ਅਗਵਾ ਕੀਤੇ ਮੁੰਡਿਆਂ ਦੇ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਦਿੱਲੀ ਵਿਚ ਧਰਨਾ ਦਿੱਤਾ ਸੀ ਤੇ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਵੀ ਕੀਤੀ ਸੀ। ਜਿਹਨਾਂ ਸਾਨੂੰ ਸਾਰੇ ਕਾਮਿਆਂ ਨੂੰ ਸਹੀ ਸਲਾਮਤ ਉਹਨਾਂ ਦੇ ਪਰਿਵਾਰਾਂ ਵਿਚ ਪਹੁੰਚਾਉਣ ਦੀ ਗੱਲ ਆਖੀ ਸੀ, ਪਰ ਸਾਡੇ ਬੱਚੇ ਅਜੇ ਤੱਕ ਨਹੀਂ ਪਹੁੰਚੇ ਅਤੇ ਨਿਤ ਦਿਨ ਆ ਰਹੀਆਂ ਖਬਰਾਂ ਵੀ ਸਾਡੇ ਪਰਿਵਾਰਾਂ ਦੀਆਂ ਚਿੰਤਾਵਾਂ ਵਧਾ ਰਹੀਆਂ ਹਨ।

# ਯੂਬਾ ਸਿਟੀ 'ਚ ਡਾ.ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ

















All pictures by Prem K. Chumber

**ਯੂਬਾ ਸਿਟੀ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ 10 ਮਈ ਦਿਨ ਐਤਵਾਰ ਨੂੰ ਮਨਾਇਆ ਗਿਆ। ਇਸ ਸਬੰਧਤ 8 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 10 ਮਈ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਕੀਰਤਨ ਦਰਬਾਰ ਅਤੇ ਵੱਖ ਵੱਖ ਬੁਲਾਰਿਆਂ ਨੇ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਆਪੋ ਆਪਣੇ ਵਿਚਾਰ ਰੱਖੇ। ਯਾਦ ਰਹੇ, ਇਯੇ ਹੀ ਦਿਨ ''ਮਦਰਜ਼ ਡੇਅ'' ਵੀ ਸੀ, ਜੋ ਇੱਥੇ ਮਨਾਇਆ ਗਿਆ।

ਜਿਹਨਾਂ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ, ਉਹਨਾਂ ਵਿਚ ਸਰਵ ਸ੍ਰੀ ਹੰਸ ਰਾਜ ਕਾਜਲਾ, ਤਵਿੰਦਰ ਕਾਜ਼ਲਾ, ਰਾਕੇਸ਼ ਚੰਦਰ, ਪਲਵਿੰਦਰ ਮਾਹੀ, ਪ੍ਰੇਮ ਕੁਮਾਰ ਚੁੰਬਰ, ਗੁਰਬਚਨ ਚੋਪੜਾ ਅਤੇ ਰਾਜ ਕੁਮਾਰ ਦੇ ਨਾਂ ਵਰਣਨਯੋਗ ਹਨ। ਇਹਨਾਂ ਸਭਨਾਂ ਨੇ ਡਾ. ਅੰਬੇਦਕਰ ਵੱਲੋਂ ਦੇਸ਼ ਦਾ ਸੰਵਿਧਾਨ ਬਣਾ ਕੇ ਸਭ ਨੂੰ ਬਰਾਬਰਤਾ ਦਾ ਅਧਿਕਾਰ, ਇਨਸਾਨੀਅਤ ਦੀ ਆਜ਼ਾਦੀ, ਔਰਤਾਂ ਨੂੰ ਮਰਦਾਂ ਬਰਾਬਰ ਦਾ ਅਧਿਕਾਰ, ਸਦੀਆਂ ਤੋਂ ਲਤਾੜੇ ਗਏ ਵਰਗਾਂ ਨੂੰ ਕਾਨੂੰਨੀ ਅਧਿਕਾਰਾਂ ਰਾਹੀਂ ਉਪਰ ਉਠਣ ਦੇ ਜੋ ਸਲਾਹੁਣਯੋਗ ਉਪਰਾਲੇ ਕੀਤੇ, ਦਾ ਵਰਣਨ ਕੀਤਾ ਗਿਆ।

ਸਭ ਬੁਲਾਰਿਆਂ ਨੇ ''ਮਦਰਜ਼ ਡੇਅ'' ਨੂੰ ਮੁੱਖ ਰੱਖਦਿਆਂ ਡਾ. ਅੰਬੇਦਕਰ ਦੀ ਔਰਤਾਂ ਪ੍ਰਤੀ, ਉਹਨਾਂ ਦੇ ਹੱਕਾਂ ਨੂੰ ਸੁਰੱਖਿਅਤ, ਉਹ ਵੀ ਸੰਵਿਧਾਨਕ ਤਰੀਕੇ ਨਾਲ ਕਰਨ ਦਾ ਜ਼ਿਕਰ ਹੁੰਦਾ ਰਿਹਾ।

ਪਲਵਿੰਦਰ ਮਾਹੀ ਨੇ ਕਿਹਾ ਕਿ ਡਾ. ਅੰਬੇਦਕਰ ਦੇ ਨਾਲ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਵੀ ਹਮੇਸ਼ਾ ਹਮੇਸ਼ਾ ਯਾਦ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਇਕ ਅਜਿਹਾ ਇਕੋ ਇਕ ਗੁਰੂ ਘਰ ਹੈ, ਜਿੱਥੇ ਸਭਨਾਂ ਗੁਰੂ ਸਾਹਿਬਾਨ, ਸੰਤ ਭਗਤਾਂ ਦੇ ਨਾਲ ਨਾਲ ਸਮਾਜਿਕ ਬਰਾਬਰਤਾ ਤੇ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਮਹਾਨ ਰਹਿਬਰਾਂ ਨੂੰ ਯਾਦ ਕੀਤਾ ਜਾਂਦਾ ਹੈ, ਜਿਵੇਂ ਕਿ ਬਾਬਾ ਸਾਹਿਬ ਡਾ. ਅੰਬੇਦਕਰ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਆਦਿ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤਾਂ ਇਕ ਅਜਿਹੇ ਮਹਾਨ ਇਨਸਾਨ ਹੋਏ, ਜਿਹਨਾਂ ਨੇ ਡਾ. ਅੰਬੇਦਕਰ ਦੇ ਨਾਂ ਨੂੰ ਬਹੁਜਨ ਸਮਾਜ ਪਰਟੀ ਬਣਾ ਕੇ ਜਿੰਦਾ ਹੀ ਨਹੀਂ ਰੱਖਿਆ ਬਲਕਿ ਪੂਰੇ ਦੇਸ਼ ਦੇ ਕੋਨੇ ਕੋਨੇ ਪਹੁੰਚਾ ਦਿੱਤਾ।

"ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਹਫਤਾਵਾਰੀ ਅੰਗਰੇਜ਼ੀ– ਪੰਜਾਬੀ ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ''ਮਦਰਜ਼ ਡੇਅ'' ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜਨਮ ਦਿਨ ਮਨਾਏ ਜਾਣ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਅੱਜ ਬੜਾ ਹੀ ਸੁਭਾਗਾ ਦਿਨ ਹੈ ਕਿ ਅਸੀਂ ਦੋਵੇਂ ਮਹੱਤਵਪੂਰਨ ਦਿਨ ਇਕੋ ਸਮੇਂ ਮਨਾ ਰਹੇ ਹਾਂ। ਮਾਂ ਮਹਾਨ ਹੈ, ਮਾਤਾ–ਪਿਤਾ ਕਰਕੇ ਇਸ ਸੰਸਾਰ ਵਿਚ ਹਾਂ। ਸਾਨੂੰ ਦੋਹਾਂ ਦੇ ਕੀਤੇ ਪਰਉਪਕਾਰਾਂ ਨੂੰ ਕਦੇ ਭੁਲਾਉਣਾ ਨਹੀਂ ਚਾਹੀਦਾ।

ਖਾਸ ਕਰਕੇ ਮਾਂ ਦੇ ਅਹਿਸਾਨਮੰਦ ਜ਼ਿਆਦਾ ਹੋਣਾ ਚਾਹੀਦਾ ਹੈ। ਮਾਂ ਦੇ ਕੀਤੇ ਪਰਉਪਕਾਰਾਂ ਦਾ ਜੇਕਰ ਆਪਣੇ ਸਮੇਂ 'ਚ ਕਿਸੇ ਨੇ ਕਰਜ਼ ਮੋੜਿਆ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਕਹੀ ਜਾ ਸਕਦੀ ਕਿ ਉਹ ਸੀ ਡਾ. ਅੰਬੇਦਕਰ, ਜਿਸ ਨੇ ਸਿਰਫ ਆਪਣੀ ਮਾਂ ਹੀ ਨਹੀਂ (ਉਹਨਾਂ ਦੀ ਮਾਂ ਜਨਣੀ ਤਾਂ ਬਚਪਨ 'ਚ ਹੀ ਸਵਰਗਵਾਸ ਹੋ ਗਈ ਸੀ, ਦੇ ਚਾਅ ਲਾਡ ਹੀ ਨਹੀਂ ਹੰਢਾ ਸਕਣ ਦਾ ਮੌਕਾ ਹੀ ਨਹੀਂ ਮਿਲਿਆ) ਬਲਕਿ ਦੇਸ਼ ਦੀ ਸਮੂਹ ਔਰਤ ਵਰਗ ਨੂੰ ਮਰਦ ਬਰਾਬਰ ਸੰਵਿਧਾਨਕ ਹੱਕ ਸੁਰੱਖਿਅਤ ਕਰਕੇ ਮਰਦਾਂ ਦੀ ਸਦੀਆਂ ਤੋਂ ਚਲੀ ਆ ਰਹੀ ਮਰਦ ਪ੍ਰਧਾਨਗੀ ਨੂੰ ਲਾਹ ਮਾਰਿਆ।

ਸ੍ਰੀ ਚੁੰਬਰ ਨੇ ਅੱਗੇ ਕਿਹਾ ਕਿ ਭਾਰਤ ਆਜ਼ਾਦ ਹੋਇਆ ਤੇ ਦੋ ਹਿੱਸਿਆਂ ਵਿਚ ਵੰਡਿਆ ਗਿਆ। ਦੋਹਾਂ ਆਜ਼ਾਦ ਮੁਲਕਾਂ ਭਾਰਤ–ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ ਦਲਿਤ ਵਰਗ ਵਿਚੋਂ ਬਣੇ। ਭਾਰਤ ਵਿਚ ਡਾ. ਅੰਬੇਦਕਰ ਤੇ ਪਾਕਿਸਤਾਨ ਵਿਚ ਜਨਾਬ ਜਗਨ ਨਾਥ ਮੰਡਲ ਸਾਹਿਬ। ਜੇਕਰ ਡਾ. ਅੰਬੇਦਕਰ ਨੇ ਕਾਨੂੰਨ ਮੰਤਰੀ ਰਹਿੰਦਿਆਂ ਇਸ ਕਰਕੇ ਅਸਤੀਫਾ ਦਿੱਤਾ ਕਿ ਉਹਨਾਂ ਵੱਲੋਂ ਪੇਸ਼ ਕੀਤਾ ਗਿਆ 'ਹਿੰਦੂ ਕੋਡ' ਬਿਲ ਨਹਿਰੂ ਮੰਤਰੀ ਮੰਡਲ ਨੇ ਪਾਸ ਨਹੀਂ ਹੋਣ ਦਿੱਤਾ ਤਾਂ ਉਧਰ ਜਨਾਬ ਜਗਨ ਨਾਥ ਮੰਡਲ ਨੇ ਵੀ ਦਲਿਤਾਂ ਦੇ ਹੱਕਾਂ ਵਿਚ ਆਵਾਜ਼ ਨਾ ਸੁਣੀ ਜਾਣ ਤੇ ਪਾਕਿਸਤਾਨ ਹੀ ਛੱਡ ਕੇ ਭਾਰਤ ਆ ਗਏ।

ਇਸੇ ਤਰ੍ਹਾਂ ਬੇਖੌਫ, ਨਿਧੜਕ ਯੋਧੇ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਹੋਏ, ਜਿਹਨਾਂ ਜਿੱਥੇ ਜਾਤ–ਪਾਤ ਦੇ ਕੋਹੜ ਨੂੰ ਰੱਜ ਕੇ ਭੰਡਿਆ ਹੀ ਨਹੀਂ ਬਲਕਿ ਕਾਨੂੰਨਨ ਖਤਮ ਕਰਾਉਣ ਲਈ ਆਵਾਜ਼ ਬੁਲੰਦ ਕੀਤੀ, ਨੇ ਪੰਜਾਬ ਦੀ ਪਹਿਲੀ ਅਸੈਂਬਲੀ (1937 ਵਿਚ) ਲਾਹੌਰ ਵਿਖੇ ਅਸੈਂਬਲੀ ਵਿਚ ਕੁਰਸੀ ਉਤੇ ਬੈਠਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿ ਮੈਂ ਕੁਰਸੀ ਉਤੇ ਤਾਂ ਬੈਠਾਂ, ਪਰ ਕੁਰਸੀ ਰੱਖਾਂ ਕਿੱਥੇ? ਤਾਂ ਉਹਨਾਂ ਨੇ ਕੁਰਸੀ ਆਪਣੇ ਸਿਰ ਤੇ ਰੱਖ ਲਈ। ਤਾਂ ਅਸੈਂਬਲੀ ਸਪੀਕਰ ਨੇ ਕਿਹਾ ਕਿ ਇਹ ਕੈਸਾ ਮਜ਼ਾਕ ਹੈ? ਤਾਂ ਬਾਬਾ ਮੁੱਗੋਵਾਲੀਆ ਜੀ ਨੇ ਕਿਹਾ ਕਿ ਸਪੀਕਰ ਸਾਹਿਬ ਸਾਨੂੰ ਆਪਣੇ ਹੀ ਮੁਲਕ ਅੰਦਰ ਇਕ ਮਰਲਾ ਵੀ ਜਗ੍ਹਾ ਖਰੀਦਣ ਦਾ ਹੱਕ ਨਹੀਂ ਹੈ। ਪਹਿਲਾਂ ਸਾਨੂੰ ਹੋਰਨਾਂ ਦੇਸ਼ ਵਾਸੀਆਂ ਬਰਾਬਰ ਹੱਕ ਮਿਲਣਾ ਚਾਹੀਦਾ ਹੈ, ਮਜ਼ਾਕ ਅਸੀਂ ਨਹੀਂ ਕਰਦੇ, ਬਲਕਿ ਮਜ਼ਾਕ ਤਾਂ ਸਾਡੇ ਨਾਲ ਸਦੀਆਂ ਤੋਂ ਹੁੰਦਾ ਆਇਆ ਹੈ।।

ਸ੍ਰੀ ਚੁੰਬਰ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਦਾ ਤਾਂ ਕਹਿਣਾ ਹੀ ਕਿਆ। ਉਹਨਾਂ ਨੇ ਮੁੱਗੋਵਾਲੀਆ ਦੀ ਪੱਥਰ ਤੇ ਲਕੀਰ ਵਾਂਗ, ਮੂਲ ਨਿਵਾਸੀ ਸੋਚ ਨੂੰ ਲੈ ਕੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਮਿਸ਼ਨ ਫੁੱਲੇ–ਅੰਬੇਡਕਰ–ਸ਼ਾਹੂ ਜੀ ਮਹਾਰਾਜ ਦੇ ਸਿਧਾਂਤ ਨੂੰ ਲੈ ਕੇ ਦੇਸ਼ ਦੇ ਘਰ ਘਰ ਪਹੁੰਚਾ ਦਿੱਤਾ।

ਸ਼ਾਇਰ ਸ੍ਰੀ ਗੁਰਬਚਨ ਚੋਪੜਾ ਨੇ ਵੀ ਬਾਬਾ ਸਾਹਿਬ ਦੇ ਜਨਮ ਦਿਨ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਭਰਮ ਹੈ ਕਿ ਸਾਡੇ ਲਈ ਗਾਂਧੀ ਨੇ ਕੁਝ ਕੀਤਾ, ਨਹੀਂ। ਸਾਡੇ ਲਈ ਤਾਂ ਸਭ ਕੁਝ ਡਾ. ਅੰਬੇਦਕਰ ਨੇ ਹੀ ਕੀਤਾ। ਇਹਨਾਂ ਤੋਂ ਇਲਾਵਾ ਰਾਜ ਕੁਮਾਰ ਜੀ ਨੇ ਵੀ ਵਧਾਈਆਂ ਦਿੱਤੀਆਂ ਅਤੇ ਚੰਗੇ ਮਾਰਗ ਤੇ ਚੱਲਣ ਲਈ ਬੇਨਤੀ ਕੀਤੀ।

ਸ੍ਰੀ ਰਾਕੇਸ਼ ਚੰਦਰ ਜੀ ਨੇ ਬਾਬਾ ਸਾਹਿਬ ਪ੍ਰਤੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਜਦੋਂ ਕੋਈ ਸਭ ਲਈ ਸੰਘਰਸ਼ ਕਰਦਾ ਹੈ ਤਾਂ ਉਹ ਸਭ ਦਾ ਨੇਤਾ ਹੁੰਦਾ ਹੈ। ਅਸੀਂ ਡਾ. ਅੰਬੇਦਕਰ ਨੂੰ ਸਭ ਦਾ ਨੇਤਾ ਮੰਨਦੇ ਹਾਂ ਅਤੇ ਉਹਨਾਂ ਦੀ ਬਦੌਲਤ ਇੱਥੇ ਤੱਕ ਪਹੁੰਚ ਸਕੇ।

ਸ੍ਰੀ ਤਵਿੰਦਰ ਕਾਜ਼ਲਾ ਜੀ ਨੇ ਡਾ. ਅੰਬੇਦਕਰ ਤੇ ਮਦਰ ਡੇਅ ਤੇ ਵਧਾਈ ਦਿੰਦਿਆਂ ਕਿਹਾ ਕਿ ਡਾ. ਅੰਬੇਦਕਰ ਜੀ ਨੇ ਸਾਨੂੰ ਕਾਨੂੰਨ ਰਾਹੀਂ ਹੱਕ ਲੈ ਕੇ ਦਿੱਤੇ ਹਨ। ਅਸੀਂ ਉਹਨਾਂ ਨੂੰ ਭੁਲਾ ਨਹੀਂ ਸਕਦੇ। ਉਹਨਾਂ ਕਿਹਾ ਕਿ ਅਗਲੇ ਸਾਲ ਕਿੰਨਾ ਚੰਗਾ ਹੋਵੇ, ਜੇਕਰ ਡਾ. ਅੰਬੇਦਕਰ ਜੀ ਦਾ ਜਨਮ ਦਿਹਾੜਾ ਵੱਡੇ ਪੱਧਰ ਤੇ ਇਕ ਜਗ੍ਹਾ ਸਭ ਇਕੱਠੇ ਹੋ ਕੇ ਮਨਾਉਣ।

ਸ੍ਰੀ ਹੰਸ ਰਾਜ ਕਾਜਲਾ ਨੇ ਕਿਹਾ ਕਿ ਬਾਬਾ ਸਾਹਿਬ ਡਾ: ਅੰਬੇਦਕਰ ਜੀ ਨੇ ਸਾਨੂੰ ਜੋ ਕੁਝ ਦਿੱਤਾ, ਉਸ ਨੂੰ ਭੁਲਾ ਨਹੀਂ ਸਕਦੇ। ਮਦਰ ਡੇਅ ਤੇ ਬਾਬਾ ਸਾਹਿਬ ਦੇ ਜਨਮ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਡਾ. ਅੰਬੇਦਕਰ ਨੂੰ ਹਿੰਦੂ ਕੋਡ ਬਿਲ ਪਾਸ ਨਾ ਹੋਣ ਕਰਕੇ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ ਜੋ ਕਿ ਔਰਤ ਵਰਗ ਦੀ ਗੱਲ ਕਰਦਾ ਸੀ। ਅਸੀਂ ਬਾਬਾ ਸਾਹਿਬ ਦੇ ਕੀਤੇ ਪਰਉਪਕਾਰ ਕਦੇ ਭੁਲਾ ਨਹੀਂ ਸਕਦੇ।

ਸ਼ਾਇਰ ਸ: ਗੁਰਦੀਪ ਸਿੰਘ ਹੀਰਾ ਨੇ ਮਦਰ ਡੇਅ ਅਤੇ ਡਾ. ਅੰਬੇਦਕਰ ਸਬੰਧਤ ਰਚਨਾਵਾਂ ਪੜ੍ਹ ਕੇ ਸੰਗਤਾਂ ਦੀ ਜਾਣਕਾਰੀ ਵਿਚ ਹੋਰ ਵਾਧਾ ਕੀਤਾ।

ਇਸ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਸਮੂਹ ਸੰਗਤਾਂ ਨੂੰ ਮਦਰਜ਼ ਡੇਅ ਅਤੇ ਡਾ. ਅੰਬੇਦਕਰ ਦੇ ਜਨਮ ਦਿਨ ਮਨਾਏ ਜਾਣ ਤੇ ਵਧਾਈਆਂ ਦਿੱਤੀਆਂ।

ਅੱਜ ਦੇ ਇਸ ਸਮਾਗਮ ਦੀ ਸਟੇਜ ਸੇਵਾ ਸ੍ਰੀਮਾਨ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਿਭਾਉਂਦਿਆਂ ਸਭ ਸੰਗਤਾਂ ਨੂੰ ਡਾ. ਅੰਬੇਦਕਰ ਦੇ ਜਨਮ ਦਿਨ ਅਤੇ ਮਦਰਜ਼ ਡੇਅ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਧਾਈਆਂ ਦਿੱਤੀਆਂ ਅਤੇ ਉਹਨਾਂ ਦਾ ਧੰਨਵਾਦ ਕੀਤਾ ਕਿ ਉਹਨਾਂ ਆਪਣਾ ਕੀਮਤੀ ਸਮਾਂ ਕੱਢ ਕੇ ਗੁਰੂ ਘਰ ਹਾਜ਼ਰੀਆਂ ਲਗਵਾਈਆਂ। ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਵੱਲੋਂ ਵੀ ਸਭ ਨੂੰ ਬੇਨਤੀ ਕੀਤੀ ਗਈ ਕਿ ਇਸੇ ਤਰ੍ਹਾਂ ਇਕੱਠੇ ਹੋ ਕੇ ਏਕਤਾ ਦਾ ਸਬੂਤ ਦਿਓ ਜੀ ਤੇ ਵਾਹਿਗੁਰੂ ਸਭ ਨੂੰ ਖੁਸ਼ੀਆਂ ਖੇੜੇ ਬਖਸ਼ੇ।

# ਉਘੇ ਬਿਜਨਸਮੈਨ ਸ. ਅਮਰੀਕ ਸਿੰਘ ਪਰਿਹਾਰ ਤੇ ਪਰਿਵਾਰ ਵੱਲੋਂ ਆਪਣੇ ਦੋਵੇਂ ਹੋਣਹਾਰ ਸਪੁੱਤਰਾਂ ਦਾ ਜਨਮ ਦਿਨ ਮਨਾਇਆ




















## ਪਰਿਹਾਰ ਨਿਵਾਸ




ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# INDIAN CARE ASSOCIATION

Fairfield
Presents





## Punjab Lok Rang's

# ਉਮਰਾਂ ਲੰਘੀਆਂ ਪੱਬਾਂ ਭਾਰ

# Umran Langhian Pabban Bhaar

**Date : May 30, 2015** | **Time : Doors Open 6:00 PM** | **Show Starts : 7:00 PM**

**Venue :** Fairfield Center for Creative Arts
1035 Texas Street Fairfield, California 94533

**Tickets :** $35 Balcony (First Come First Serve)
» VIP (Please Call 707-315-2468)

A Punjabi Drama
Written & Directed By
Surinder Singh Dhanoa



*The story of a man's dedication to his family against all odds...*

**Performances by:**

- Jaswinder Kaur Dhanoa
- Pali Dhanaula
- Ramneet Chaudhary
- Sonu Rana
- Shakti Manak
- Amritpal Sra
- Jaswinder Saggi
- Monica Uppal
- Dimple Joshi
- Sonia Chera
- Darshan Aujla
- Sewa Sra
- Kanwar Sra
- Lovy Sra
- Sukhi Cheema

**Lights:** Vivek Popli
**Sound:** Inderjit Singh

Designed By : Punjab Mail USA



Flamingo Palace
We can easily accommodate upto 1,200 guests.
5715 Watt Avenue, North Highlands, CA 95660
Celebrate!
Wedding
Reception
Quinceanera
Holiday Parties
Birthday Parties
Corporate Functions
On Site Catering & Bar Service
flamingobanquets.com 916-334-6000
GUARANTEED BEST PRICE & SERVICE IN TOWN

For More Information

**Contact (707) 315-2468 Email: indiancareassociation@gmail.com**


PUNJABI AMERICAN HERITAGE SOCIETY (PAHS) YUBA CITY PRESENTS...
21st ANNUAL
PUNJABI AMERICAN
Festival
YUBA CITY
ਪੰਜਾਬੀ ਮੇਲਾ
GLOBAL PUNJAB
Dish Network Channel 739
www.GlobalPunjabTV.com
AMMY VIRK
MISS POOJA
GITTA BAINS
MANNA DHILLON
DEVINDER PAL
Indian Idol
SUNDAY • MAY 24, 2015
YUBA SUTTER FAIRGROUNDS
442 FRANKLIN AVE • YUBA CITY, CA 95991 • 11AM TO 8PM
TOP NORTH AMERICAN BHANGRA & GIDDHA TEAMS
Documentaries, Ethnic Dancers, comedy skits and much more...
Tickets: Pre: $15 | Door: $20
Available at local Punjabi Stores | Children under 5 Free
OVER 50 BOOTHS
Featuring: Arts & Crafts, Traditional Clothing, Children's Games, Punjabi Cuisine, Mehndi, Jewelry, Henna Tattoos and More!
Information / Booths / Participation / Sponsorship: 530.844.0247
WWW.PUNJABIHERITAGE.ORG
Facebook.com/PunjabiAmericanHeritageSociety | PunjabiAmerican@gmail.com
PAHS can't guarantee performance of advertised artists in case of circumstances beyond our control

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## For the first time

# Kaler Kanth

famous singer from Punjab, is coming with his group to

## Sri Guru Ravidass Temple in Pittsburg (CA)

## on Sunday, May 24, 2015

Entire Sangat is invited to attend this function which is a rare opportunity to watch this spectacular artist live with his unique devotional songs. Shabad kirtan will begin after Sukhmani Sahib path. Dedicated Narabut family is doing the Langar Sewa.

ਇਹ ਧਾਰਮਿਕ ਸਮਾਗਮ ਚੇਅਰਮੈਨ ਫਕੀਰਾ ਮਹਿਮੀ ਅਤੇ ਪਰਿਵਾਰ ਵੱਲੋਂ ਵਿਸ਼ੇਸ਼ ਸੱਦੇ 'ਤੇ ਅਤੇ ਲਖਵੀਰ ਜੌਹਲ ਦੇ ਸਹਿਯੋਗ ਸਦਕਾ ਹੋ ਰਿਹਾ ਹੈ।

www.SriGuruRavidassTemple.Com




## Sewadars

| Chairman | President | General Secretary | Treasurer |
|---|---|---|---|
| Faqira Mehmi | Ramesh Suman | Dilbag Singh | Narinder Chahal |
| (925)698.1341 | (925) 366.3618 | (209)834-4641 | (209)627.7974 |

# ਸਾਹਿਤਕ ਹਲਕਿਆਂ ਦਾ ਵਣਜਾਰਾ- ਰਾਜ ਜਖਮੀ

ਸਾਹਿਤਕ ਹਲਕਿਆਂ ਦਾ ਵਣਜਾਰਾ ਰਾਜ ਜਖਮੀ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀ। ਇਸ ਖੇਤਰ ਵਿਚ ਉਹ ਤਿੰਨ ਦਿਹਾਕਿਆਂ ਤੋਂ ਵੱਧ ਸਮੇ ਤੋਂ ਵਣਜ ਕਰਦਾ ਆ ਰਿਹਾ ਹੈ। "ਪ੍ਰੀਤਾਂ ਦਾ ਵਣਜਾਰਾ" ਗੀਤ-ਸੰਗ੍ਰਹਿ (ਜਿਸ ਦੇ ਤਿੰਨ ਐਡੀਸ਼ਨ ਨਿਕਲ ਚੁੱਕੇ ਹਨ) ਤੋਂ ਸ਼ੁਰੂਆਤ ਕਰਕੇ "ਪੀੜਾਂ ਦਾ ਵਣਜਾਰਾ", "ਮਹਿਕਾਂ ਦਾ ਵਣਜਾਰਾ", "ਜਖਮਾਂ ਦਾ ਵਣਜਾਰਾ", "ਸਾਵਣ ਦਾ ਵਣਜਾਰਾ", ਅਤੇ "ਇਕ ਸ਼ਾਇਰ ਦਾ ਵਣਜਾਰਾ", ਆਦਿ ਜਿੱਥੇ ਉਹ ਇਕ ਦਰਜਨ ਮੌਲਿਕ ਗੀਤ-ਸੰਗ੍ਰਹਿ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾ ਚੁੱਕਾ ਹੈ, ਉਥੇ "ਸਾਂਝੀਆਂ ਲਹਿਰਾਂ", "ਕਲਮਾਂ ਦੇ ਵਣਜਾਰੇ", "ਮੂੰਹੋਂ ਬੋਲਦੀਆਂ ਕਲਮਾਂ", ਅਤੇ "ਕਲਮਾਂ ਦੇ ਸਿਰਨਾਵੇਂ" ਆਦਿ ਤਿੰਨ ਦਰਜਨ ਦੇ ਕਰੀਬ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਵੀ ਗੀਤਕਾਰ ਵਜੋਂ ਨਾਂਓਂ ਬੋਲਦਾ ਹੈ, ਉਸ ਦਾ।

ਇਹ ਵਣਜ ਕਰਦਿਆਂ ਉਸਨੇ ਪੈਸਾ ਨਹੀ ਖੱਟਿਆ, ਬਲਕਿ ਉਹ ਕੁਝ ਖੱਟਿਆ-ਵੱਟਿਆ ਹੈ ਜੋ ਪੈਸੇ ਨਾਲ ਖਰੀਦਿਆਂ ਵੀ ਹਾਸਲ ਨਹੀ ਹੁੰਦਾ। ਉਸ ਨੇ ਰੱਜ ਕੇ ਸ਼ੁਹਰਤ ਖੱਟੀ ਹੈ ਤੇ ਨਾਮ ਕਮਾਇਆ ਹੈ। ਨਾ-ਸਿਰਫ ਚੰਡੀਗੜ੍ਹ-ਮੁਹਾਲੀ, ਖਰੜ ਕੁਰਾਲੀ ਅਤੇ ਜੀਰਕਪੁਰ-ਪੰਚਕੂਲਾ ਆਦਿ ਆਪਣੇ ਘਰ ਦੇ ਆਲੇ-ਦੁਆਲੇ ਵਿਚ ਵਿਚਰਦੀਆਂ ਸੰਸਥਾਵਾਂ ਵਿਚ ਵਿਚਰ ਕੇ ਹੀ, ਸਟੇਜਾਂ ਦੇ ਧਨੀ ਕਵੀ ਹੋਣ ਦੀ ਉਸਨੇ ਧਾਂਕ ਜਮਾਈ, ਬਲਕਿ ਪੂਰੇ ਪੰਜਾਬ ਦੇ ਕੋਨੇ-ਕੋਨੇ ਵਿਚ ਕਵੀ-ਦਰਬਾਰਾਂ ਵਿਚ ਹਾਜਰੀਆਂ ਭਰ ਕੇ ਆਪਣਾ ਇਕ ਵਿਸੇਸ਼ ਮੁਕਾਮ ਹਾਸਲ ਕੀਤਾ ਹੈ। ਉਸ ਦੀ ਕਲਮ ਚੋਂ ਨਿਕਲੇ ਬੋਲਾਂ ਨੂੰ ਕਈ ਗਾਇਕਾਂ ਨੇ ਆਪੋ-ਆਪਣੀ ਅਵਾਜ ਵਿਚ ਰਿਕਾਰਡ ਕਰਵਾਇਆ ਹੈ, ਜਿਨ੍ਹਾਂ ਵਿਚੋਂ ਚੰਡੀਗੜ੍ਹ ਦੇ ਗਾਇਕ-ਸਿਤਾਰੇ ਅਮਰ ਵਿਰਦੀ ਦਾ ਨਾਂਓਂ ਮੂਹਰਲੀ ਕਤਾਰ ਵਿਚ ਆਉਂਦਾ ਹੈ, ਜਿਸ ਨੇ "ਪ੍ਰੀਤਾਂ ਦਾ ਵਣਜਾਰਾ" ਕੈਸਿਟ ਰਿਕਾਰਡ ਕਰਵਾ ਕੇ ਜਖਮੀ ਨੂੰ ਸਥਾਪਤ ਗੀਤਕਾਰ ਦਾ ਦਰਜਾ ਦਿਵਾਇਆ। ਆਲ ਇੰਡੀਆ ਰੇਡੀਓ ਦੀ ਰਹਿ ਚੁੱਕੀ




ਨਾਮਵਰ ਹਸਤੀ ਸਵ: ਸਤਪਾਲ ਤਾਲਿਬ ਦਾ ਸ਼ਗਿਰਦ ਜਖਮੀ ਅਨਗਿਣਤ ਬਾਰ ਰੇਡੀਓ ਅਤੇ ਦੂਰ-ਦਰਸ਼ਨ, ਜਲੰਧਰ ਤੋਂ ਵੀ ਪੇਸ਼ਕਾਰੀਆਂ ਦੇਕੇ ਮੀਡੀਆ ਦੇ ਸਰੋਤਿਆਂ ਅਤੇ ਦਰਸ਼ਕਾਂ ਦੇ ਮਨਾਂ ਉਤੇ ਵੀ ਗਹਿਰੀ ਛਾਪ ਛੱਡ ਚੁੱਕਾ ਹੈ।

ਚੰਡੀਗੜ੍ਹ ਦੇ ਸੈਕਟਰ-40 ਵਿਚ, ਉਸਦੇ ਨਿਵਾਸ ਸਥਾਨ-3259 ਨੰਬਰ ਵਿਚ ਜਾਕੇ ਮੱਲੋ-ਮੱਲੀ ਸਿਰ ਝੁਕ ਜਾਂਦਾ ਹੈ ਦਰਸ਼ਕ ਦਾ, ਜਦੋਂ ਜਖਮੀ ਦੀਆਂ ਮਾਣ-ਮੱਤੀਆਂ ਪ੍ਰਾਪਤ ਕੀਤੀਆਂ ਸ਼ੀਲਡਾਂ, ਐਵਾਰਡ ਤੇ ਸਨਮਾਨ-ਪੱਤਰਾਂ ਵੱਲ ਨਜਰ ਜਾਂਦੀ ਹੈ, ਉਸ ਦੀ। ਇਨ੍ਹਾਂ ਐਵਾਰਡਾਂ ਵਿਚ ਸਸ਼ੋਭਿਤ ਡਾ. ਅੰਬੇਦਕਰ ਫੈਲੋਸ਼ਿਪ ਐਵਾਰਡ ਅਤੇ ਦਲਿਤ ਸਾਹਿਤ ਅਕਾਦਮੀ ਦੇ ਸ਼੍ਰੋਮਣੀ ਐਵਾਰਡ ਜਖਮੀ ਜੀ ਦੀ ਕਲਮ ਦਾ ਕੱਦ-ਬੁੱਤ ਉੱਚਾ ਕਰ ਰਹੇ ਹਨ।

ਜਿੰਦਗੀ ਦੀਆਂ 75 ਰੁੱਤਾਂ ਮਾਣ ਚੁੱਕਾ ਜਖਮੀ ਉਮਰ ਦੇ ਥਪੇੜਿਆਂ ਦਾ ਝੰਬਿਆ ਸਰੀਰਕ ਤੌਰ ਤੇ ਹੁਣ ਬੇਸ਼ੱਕ ਨਿਢਾਲ ਹੈ, ਪਰ ਕਲਮੀ ਪੱਖ ਤੋਂ ਉਹ ਜੋਸ਼-ਖਰੋਸ਼ ਨਾਲ ਭੱਜਣ ਵਾਲਾ ਪੂਰਨ ਜਵਾਨ ਤੇ ਦਲੇਰ ਕਲਮਕਾਰ ਹੈ। ਇਸ ਗੱਲ ਦੀ ਹਾਮੀ ਭਰ ਰਿਹਾ ਹੈ, ਜਲਦੀ ਹੀ ਪਾਠਕਾਂ ਦੇ ਹੱਥਾਂ ਵਿਚ ਆ ਰਿਹਾ ਉਸ ਦਾ ਅਗਲਾ ਗੀਤ-ਸੰਗ੍ਰਹਿ "ਰੀਝਾਂ ਦਾ ਵਣਜਾਰਾ"।

ਇੱਥੋਂ ਤੱਕ ਪਹੁੰਚਣ ਦਾ ਸਿਹਰਾ, ਜਖਮੀ ਜਿੱਥੇ ਪਰਿਵਾਰ ਵਿਚ ਆਪਣੀ ਜੀਵਨ-ਸਾਥਣ ਸਰੋਜ ਸ਼ਰਮਾ, ਬੇਟਾ ਚਰਨਜੀਤ ਸ਼ਰਮਾ, ਨੂੰਹ ਰਾਣੀ ਪੂਜਾ ਸ਼ਰਮਾ ਅਤੇ ਪੋਤਰੇ ਜਤਨ ਤੇ ਜਸਦੀਪ ਨੂੰ ਦਿੰਦਾ ਹੈ, ਉਥੇ ਸਾਹਿਤਕ ਖੇਤਰ ਵਿਚ ਅਮਰ ਵਿਰਦੀ, ਲਾਲ ਸਿੰਘ ਲਾਲੀ, ਕਸ਼ਮੀਰ ਘੇਸਲ, ਡਾ. ਪੰਨਾ ਲਾਲ ਮੁਸਤਫਾਬਾਦੀ, ਡਾ. ਲੇਖ ਰਾਜ ਪ੍ਰਵਾਨਾ, ਕ੍ਰਿਸ਼ਨ ਰਾਹੀ (ਨੈਸ਼ਨਲ ਅਵਾਰਡੀ) ਅਤੇ ਬਾਬੂ ਰਾਮ ਦੀਵਾਨਾ ਜੀ ਵਰਗੇ ਮਿਲੇ ਸੁਹਿਰਦ ਸਾਥੀਆਂ ਸਿਰ ਵੀ ਉਹ ਸਿਹਰਾ ਬੰਨ੍ਹਦਾ ਹੈ।

ਰੱਬ ਕਰੇ ਫਕੀਰਾਨਾ ਬਿਰਤੀ ਦਾ ਮਾਲਕ ਜਖਮੀ ਸਿਹਤਯਾਬ ਰਵ੍ਹੇ ਤਾਂ ਕਿ ਕਲਮ ਦੇ ਇਸ ਸ਼ਹਿਨਸ਼ਾਹ ਦੀ ਕਲਮ ਇਵੇਂ ਹੀ ਨਿਰੰਤਰ ਚੱਲਦੀ ਰਵ੍ਹੇ ! ਆਮੀਨ!



**- ਪ੍ਰੀਤਮ ਲੁਧਿਆਣਵੀ**
**98764 28641**

## "ਛੋਟਾ ਘੱਲੂਘਾਰਾ"

ਸਿੱਖ ਇਤਿਹਾਸ ਸ਼ਹੀਦੀਆਂ ਵਾਲਾ ਹੈ।
ਛੋਟੇ ਘੱਲੂਘਾਰੇ ਦਾ ਇਕ ਹਵਾਲਾ ਹੈ।
ਰੋਹ ਵਿਚ ਆਏ ਦੀਵਾਨ ਲੱਖਪਤ ਰਾਏ ਨੇ ਸੀ ਜ਼ਹਾਦ ਚਲਾਇਆ।
ਵਿਚ ਲਾਹੌਰ ਦੇ ਉਸਨੇ ਸੀ ਚੁਣ ਚੁਣ ਹਰ ਸਿੱਖ ਮੁਕਾਇਆ।
ਬੱਚਦੇ ਬਚਾਉਂਦੇ ਸਿੱਖਾਂ ਦਾ ਕਾਫ਼ਲਾ ਕਾਹਨੂੰਵਾਲ ਜੰਗਲ ਵੱਲ ਧਾਇਆ।
ਮੁਗਲ ਫੌਜ ਨੇ ਸੀ ਆਣਕੇ ਫਿਰ ਘੇਰਾ ਪਾਇਆ।
ਸ਼ਰਨ ਪੈਣ ਲਈ ਸਿੱਖਾਂ ਨ ਹਿੰਦੂ ਪਹਾੜੀਆਂ ਵੱਲ ਸੀ ਹੱਥ ਵਧਾਇਆ।
ਹੁਕਮ ਦੇ ਬੱਧੇ ਹਿੰਦੂਆਂ ਸਿੱਖਾਂ 'ਤੇ ਸੀ ਪੱਥਰ ਵਰਸਾਇਆ।
ਨਿਹੱਥੇ ਸਿੰਘਾਂ ਨੂੰ ਵਕਤ ਨੇ ਸੀ ਮੁਸ਼ਕਿਲ ਵਿਚ ਪਾਇਆ।
ਇਕ ਪਾਸੇ ਸਿੱਧਾ ਪਹਾੜ ਤੇ ਸੀ ਰਾਵੀ ਚੜ੍ਹਿਆ।
ਉਪਰੋਂ ਮੁਗਲ ਫੌਜ ਨੇ ਸੀ ਘੇਰਾ ਘੱਤਿਆ।
ਮੁਸ਼ਕਿਲ ਦੀ ਘੜੀ ਹਰ ਸਿੱਖ ਸੀ ਤਿਤਰ ਬਿਤਰ ਹੋਇਆ
ਕੁਝ ਕਰ ਗਏ ਸੀ ਰਾਵੀ ਪਾਰ ਕੁਝ ਪਹਾੜੀਂ ਛੁਪੇ
ਨਾ ਅਸਲਾ ਨਾ ਖੁਰਾਕ ਸੀ ਸਿੱਖਾਂ ਦੇ ਹੱਥੇ
ਉਪਰੋਂ ਗਰਮੀ ਕਹਿਰ ਦੀ ਨਾ ਪੈਰੀਂ ਜੋੜੇ।
ਇਸ ਮੁਸ਼ਕਿਲ ਵਿਚ ਸਿੱਖ ਸੀ ਸ਼ਹੀਦੀਆਂ ਪਾਵਣ ਲੱਗੇ
ਪਾ ਗਏ ਸੀ ਸਿੱਖ ਸ਼ਹੀਦੀਆਂ, ਸਿੱਖੀ ਸ਼ਾਨ ਨੂੰ ਕਰ ਗਏ ਪੱਕੇ।
7000 ਸੀ ਹੋਏ ਸ਼ਹੀਦ 3000 ਮੁਗਲਾਂ ਨੇ ਬੱਧੇ।
ਘੋੜਾ ਮੰਡੀ ਵਿਚ ਕੀਤੇ ਸ਼ਹੀਦ ਸੀ ਕਰਕੇ ਇਕੱਠੇ
ਸ਼ਹੀਦਗੰਜ ਉਨ੍ਹਾਂ ਦੀ ਯਾਦ ਵਿਚ ਸੀ ਬਣਿਆ ਜਿੱਥੇ
ਕਹਿੰਦੇ ਇਸ ਨੂੰ ਛੋਟਾ ਘੱਲੂਘਾਰਾ ਕਲੰਕ ਮੁਗਲਾਂ ਦੇ ਮੱਥੇ
ਥੱਕ ਹਾਰ ਦੀਵਾਨ ਲਖਪਤ ਰਾਏ ਮੁੜ ਗਿਆ ਲਾਹੌਰ ਨੂੰ ਪਿੱਛੇ
6 ਮਹੀਨਿਆਂ ਵਿਚ ਸੀ ਗੁਰਮੱਤਾ ਪਕਾ ਸਿੱਖ ਅੰਮ੍ਰਿਤਸਰ ਹੋ ਗਏ ਕੱਠੇ
"ਸਿੱਖ ਪੰਥ" ਕਦੇ ਵੀ ਨਾਂ ਮੁਕਾਇਆ ਮੁੱਕਿਆ
''ਪ੍ਰਵਾਨਾ'' ਪ੍ਰਣਾਮ ਸ਼ਹੀਦਾਂ ਨੂੰ ਜਿਨ੍ਹਾਂ ਸਿੱਖ ਪੰਥ ਨੂੰ ਰਾਹ ਦਿਖਾਇਆ।

**- ਪ੍ਰਮਿੰਦਰ ਸਿੰਘ ''ਪ੍ਰਵਾਨਾ''**
**510-781-0487**

# ਮਾਸਟਰ ਨਿਰਮਲ ਸਿੰਘ 'ਲਾਲੀ' ਦੀ ਪੁਸਤਕ 'ਜ਼ਿੰਦਗੀ ਦਾ ਸੰਦੇਸ਼ ਤੇ ਉਦੇਸ਼' ਲੋਕ ਅਰਪਣ

**ਰਾਜਪੁਰਾ (ਪੰਜਾਬ) (ਪ੍ਰਮਿੰਦਰ ਸਿੰਘ ਪ੍ਰਵਾਨਾ/ ਡਾ. ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਰਾਜਪੁਰਾ ਦੇ ਇਕ ਸਾਹਿਤਕ ਸਮਾਗਮ ਰੋਟਰੀ ਭਵਨ ਵਿਚ ਪੰਜਾਬੀ ਦੇ ਮਸ਼ਹੂਰ ਲੇਖਕ ਮਾਸਟਰ ਨਿਰਮਲ ਸਿੰਘ 'ਲਾਲੀ' ਦੀ ਪੁਸਤਕ 'ਜ਼ਿੰਦਗੀ ਦਾ ਸੰਦੇਸ਼ ਤੇ ਉਦੇਸ਼' ਲੋਕ ਅਰਪਣ ਹੋਈ। ਸਮਾਗਮ ਦੀ ਪ੍ਰਧਾਨਗੀ ਡਾ. ਗੁਰਵਿੰਦਰ ਸਿੰਘ 'ਅਮਨ' ਨੇ ਕੀਤੀ।

ਮੰਚ ਸੰਚਾਲਨ ਸੰਭਾਲਦਿਆਂ ਬਲਦੇਵ ਸਿੰਘ ਖੁਰਾਣਾ ਨੇ ਪ੍ਰੋਗਰਾਮ ਦਾ ਆਗਾਜ਼ ਕਰਨ ਲਈ ਕੁਲਵੰਤ ਜੱਸਲ ਨੂੰ ਸੱਦਾ ਦਿੱਤਾ ਤੇ ਉਹਨਾਂ ਨੇ ਜ਼ਿੰਦਗੀ ਦੇ ਨਾਜ਼ੁਕ ਰਿਸ਼ਤਿਆਂ ਤੇ ਕਟਾਸ਼ ਕਰਦਿਆਂ ਕਵਿਤਾ ਕਹੀ। ਭੀਮ ਸੈਨ ਝੁਲੇਲਾਲ ਦੀ 'ਸਰਾਇਕੀ' ਕਵਿਤਾ ਖੂਬ ਰਹੀ।

ਗੁਰਵਿੰਦਰ ਆਜ਼ਾਦ ਦੀ ਗ਼ਜ਼ਲ 'ਤੇਰੇ ਮਾਸੂਮ ਚਿਹਰੇ ਨੇ ਲੁੱਟਿਆ ਦਿਲ ਹਜ਼ਾਰਾਂ ਦਾ' ਕਰਮ ਸਿੰਘ ਹਕੀਰ ਦੀ ਐਵੇਂ ਗੁਜ਼ਰ ਗਏ ਜ਼ਿੰਦਗੀ ਦੇ ਦਿਨ ਚਾਰ, ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰਿਆਂ ਨੇ ਗੀਤ 'ਉਠ ਜਿੰਦੇ ਨਾਮ ਜਪ ਲੈ' ਤਰਨਮ 'ਚ ਸੁਣਾ ਕੇ ਮਾਹੌਲ ਸਿਰਜਿਆ। ਡਾ. ਹਰਜੀਤ ਸਿੰਘ ਸੰਧਰ ਦਾ ਕਿਰਸਾਨੀ ਦੀ ਤ੍ਰਾਸਦੀ ਤੇ ਗੀਤ 'ਜੇਕਰ ਜਿਊਣਾ ਚਾਹੁੰਦੇ ਹੋ ਤਾਂ ਅੰਨਦਾਤੇ ਨੂੰ ਨਾ ਮਾਰੋ' ਸੁਣਾ ਕੇ ਸਰੋਤਿਆਂ ਨੂੰ ਕੀਲ ਦਿੱਤਾ। ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਅਮਨ ਨੇ 'ਮਾਂ ਦਿਵਸ ਨੂੰ ਸਮਰਪਿਤ ਕਵਿਤਾ' ਮੇਰੀ ਮਾਂ ਸੁਣਾ ਕੇ ਸਭ ਨੂੰ ਸੰਜੀਦਾ ਕਰ ਦਿੱਤਾ।



ਡਾ. ਹਰਬੰਸ ਅਹੂਜਾ ਨੇ ਤਰਨਮ 'ਚ 'ਦਿਲ ਮੇਂ ਏਕ ਲਹਿਰ ਸੀ ਉਠੀ ਹੈ ਅਭੀ' ਸੁਣਾ ਕੇ ਮਾਹੌਲ ਨੂੰ ਸਰੋਸ਼ਾਰ ਕੀਤਾ। ਅੰਗਰੇਜ਼ ਕਲੇਰ ਦੀ ਪ੍ਰੋੜ੍ਹਤਾ ਭਰਪੂਰ ਕਵਿਤਾ ਕਾਬਲੇ ਤਾਰੀਫ ਰਹੀ। ਗੁਰਜਿੰਦਰ ਕੁਥਾ ਨੇ ਵੀ ਵਧੀਆ ਕਵਿਤਾ ਦਾ ਨਮੂਨਾ ਪੇਸ਼ ਕੀਤਾ। ਸੰਤੋ ਸਿੰਘ 'ਪੰਛੀ', ਮੈਡਮ ਰੀਟਾ, ਰਕੇਸ਼ ਨਾਦਾਨ ਤੇ ਕਾਮਨਾ ਪਕਾਸ਼ 'ਨਾਚੀਜ਼' ਦੀਆਂ ਕਵਿਤਾਵਾਂ ਨੇ ਵੀ ਖੂਬ ਰੰਗ ਬੰਨ੍ਹਿਆ।

ਸਾਹਿਤਕਾਰ ਮਾਸਟਰ ਨਿਰਮਲ ਸਿੰਘ ਲਾਲੀ ਦੀ ਪੁਸਤਕ 'ਜ਼ਿੰਦਗੀ ਦਾ ਸੰਦੇਸ਼ ਤੇ ਉਦੇਸ਼' ਲੋਕ ਅਰਪਣ ਕੀਤੀ ਗਈ। ਇਸ ਮੌਕੇ ਪੁਸਤਕ ਬਾਰੇ ਡਾ. ਹਰਜੀਤ ਸਿੰਘ ਸੰਧਰ ਨੇ ਪੜਚੋਲ ਨਾਤਮਕ ਚਰਚਾ ਕੀਤੀ। ਉਹਨਾਂ ਕਿਹਾ ਕਿ ਲਾਲੀ ਇਕ ਸੰਵੇਦਨਸ਼ੀਲ ਲੇਖਕ ਹੈ। ਇਸ ਦੀਆਂ ਬਹੁਤੀਆਂ ਪੁਸਤਕਾਂ ਵਿਚ ਦ੍ਰਿੜ੍ਹਤਾ ਹੈ। ਪੁਸਤਕ ਬਾਰੇ ਅਤੇ ਲੇਖਕ ਬਾਰੇ ਡਾ. ਗੁਰਵਿੰਦਰ ਸਿੰਘ ਅਮਨ ਨੇ ਵੀ ਤੁਲਨਾਤਮਕ ਵਿਚਾਰ ਅਤੇ ਸੁਝਾਅ ਦਿੱਤੇ।


# ਗੈਰ ਸਿੱਖ ਵਿਦਵਾਨਾਂ ਦੇ ਸਿੱਖੀ ਵਾਰੇ ਵਿਚਾਰ ਆਪ ਵੀ ਪੜ੍ਹੋ ਅਤੇ ਹੋਰਾਂ ਨੂੰ ਵੀ ਪੜ੍ਹਾਓ

**ਪਰਮਜੀਤ ਸਿੰਘ ਸੇਖੋਂ (ਦਾਖਾ) ਪ੍ਰਧਾਨ ਦਲ ਖਾਲਸਾ ਅਲਾਇੰਸ।**
**ਕੌਆਰਡੀਨੇਟਰ ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਫਾਊਂਡਰ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ**



ਸਾਰੇ ਧਰਮ ਗ੍ਰੰਥ ਪੜ੍ਹੇ ਹਨ ਪਰ ਮਨ ਅਤੇ ਦਿਮਾ.ਗ ਨੂੰ ਜੋ ਸ਼ਾਂਤੀ ਸਿੱਖਾਂ ਦੇ ਗ੍ਰੰਥ ਨੂੰ ਪੜ੍ਹ ਕੇ ਮਿਲੀ ਹੈ, ਉਹ ਹੋਰ ਕਿਸੇ ਗ੍ਰੰਥ 'ਚੋਂ ਨਹੀਂ ਸੀ ਮਿਲੀ।

- ਪਰਲ ਐਸ. ਬੱਕ



ਸਿੱਖੀ ਦਾ ਸੰਦੇਸ਼ ਦੁਨੀਆਂ ਤੀਕ ਨਾ ਪੁੱਜਣ ਦੇ ਕਸੂਰਵਾਰ ਸਿੱਖ ਹੀ ਹਨ, ਹੋਰ ਕੋਈ ਨਹੀਂ।... ਸਿੱਖੀ ਕੋਈ ਸਿੱਖਾਂ ਦੀ ਮਲਕੀਅਤ ਨਹੀਂ ਸਗੋਂ ਇਹ ਤਾਂ ਸਾਰੀ ਮਨੁੱਖਤਾ ਦੀ ਬਿਹਤਰੀ ਲਈ ਹੋਂਦ ਵਿਚ ਆਈ ਸੀ।

- ਬਰਟਰੈਂਡ ਰਸਲ




ਮੈਂ ਤਾਂ ਸਾਰੀ ਉਮਰ ਮਿੱਟੀ ਹੀ ਛਾਣਦਾ ਰਿਹਾ। ਸੱਚ ਤਾਂ ਬਾਬੇ ਨਾਨਕ ਦੇ ਘਰ ਵਿਚ ਹੀ ਹੈ। ਕਲਿਆਣ ਪ੍ਰਾਪਤੀ ਲਈ ਮੈਨੂੰ ਕਿਸੇ ਸਿੱਖ ਦੇ ਘਰ ਵਿਚ ਇਕ ਹੋਰ ਜਨਮ ਲੈਣਾ ਪਵੇਗਾ।


- ਬਾਬਾ ਨਿਤਿਆਨੰਦ



ਮਨੁੱਖਤਾ ਦਾ ਭਵਿੱਖ ਧੁੰਦਲਾ ਹੈ ਪਰ ਇਸ ਸਮੇਂ ਦੀ ਧਾਰਮਕ ਚਰਚਾ ਵਿਚ ਸਿੱਖ ਧਰਮ ਤੇ ਉਸ ਦੇ ਗ੍ਰੰਥ ਵਿਚ, ਦੁਨੀਆਂ ਲਈ ਬਹੁਤ ਕੁੱਝ ਹੈ।

- ਇਤਿਹਾਸਕਾਰ ਆਰਨਲਡ ਟਾਇਨਬੀ

## ਦੇਸ਼ ਦੁਆਬਾ ਵੱਲੋਂ 'ਕਥਾਵਾਂ ਬਿਸਤ ਦੁਆਬ ਦੀਆਂ' ਤੋਂ ਬਾਅਦ ਹੁਣ ਦੂਜੀ ਕਿਤਾਬ "ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਜਲਦੀ ਹੀ ਲੋਕ ਅਰਪਣ ਹੋਣ ਜਾ ਰਹੀ ਹੈ।




ਡਾ. ਜਸਵੰਤ ਰਾਏ ਸਾਹਰੀ ਦੁਆਰਾ ਲਿਖਿਆ ਇਤਿਹਾਸਕ ਦਸਤਾਵੇਜ਼ "ਕੌਮ ਦਾ ਸਿਤਾਰਾ- ਬਾਬੂ ਹਰਨਾਮ ਸਿੰਘ ਸਾਹਰੀ" ਮਹਾਨ ਗਦਰੀ ਬਾਬੇ ਦੀ ਇੰਨਕਲਾਬੀ ਗਾਥਾ ਜੋ ਦੇਸ਼ ਦੁਆਬਾ ਪ੍ਰਕਾਸ਼ਨ ਯੂ. ਐੱਸ. ਏ. ਵਲੋਂ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਛਾਪੀ ਗਈ ਹੈ ਜਲਦੀ ਹੀ ਲੋਕ ਅਰਪਨ ਅਤੇ ਵਿਮੋਚਿਤ ਕੀਤੀ ਜਾ ਰਹੀ ਹੈ।ਬਾਬੂ ਹਰਨਾਮ ਸਿੰਘ ਉਹ ਸੂਰਮਾ ਸੀ ਜਿਸਨੇ ਗਦਰ ਲਹਿਰ ਦੀਆਂ ਜੜ੍ਹਾਂ ਲਾਈਆਂ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਖੂਨ ਦਾ ਇੱਕ ਇੱਕ ਕੱਤਰਾ ਕੌਮ ਦੇ ਲੇਖੇ ਲਾ ਗਿਆ। ਇਸ ਮਹਾਨ ਗਦਰੀ ਬਾਬੇ ਨੂੰ ਸਲਾਮ।

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!



**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### 20 ਕਿਸਾਨ ਲਹਿਰਾਂ ਵਿਚ ਕੰਮ

ਕਾਂਗਰਸ ਵਿਚ ਕੰਮ ਕਰਨਾ- ਮੈਂ ਹੀ ਨਹੀਂ ਗਦਰ ਪਾਰਟੀ ਦੇ ਸਭ ਸਾਥੀ, ਜੋ ਹਜ਼ਾਰਾਂ ਦੀ ਗਿਣਤੀ ਵਿਚ ਪਿੰਡਾਂ ਵਿਚ ਨਜ਼ਰਬੰਦ ਸਨ, ਸਦਾ ਆਪਣੇ ਆਦਰਸ਼ ਤੇ ਨੀਤੀ ਤੇ ਡਟੇ ਰਹੇ। ਹਰ ਪਾਰਟੀ ਤੇ ਲਹਿਰ ਕੀ ਕਾਂਗਰਸ, ਕੀ ਗੁਰਦੁਆਰਾ ਅੰਦੋਲਨ, ਕੀ ਬੱਬਰ ਅਕਾਲੀ ਲਹਿਰ, ਕੀ ਅਕਾਲੀ ਦਲ, ਕੀ ਨੌਜਵਾਨ ਭਾਰਤ ਸਭਾ ਤੇ ਕੀ ਭਗਤ ਸਿੰਘ ਦੀ ਪਾਰਟੀ ਜੋ ਵੀ ਅੰਗਰੇਜਾਂ ਦੇ ਖਿਲਾਫ ਕੰਮ ਕਰਦੀ, ਸਾਡੇ ਸਾਥੀ ਆਪਣੀ ਸ਼ਕਤੀ ਅਨੁਸਾਰ ਉਸ ਵਿਚ ਹਿੱਸਾ ਪਾਉਂਦੇ।

ਗੁਰਦੁਆਰਾ ਲਹਿਰ ਵਿਚ ਭਾਈ ਈਸ਼ਰ ਸਿੰਘ ਮਰਹਾਣਾ ਤੇ ਭਾਈ ਭਗਵਾਨ ਸਿੰਘ ਕਨੇਡੀਅਨ ਦਾ ਨਾਂ ਉਘਾ ਹੈ, ਹੋਰ ਵੀ ਬਹੁਤ ਸਾਰੇ ਸਾਥੀਆਂ ਨੇ ਹਿੱਸਾ ਲਿਆ। ਅਕਾਲੀ ਦਲ ਵਿਚ ਤੇ ਬੱਬਰ ਅਕਾਲੀ ਲਹਿਰ ਵਿਚ ਵੀ 1915 ਵਾਲੇ ਦੇਸ਼ ਭਗਤਾਂ ਨੇ ਕਾਫੀ ਹਿੱਸਾ ਲਿਆ। ਗੁਰਦੁਆਰਾ ਚੋਣਾਂ ਵੀ ਇਕ ਸਮੇਂ 1915 ਵਾਲੇ ਦੇਸ਼ ਪ੍ਰੇਮੀਆਂ ਰਾਹੀਂ ਹੋਈਆਂ। ਸੰਤ ਵਿਸਾਖਾ ਸਿੰਘ ਜੀ ਨੂੰ ਦੋਹਾਂ ਧਿਰਾਂ ਨੇ ਸਾਲਸ ਚੁਣਿਆ ਤੇ ਉਹਨਾਂ ਨੇ ਕਿਸੇ ਕਾਰਨ ਮੇਰੇ ਹੱਥੀਂ ਚੋਣਾਂ ਕਰਵਾਈਆਂ। 1915 ਵਾਲਿਆਂ ਨੇ ਨੌਜਵਾਨ ਭਾਰਤ ਸਭਾ ਵਿਚ ਵੀ ਧਨਵੰਤਰੀ ਆਦਿ ਦੇਸ਼ ਭਗਤਾਂ ਨਾਲ ਕੰਮ ਕੀਤਾ। ਧੰਨਵੰਤਰੀ ਕਈ ਜਗ੍ਹਾ ਮੇਰੇ ਨਾਲ ਵੀ ਰਹੇ ਤੇ ਮੈਂ ਉਹਨਾਂ ਦੇ ਜਲਸਿਆਂ ਵਿਚ ਜਾਂਦਾ ਰਿਹਾ। ਸੈਂਟਰਲ ਜੇਲ੍ਹ ਵਿਚ ਭਗਤ ਸਿੰਘ ਦੀ ਭੁੱਖ ਹੜਤਾਲ ਵਿਚ ਮੈਂ ਵੀ ਸ਼ਾਮਲ ਹੋਇਆ ਤੇ ਅਖੀਰ ਤੱਕ ਨਾਲ ਰਿਹਾ। ਭਾਵ ਇਹ ਕਿ ਅਸੀਂ ਸਾਰੀਆਂ ਰਾਜਸੀ ਲਹਿਰਾਂ ਨੂੰ ਜਿਹਨਾਂ ਸਵਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ, ਆਪਣੀਆਂ ਲਹਿਰਾਂ ਸਮਝਿਆ। ਹੁਣ ਵੀ ਇਹੀ ਸਮਝਦੇ ਹਾਂ ਤੇ ਇਹਨਾਂ ਦੀ ਏਕਤਾ ਦੇ ਯਤਨ ਕਰਦੇ ਹਾਂ ਤਾਂ ਕਿ ਸਮਾਜਵਾਦ ਅਸਲੀ ਅਰਥਾਂ ਵਿਚ ਲਾਗੂ ਹੋ ਸਕੇ।

ਇਸੇ ਅਸਰ ਹੇਠ ਮੈਂ ਕਿਰਤੀ ਕਿਸਾਨ ਆਸ਼ਰਮ ਦਾ ਕੰਮ ਕਰਦਾ ਹੋਇਆ ਵੀ ਕਾਂਗਰਸ ਅੰਦੋਲਨ ਵਿਚ ਹਿੱਸਾ ਪਾਉਂਦਾ ਰਿਹਾ। ਸੱਚ ਤਾਂ ਇਹ ਹੈ ਕਿ ਕਾਂਗਰਸ ਨੂੰ ਸ਼ਹਿਰਾਂ ਵਿਚੋਂ ਕੱਢ ਕੇ, ਬਾਹਰ ਪਿੰਡਾਂ ਵਿਚ ਲਿਆਉਣ ਦਾ ਬਹੁਤਾ ਕੰਮ 1915 ਵਾਲੇ ਦੇਸ਼ ਭਗਤਾਂ ਨੇ ਹੀ ਕੀਤਾ ਹੈ। ਚਿੰਤ ਰਾਮ, ਗੋਪੀ ਚੰਦ ਭਾਰਗੋ ਤੇ ਵਿਦਿਆਲੰਕਾਰ ਆਦਿ ਪੁਰਾਣੇ ਕਾਂਗਰਸੀ ਨੇਤਾ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮੈਂ ਕਾਂਗਰਸ ਪ੍ਰਵਿਨਸ਼ਿਅਲ ਕਮੇਟੀ ਦਾ ਮੈਂਬਰ ਸਾਂ ਤੇ ਕਾਂਗਰਸ ਐਜੀਟੇਸ਼ਨ ਵਿਚ ਦੋ ਵਾਰ ਛੇ ਛੇ ਮਹੀਨੇ ਕੈਦ ਵੀ ਹੋਇਆ ਸਾਂ।

ਪਰ ਜਦੋਂ ਬਾਬਾ ਜਵਾਲਾ ਸਿੰਘ ਜੀ ਨੇ ਸਭ ਤੋਂ ਪਹਿਲਾਂ (ਪੰਜਾਬ) ਮਿੰਟਗੁਮਰੀ ਵਿਚ ਉਥੋਂ ਦੇ ਜ਼ਿਮੀਂਦਾਰਾਂ ਦੇ ਖਿਲਾਫ ਮੁਜ਼ਾਰਾ ਲਹਿਰ ਖੜ੍ਹੀ ਕੀਤੀ, ਜ਼ਿਮੀਦਾਰਾਂ ਤੇ ਸਰਕਾਰ ਦੇ ਗੋਡੇ ਲੁਆਏ, ਮੁਜ਼ਾਰਿਆਂ ਦੇ ਮੁਤਾਲਬੇ ਮੰਨਵਾਏ ਅਤੇ ਕਾਮਯਾਬੀ ਤੋਂ ਪਿੱਛੋਂ ਲਾਹੌਰ ਨੂੰ ਆਉਂਦੇ ਹੋਏ ਬੱਸ ਹਾਦਸੇ ਵਿਚ ਸ਼ਹੀਦ ਹੋ ਗਏ ਤਾਂ ਉਹਨਾਂ ਦੇ ਕੰਮ ਨੇ ਸਾਰੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ, ਜਿਹਨਾਂ ਵਿਚੋਂ ਇਕ ਮੈਂ ਵੀ ਸਾਂ।

ਇਸ ਤਰ੍ਹਾਂ ਪੰਜਾਬ ਵਿਚ ਕਿਸਾਨ ਲਹਿਰ ਸ਼ੁਰੂ ਹੋਈ। ਪਰ ਕਾਂਗਰਸ ਨੇ ਇਸ ਦੀ ਮੁਖਾਲਫਤ ਸ਼ੁਰੂ ਕਰ ਦਿੱਤੀ ਤੇ ਮੈਂ ਕਾਂਗਰਸ ਵਿਚੋਂ ਅਸਤੀਫਾ ਦੇ ਦਿੱਤਾ ਤੇ ਕਿਸਾਨ ਕਮੇਟੀ ਵਿਚ ਸ਼ਾਮਲ ਹੋ ਗਿਆ।

ਕਿਸਾਨ ਕਮੇਟੀ ਦੇ ਕੰਮ ਦਾ ਅੰਦਾਜ਼ਾ ਸਾਨੂੰ ਉਹਨਾਂ ਕਿਸਾਨ ਐਜੀਟੇਸ਼ਨਾਂ ਤੋਂ ਹੋ ਸਕਦਾ ਹੈ ਜਿਹੜੇ ਪੰਜਾਬ ਵਿਚ ਹੋਏ। ਜਿਵੇਂ ਲਾਹੌਰ ਕਿਸਾਨ ਐਜੀਟੇਸ਼ਨ ਜਿਸ ਵਿਚ ਪੰਜ ਹਜ਼ਾਰ ਦੇ ਕਰੀਬ ਕਿਸਾਨ ਤੇ 50 ਬੀਬੀਆਂ ਕੈਦ ਹੋਈਆਂ, ਤੇ ਸਰਕਾਰ ਨੂੰ ਅਖੀਰ ਝੁਕਣਾ ਪਿਆ। ਬਿਨਾਂ ਸ਼ਰਤ ਸਾਰੇ ਕੈਦੀ ਰਿਹਾਅ ਹੋਏ ਤੇ ਸਰਕਾਰ ਨੂੰ ਵਧਾਇਆ ਹੋਇਆ ਮਾਲੀਆ ਵਾਪਸ ਲੈਣਾ ਪਿਆ। ਭਾਈ ਕੇਸਰ ਸਿੰਘ ਠੱਠਗੜ ਪ੍ਰਵਿਨਸ਼ਿਅਲ (ਸੂਬਾਈ) ਕਿਸਾਨ ਕਮੇਟੀ ਦੇ ਪ੍ਰਧਾਨ ਸਨ। ਇਸ ਅੰਦੋਲਨ ਵਿਚ ਉਹਨਾਂ ਨੂੰ ਤੇ ਮੈਨੂੰ ਵੀ ਸਜ਼ਾ ਹੋਈ।

ਦੂਸਰਾ ਐਜ਼ੀਟੇਸ਼ਨ ਜਿਸ ਨੂੰ ਚੜਿੱਕ ਕਿਸਾਨ ਮੋਰਚਾ ਕਿਹਾ ਜਾਂਦਾ ਹੈ, ਭਾਈ ਰੂੜ ਸਿੰਘ ਤੇ ਚੰਨਣ ਸਿੰਘ ਚੂਹੜਚੱਕ ਦੀ ਅਗਵਾਈ ਵਿਚ ਲੜਿਆ ਗਿਆ। ਇਸ ਵਿਚ ਲਾਹੌਰ ਮੋਰਚੇ ਨਾਲੋਂ ਵੱਧ ਕਿਸਾਨ ਤੇ ਸੌ ਦੇ ਲੱਗਭੱਗ ਬੀਬੀਆਂ ਕੈਦ ਹੋਈਆਂ। ਇੱਥੇ ਵੀ ਸਰਕਾਰ ਨੂੰ ਝੁਕਣਾ ਪਿਆ।

ਤੀਸਰਾ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਵਾਲਾ ਮਸ਼ਹੂਰ ਲਾਠੀਚਾਜ ਹੈ ਜੋ ਮੋਘਾ ਮੋਰਚਾ ਅਕਾਲੀਆਂ ਨਾਲ ਸਾਂਝਾ ਲੜਿਆ ਗਿਆ। ਇਸ ਦੇ ਦੌਰਾਨ ਵੀ ਸਜ਼ਾਵਾਂ ਹੋਈਆਂ। ਪੰਜ ਸੌ ਵਲੰਟੀਅਰ ਸਨ ਤੇ ਦੋ ਜਥੇਦਾਰ- ਹਰਨਾਮ ਸਿੰਘ ਕਸੇਲ ਤੇ ਊਧਮ ਸਿੰਘ ਨਾਗੋਕੇ ਅਗਵਾਈ ਕਰ ਰਹੇ ਸਨ। ਲਾਠੀ ਚਾਰਜ ਬਹੁਤ ਸਖਤ ਸੀ ਤੇ ਹੇਠੋਂ ਸੜਕ, ਜਿਸ ਤੇ ਲੁੱਕ ਪਈ ਹੋਈ ਸੀ ਲੋਹੇ ਦੀ ਤਵੀ ਵਾਂਗ ਤਪਦੀ ਸੀ। ਪਰ ਕੀ ਮਜਾਲ ਜੇ ਇਕ ਵੀ ਵਲੰਟੀਅਰ ਨੇ ਸੀ ਕੀਤੀ ਹੋਵੇ। ਪੁਲ ਤੇ ਪੁਲਿਸ ਲਾਠੀਆਂ ਦੀ ਜ਼ੰਜੀਰ ਬੰਨ੍ਹ ਕੇ ਰਾਹ ਰੋਕੀ ਖੜ੍ਹੀ ਸੀ। ਪੁਲਿਸ ਦੀ ਨੀਅਤ ਵੇਖ ਕੇ ਮੈਂ ਵੀ ਕੁੱਦ ਪਿਆ ਤੇ ਊਧਮ ਸਿੰਘ ਅਤੇ ਹਰਨਾਮ ਸਿੰਘ ਦੇ ਨਾਲ ਹੋ ਗਿਆ। ਪੁਲਸੀਏ ਲਾਠੀ ਚਾਰਜ ਨਾਲ ਬੇਹੋਸ਼ ਤੱਤੀ ਸੜਕ ਤੇ ਪਏ ਕਿਸਾਨ ਵਰਕਰਾਂ ਨੂੰ ਧੂ ਧੂ ਕੇ ਲਾਰੀਆਂ ਵਿਚ ਸੁੱਟ ਕੇ, ਸ਼ਹਿਰੋਂ ਦੂਰ ਛੱਡ ਆਏ। ਬਾਅਦ ਵਿਚ ਮੁਕੱਦਮੇ ਚੱਲੇ ਤੇ ਛੇ ਛੇ ਮਹੀਨੇ ਕੈਦਾਂ ਹੋਈਆਂ। ਪਰ ਬੰਦ ਕੀਤੇ ਮੋਘੇ ਸਰਕਾਰ ਨੂੰ ਦੁਬਾਰਾ ਬਹਾਲ ਕਰਨੇ ਪਏ। ਇਸ ਵਿਚ ਵੀ ਕਿਸਾਨ ਕਮੇਟੀ ਦੀ ਜਿੱਤ ਹੋਈ।

ਚੌਥੇ ਛੀਨਿਆਂ ਦੇ ਕਿਸਾਨ ਮੋਰਚੇ ਵਿਚ ਵੀ ਸਰਕਾਰ ਹਾਰੀ ਤੇ ਕਿਸਾਨ ਕਮੇਟੀ ਦੀ ਜਿੱਤ ਹੋਈ।

ਇਹਨਾਂ ਕਿਸਾਨ ਮੋਰਚਿਆਂ ਵਿਚ ਡਾਕਟਰ ਕਿਚਲੂ ਨੇ ਹਰ ਤਰ੍ਹਾਂ ਮਦਦ ਕੀਤੀ, ਪ੍ਰਿੰਸੀਪਲ ਛਬੀਲ ਦਾਸ ਨੇ ਕਿਸਾਨ ਸਟੇਜਾਂ ਤੇ ਆ ਕੇ ਲੈਕਚਰਾਂ ਰਾਹੀਂ ਅਤੇ ਪ੍ਰੋ: ਬ੍ਰਿਜ ਨਾਰਾਇਣ ਲਾਹੌਰ ਨੇ ਕਿਸਾਨੀ ਤੇ ਪੰਫਲਿਟ ਲਿਖ ਕੇ ਕਾਫੀ ਸਹਾਇਤਾ ਕੀਤੀ। ਇਸ ਤੋਂ ਛੁੱਟ ਬਿਹਾਰ ਤੇ ਬੰਗਾਲ ਨੇ ਵੀ ਕਾਫੀ ਕੰਮ ਕੀਤਾ। ਇਹ ਕਿਸਾਨ ਸਭਾ ਦੀਆਂ ਕੁਰਬਾਨੀਆਂ ਦਾ ਹੀ ਫਲ ਸੀ ਕਿ ਸਾਰਾ ਪੰਜਾਬ 1915 ਵਾਲੇ ਤੇ ਨਵੇਂ ਨੌਜਵਾਨ ਕਿਸਾਨ ਵਰਕਰਾਂ ਦੀ ਇੱਜ਼ਤ ਕਰਦਾ ਸੀ। ਇਸ ਦੀ ਮਿਸਾਲ 1937 ਦੀਆਂ ਚੋਣਾਂ ਹਨ।

1914-15 ਦੇ ਦੇਸ਼ ਭਗਤਾਂ ਦੀ ਜਨਤਾ ਵਿਚ ਬੜੀ ਇੱਜ਼ਤ ਸੀ ਤੇ ਜਨਤਾ ਭਗਤ ਸਿੰਘ ਅਤੇ ਕਰਤਾਰ ਸਿੰਘ ਦੀਆਂ ਕੁਰਬਾਨੀਆਂ ਨੂੰ ਨਹੀਂ ਭੁੱਲੀ ਸੀ। ਇਹ ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ 1937 ਵਿਚ 'ਬਾਬਾ ਬੋਰਡ' ਵੱਲੋਂ 9 ਉਮੀਦਵਾਰ ਖੜ੍ਹੇ ਕੀਤੇ ਗਏ। 2 ਬਿਨਾਂ ਮੁਕਾਬਲੇ ਦੇ 6 ਬਹੁਸੰਮਤੀ ਨਾਲ ਕਾਮਯਾਬ ਹੋਏ। ਕੇਵਲ ਇਕ ਹਾਰਿਆ ਤੇ ਉਹ ਵੀ ਆਪਣੀ ਗਲਤੀ ਨਾਲ, ਕਿਉਂਕਿ ਉਸਨੇ ਬੋਰਡ ਦੀ ਹਦਾਇਤ ਤੇ ਪੂਰਾ ਅਮਲ ਨਾ ਕੀਤਾ। ਇਸ ਤੋਂ ਪਿੱਛੋਂ ਅੱਜ ਤੱਕ ਰਾਜਸੀ ਕੰਮ ਕਰਨ ਵਾਲੀਆਂ ਪਾਰਟੀਆਂ ਨੂੰ, ਆਪਣੀ ਹਾਲਤ ਨੂੰ ਸਮਝ ਲੈਣਾ ਚਾਹੀਦਾ ਹੈ। ਖਾਸ ਕਰਕੇ 1967 ਦੀਆਂ ਚੋਣਾਂ ਵਿਚ ਰਾਜਸੀ ਪਾਰਟੀਆਂ ਪਿੱਛੇ ਗਈਆਂ ਹਨ।

ਜਨਤਾ ਨੇ ਜਿਹੜੇ 9 ਸੂਬੇ ਕਾਂਗਰਸ ਹੇਠੋਂ ਕੱਢੇ ਸਨ, ਇਸ ਵਿਚ ਪਾਰਟੀਆਂ ਦੀ ਵਡਿਆਈ ਨਹੀਂ, ਬਲਕਿ ਇਹ ਜਨਤਾ ਦੀ ਸੂਝ ਦਾ ਫਲ ਹੈ। ਮੇਰੇ ਵਿਚਾਰ ਵਿਚ ਮੌਜੂਦਾ ਹਾਲਾਤ, ਮਹਿੰਗਾਈ, ਰਿਸ਼ਵਤਖੋਰੀ, ਕੁਨਬਾਪਰਵਰੀ ਇਹਨਾਂ ਸਾਰੀਆਂ ਬਿਮਾਰੀਆਂ ਦੀ ਜ਼ਿੰਮੇਵਾਰ ਪਹਿਲਾਂ ਕਾਂਗਰਸ ਹੈ ਤੇ ਬਾਅਦ ਵਿਚ ਦੂਜੀਆਂ ਰਾਜਸੀ ਪਾਰਟੀਆਂ। ਮੈਂ ਅਪੀਲ ਕਰਦਾ ਹਾਂ ਕਿ ਆਓ ਜੇ ਦੇਸ਼ ਨੂੰ ਬਚਾਉਣਾ ਹੈ ਤਾਂ ਸੱਚੀ ਦੇਸ਼ ਭਗਤੀ ਦਾ ਮਾਦਾ ਪੈਦਾ ਕਰੋ ਅਤੇ ਮਹਿਕਮਿਆਂ ਨੂੰ ਸਾਫ ਕਰੋ ਜਿਹੜੇ ਕਿ ਆਪਣੇ ਫਰਜ਼ ਪੂਰਾ ਕਰਨ ਤੋਂ ਅਸਮਰੱਥ ਹਨ। ਨਾ ਹੀ ਹਿੰਦੁਸਤਾਨ ਦਾ ਮਜ਼ਦੂਰ ਕਮਜ਼ੋਰ ਹੈ ਤੇ ਨਾ ਹੀ ਹੋਰ ਕਿਰਤੀ। ਜੇ ਕਮਜ਼ੋਰੀ ਹੈ ਤਾਂ ਮੌਜੂਦਾ ਹਕੂਮਤ ਅਤੇ ਉਸ ਦੇ ਮਹਿਕਮਿਆਂ ਦੀ।

ਕਿਸਾਨ ਸਭਾ ਦੇ ਕੰਮ ਤੋਂ ਬਿਨਾਂ ਦੂਜੇ ਐਜ਼ੀਟੇਸ਼ਨ ਵੀ ਹੋਏ। ਮਿਸਾਲ ਦੇ ਤੌਰ 'ਤੇ ਕੈਦੀ ਛੁਡਾਓ ਕਮੇਟੀ ਐਜ਼ੀਟੇਸ਼ਨ। ਸਾਡੇ ਜੋ ਸਾਥੀ ਅਜੇ ਜੇਲ੍ਹਾਂ ਵਿਚ ਸਨ, ਜਦ ਉਹਨਾਂ ਅੰਗਰੇਜ਼ੀ ਸਰਕਾਰ ਦੀ ਨੀਅਤ ਨੂੰ ਵੇਖਿਆ ਕਿ ਕੈਦਾ ਪੂਰੀਆਂ ਹੋਣ ਤੇ ਵੀ ਉਹ ਰਿਹਾ ਨਹੀਂ ਕਰਨਾ ਚਾਹੁੰਦੀ ਤਾਂ ਉਹਨਾਂ ਐਜ਼ੀਟੇਸ਼ਨ ਸ਼ੁਰੂ ਕਰ ਦਿੱਤੀ। ਜਦ ਭੁੱਖ ਹੜਤਾਲ ਲੰਬੀ ਹੁੰਦੀ ਦਿੱਸੀ ਤਾਂ 1915 ਵਾਲੇ ਦੇਸ਼ ਭਗਤਾਂ ਨੇ ਇਕ ਕੈਦੀ ਛੁਡਾਊ ਕਮੇਟੀ ਕਾਇਮ ਕਰਕੇ ਐਜ਼ੀਟੇਸ਼ਨ ਸ਼ੁਰੂ ਕੀਤਾ। ਇਸ ਸਿਲਸਿਲੇ



ਵਿਚ ਮੈਂ ਪਾਦਰੀ ਐਂਡਰੀਊਜ਼ ਨੂੰ ਮਿਲਿਆ ਤੇ ਸਾਰੀ ਗੱਲ ਉਸਨੂੰ ਸਮਝਾਈ। ਪਾਦਰੀ ਨੇ ਹਮਦਰਦੀ ਜ਼ਾਹਿਰ ਕੀਤੀ ਤੇ ਇਕ ਚਿੱਠੀ ਗਵਰਨਰ ਪੰਜਾਬ ਦੇ ਨਾਂ ਲਿਖੀ। ਅਜੇ ਪਾਦਰੀ ਨਾਲ ਗੱਲਬਾਤ ਕਰਕੇ ਮੈਂ ਪਿੰਡ ਪੁੱਜਾ ਹੀ ਸਾਂ ਕਿ ਹੱਦ ਨਜ਼ਰਬੰਦੀ ਦਾ ਨੋਟਿਸ ਮਿਲ ਗਿਆ। ਕੈਦੀ ਛੁਡਾਊ ਅੰਦੋਲਨ ਵਿਚ ਵੀ ਲੋਕ ਦਬਾਅ ਹੇਠ ਸਰਕਾਰ ਨੂੰ ਝੁਕਣਾ ਪਿਆ ਅਤੇ ਭਾਈ ਚੂਹੜ ਸਿੰਘ, ਦੂਜੇ ਸਾਥੀਆਂ ਅਤੇ ਮਾਰਸ਼ਲ ਲਾਅ ਦੇ ਕੈਦੀਆਂ ਨੂੰ ਰਿਹਾਅ ਕਰਨਾ ਪਿਆ।

ਥੋੜ੍ਹੇ ਦਿਨਾਂ ਪਿੱਛੋਂ ਮੈਂ ਨਜਰਬੰਦੀ ਤੋੜ ਦਿੱਤੀ ਤੇ ਛੇ ਮਹੀਨੇ ਦੀ ਸਜ਼ਾ ਹੋਈ। ਉਸ ਸਮੇਂ ਸਵਾਮੀ ਸਹਿਜਾ ਨੰਦ ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਸਨ। ਉਹ ਸੱਚੇ ਤੇ ਸੁੱਚੇ ਵਰਕਰ ਸਨ। ਉਹ ਕੈਦ ਹੋ ਗਏ ਤੇ ਤਰੀਪਤੀ ਆਲ ਇੰਡੀਆ ਕਿਸਾਨ ਸਭਾ ਦੇ ਇਜਲਾਸ ਵਿਚ ਸਰਬ ਸੰਮਤੀ ਨਾਲ ਮੈਨੂੰ ਆਰਜ਼ੀ ਪ੍ਰਧਾਨ ਚੁਣ ਲਿਆ ਗਿਆ। ਜਦ ਦੂਜੀ ਜੰਗ ਸ਼ੁਰੂ ਹੋਈ ਤਾਂ ਮੈਂ ਆਪਣੀ ਡਿਊਟੀ ਕਰਦਾ ਬਨਾਰਸ ਵਿਚ 'ਚੰਗਿਆੜੀ' ਅਖਬਾਰ ਦੇ ਦਫਤਰ ਵਿਚ ਗ੍ਰਿਫਤਾਰ ਕਰ ਲਿਆ ਗਿਆ। ਦੇਵਲੀ ਕੈਂਪ ਵਿਚ ਸਾਰੇ ਭਾਰਤ ਦੇ ਕਮਿਊਨਿਸਟ ਤੇ ਸੋਸ਼ਲਿਸਟ ਸਾਥੀਆਂ ਨਾਲ ਕੈਦ ਰਿਹਾ। ਅਪ੍ਰੈਲ 1943 ਵਿਚ ਜਦ ਮੇਰੇ ਪਿੰਡ ਭਕਨੇ, ਕਿਸਾਨ ਸਭਾ ਦਾ ਇਤਿਹਾਸਕ ਇਜਲਾਸ ਹੋ ਰਿਹਾ ਸੀ ਤਾਂ ਸਰਕਾਰ ਨੇ ਦੂਸਰੇ ਕਮਿਊਨਿਸਟ ਸਾਥੀਆਂ ਸਮੇਤ ਐਨ ਉਸੇ ਦਿਨ ਤਿੰਨਾਂ ਸਾਲਾਂ ਪਿੱਛੋਂ ਮੈਨੂੰ ਰਿਹਾਅ ਕੀਤਾ। ਇਸ ਤਰ੍ਹਾਂ ਕੁੱਲ ਕੈਦ 16 ਸਾਲ ਉਮਰ ਕੈਦ ਤੇ ਦੂਜੀਆਂ 10 ਸਾਲ ਦੀਆਂ ਕੈਦਾਂ ਮਿਲਾ ਕੇ 26 ਸਾਲ ਕੱਟੀ ਹੈ।

ਮੈਂ ਦੱਸ ਚੁੱਕਿਆ ਹਾਂ ਕਿ 1930 ਵਿਚ ਦੀ ਰਿਹਾਈ ਤੋਂ ਬਾਅਦ ਮੈਂ ਸੜਕ ਦੇ ਕੰਢੇ ਖੇਤਾਂ ਵਿਚ ਕਿਰਤੀ ਕਿਸਾਨ ਆਸ਼ਰਮ ਕਾਇਮ ਕੀਤਾ ਤੇ ਇਹ ਜਾਇਦਾਦ ਕਮੇਟੀ ਦੇ ਨਾਂ ਲਵਾ ਦਿੱਤੀ। ਕੁਝ ਦੇਰ ਆਸ਼ਰਮ ਚਲਾਉਣ ਬਾਅਦ ਮੈਨੂੰ ਦੋ ਵਾਰ ਛੇ ਛੇ ਮਹੀਨੇ ਲਈ ਜੇਲ੍ਹ ਜਾਣਾ ਪਿਆ।

ਇਨ੍ਹਾਂ ਕੈਦਾਂ ਦੇ ਦੌਰਾਨ ਤਾਂ ਬੱਚੇ ਡਟੇ ਰਹੇ ਪਰ ਮੈਂ ਦੇਵਲੀ ਕੈਂਪ ਦੀ ਤਿੰਨ ਸਾਲ ਦੀ ਨਜ਼ਰਬੰਦੀ ਦੇ ਬਾਅਦ ਰਿਹਾਅ ਹੋ ਕੇ ਆਇਆ ਤਾਂ ਬਾਗ ਬਗੀਚਾ ਤੇ ਮਕਾਨ ਸਭ ਬਰਬਾਦ ਹੋ ਚੁੱਕੇ ਸਨ। ਅਖੀਰ ਜਦ ਯਾਦਗਾਰ (ਦੇਸ਼ ਭਗਤ ਯਾਦਗਾਰ ਹਾਲ ਜਲੰਧਰ) ਦਾ ਸਵਾਲ ਆਇਆ ਤਾਂ ਕਿਰਤੀ ਕਿਸਾਨ ਆਸ਼ਰਮ ਦਾ ਮਕਾਨ ਤੇ ਜ਼ਮੀਨ 7 ਹਜ਼ਾਰ ਰੁਪਏ ਨੂੰ ਵੇਚ ਕੇ ਰਕਮ ਯਾਦਗਾਰ ਕਮੇਟੀ ਨੂੰ ਦੇ ਦਿੱਤੀ।

ਇਸ ਪਿੱਛੋਂ ਇਲਾਕੇ ਦੀ ਮੰਗ ਤੇ ਵੀਹ ਵਿਘੇ ਜ਼ਮੀਨ (ਚਾਰ ਕਨਾਲ ਦਾ ਵਿੱਘਾ) ਗਹਿਣੇ ਪਾ ਕੇ, ਸਾਢੇ ਸੱਤ ਹਜ਼ਾਰ ਰੁਪਿਆ, ਦੋ ਦੋ, ਢਾਈ ਢਾਈ ਹਜ਼ਾਰ ਕਰਕੇ, ਸਕੂਲ ਦੀ ਇਮਾਰਤ ਲਈ ਦਿੱਤਾ।

# ਬ੍ਰਿਟੇਨ ਦੇ ਬੱਚਿਆਂ ਨੇ ਕਿਹਾ, 'ਪ੍ਰਵਾਸੀ ਖੋਹ ਰਹੇ ਹਨ ਸਾਡੀਆਂ ਨੌਕਰੀਆਂ'

**ਲੰਡਨ-** ਬ੍ਰਿਟੇਨ ਦੇ ਜ਼ਿਆਦਾਤਰ ਸਕੂਲੀ ਬੱਚਿਆਂ ਦਾ ਮੰਨਣਾ ਹੈ ਕਿ ਮੁਸਲਿਮ ਉਨ੍ਹਾਂ ਦੇ ਦੇਸ਼ 'ਚ ਪ੍ਰਭਾਵੀ ਹੋ ਰਹੇ ਹਨ। ਹਾਲ 'ਚ ਹੋਈ ਇਕ ਸਟੱਡੀ 'ਚ ਇਸ ਗੱਲ ਦਾ ਖੁਲਾਸਾ ਹੋਇਆ। ਇਹ ਸਰਵੇ 10 ਤੋਂ 16 ਸਾਲ ਦੀ ਉਮਰ ਦੇ ਤਕਰੀਬਨ 6 ਹਜ਼ਾਰ ਬੱਚਿਆਂ 'ਤੇ ਕੀਤਾ ਗਿਆ। ਸਰਵੇ 'ਚ ਬੱਚਿਆਂ ਦੀ ਮੁਸਲਿਮਾਂ ਪ੍ਰਤੀ ਨਾ ਪੱਖੀ ਸੋਚ ਸਾਹਮਣੇ ਆਈ। ਸ਼ੋ ਰੇਸਿਜ਼ਮ ਦਿ ਰੈਡ ਕਾਰਡ ਨਾਮਕ ਇਕ ਚੈਰਿਟੀ ਸੰਗਠਨ ਵਲੋਂ ਪੁੱਛੇ ਗਏ ਸਵਾਲਾਂ 'ਤੇ 60 ਫੀਸਦੀ ਸਕੂਲੀ ਬੱਚਿਆਂ ਨੇ ਜਵਾਬ ਦਿੱਤਾ ਕਿ ਪ੍ਰਵਾਸੀ ਨਾਗਰਿਕ ਅਤੇ ਸ਼ਰਨਾਰਥੀ ਸਾਡੀਆਂ ਨੌਕਰੀਆਂ ਖੋ ਰਹੇ ਹਨ।

ਸ਼ੋ ਰੇਸਿਜਮ ਦਿ ਰੈਡ ਕਾਰਡ ਦੇ ਸੀ. ਈ. ਓ. ਗੇਡ ਗ੍ਰੈਬੀ ਨੇ ਸਰਵੇ ਦੇ ਨਤੀਜਿਆਂ ਨੂੰ ਲੈ ਕੇ ਕਿਹਾ, ਇਹ ਅੰਕੜੇ ਦੱਸਦੇ ਹਨ ਕਿ ਅਜੇ ਅਸੀਂ ਅੱਤਵਾਦ ਨਾਲ ਨਾਲ ਨਜਿੱਠਣ ਲਈ ਕਾਫੀ ਕੁਝ ਕਰਨਾ ਹੈ। ਇਸ ਤੋਂ ਇਲਾਵਾ ਨੌਜਵਾਨਾਂ ਦੀ ਸੋਚ ਨੂੰ ਬਦਲਣ ਲਈ ਵੀ ਕੋਸ਼ਿਸ਼ ਕਰਨੀ ਪਵੇਗੀ। ਗ੍ਰੈਬੀ ਨੇ ਕਿਹਾ ਕਿ ਇਹ ਅੰਕੜੇ ਦੱਸਦੇ ਹਨ ਕਿ ਬ੍ਰਿਟੇਨ 'ਚ ਕਿਸ ਤਰ੍ਹਾਂ ਨਾਲ ਮੁਸਲਿਮ ਅਤੇ ਪ੍ਰਵਾਸੀਆਂ ਪ੍ਰਤੀ ਨਫਰਤ ਵੱਧ ਰਹੀ ਹੈ। ਸਰਵੇ ਮੁਤਾਬਕ 49 ਫੀਸਦੀ ਵਿਦਿਆਰਥੀਆਂ ਦਾ ਮੰਨਣਾ ਹੈ ਕਿ ਪ੍ਰਵਾਸੀ ਲੋਕਾਂ ਦੀ ਬ੍ਰਿਟੇਨ 'ਚ ਵੱਧਦੀ ਗਿਣਤੀ ਰੋਕਣਾ ਮੁਸ਼ਕਲ ਹੈ ਅਤੇ ਸਰਕਾਰ ਇਸ ਨੂੰ ਲੈ ਕੇ ਬਿਹਤਰ ਨੀਤੀ ਨਹੀਂ ਬਣਾ ਪਾ ਰਹੀ ਹੈ।



## ਬੁੱਧ ਪੂਰਨਿਮਾ ਦਿਵਸ ਨੂੰ ਸਮਰਪਿਤ

# 'ਬੁੱਧ ਧਰਮ 'ਚ ਸਮਾਜਿਕ-ਬਰਾਬਰੀ ਦਾ ਸੰਕਲਪ'



ਪ੍ਰੋ: ਐਚ.ਐਲ.ਕਪੂਰ
01- 916- 587-4002

ਗੌਤਮ ਬੁੱਧ ਦਾ ਜਨਮ 563 ਬੀ. ਸੀ. ਤੇ ਮੌਤ 483 ਬੀ. ਸੀ. ਨੂੰ 80 ਸਾਲ ਦਾ ਜੀਵਨ ਜਿਉਂ ਕੇ ਹੋਈ। ਉਹ ਬੁੱਧ ਧਰਮ ਦੇ ਸੰਸਥਾਪਕ ਸਨ। ਛਾਕਿਆ ਨਰੇਸ਼ ਸੁਦੋਧਨ ਦੇ ਘਰ ਜਨਮੇ ਸਿਧਾਰਥ ਵਿਆਹ ਤੋਂ ਬਾਅਦ ਆਪਣੇ ਨਵਜੰਮੇ ਬੱਚੇ ਪੁੱਤਰ ਰਾਹੁਲ ਤੇ ਪਤਨੀ ਯਸ਼ੋਧਰਾ ਨੂੰ ਤਿਆਗ ਕੇ, ਸੰਸਾਰ ਨੂੰ ਜਨਮ, ਮਰਨ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਦੇ ਮਾਰਗ ਦੀ ਤਲਾਸ਼ ਲਈ, ਰਾਤ ਨੂੰ ਆਪਣਾ ਰਾਜ-ਪਾਠ ਛੱਡ ਕੇ ਜੰਗਲਾਂ 'ਚ ਚਲੇ ਗਏ। ਕਈ ਸਾਲਾਂ ਦੀ ਬੜੀ ਕਠਿਨ ਤਪੱਸਿਆ ਕਰਨ ਉਪਰੰਤ ਬੋਧ ਗਯਾ (ਬਿਹਾਰ) 'ਚ ਇਕ ਬੋਧੀ ਦਰਖ਼ਤ ਦੇ ਥੱਲੇ, ਉਹਨਾਂ ਨੂੰ ਆਪਣੇ ਉਕਤ ਉਦੇਸ਼ ਦੀ ਪ੍ਰਾਪਤੀ ਹੋਈ ਤੇ ਉਹ ਸਿਧਾਰਥ ਤੋਂ 'ਬੁੱਧ' ਬਣ ਗਏ।

ਗੌਤਮ ਬੁੱਧ ਜੀ ਦਾ ਜਨਮ ਛੱਕ ਗਣਰਾਜ ਦੀ ਤੱਤਕਾਲ ਰਾਜਧਾਨੀ ਕਪਲਵਸਤੂ ਦੇ ਨਜ਼ਦੀਕ ਲੁੰਬਨੀ (ਨੇਪਾਲ) 'ਚ ਹੋਇਆ। ਲੁੰਬਨੀ ਜੰਗਲ, ਨੇਪਾਲ ਦੇ ਤਰਾਈ ਖੇਤਰ 'ਚ ਕਪਲਵਸਤੂ ਤੇ ਦੇਵਦਹਿ ਦੇ ਵਿਚਕਾਰ, ਨੌਤਨਵਾਂ ਸਟੇਸ਼ਨ ਤੋਂ 8 ਮੀਲ ਦੂਰ ਪੱਛਮ 'ਚ ਰੁਕਮਨਦੇਈ ਨਾਮਕ ਸਥਾਨ ਦੇ ਕੋਲ ਸਥਿਤ ਹੈ। ਕਪਲਵਸਤੂ ਦੀ ਮਹਾਰਾਣੀ ਮਹਾਂਮਾਇਆ ਦੇਵੀ ਦੇ, ਆਪਣੇ ਨੈਹਰ ਦੇਵਦਹਿ ਜਾਂਦੇ ਸਮੇਂ, ਰਸਤੇ 'ਚ ਪ੍ਰਸੂਤੀ ਪੀੜਾ ਹੋਈ ਤੇ ਉਥੇ ਹੀ, ਉਹਨਾਂ ਨੇ ਬਾਲਕ ਗੌਤਮ ਨੂੰ ਜਨਮ ਦਿੱਤਾ। ਬੱਚੇ ਦਾ ਜਨਮ ਸਿਧਾਰਥ ਰੱਖਿਆ ਗਿਆ। 'ਗੌਤਮ' ਗੋਤਰ 'ਚ ਜਨਮ ਲੈਣ ਕਾਰਨ, ਉਹਨਾਂ ਨੂੰ ਗੌਤਮ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਛੱਕਾਂ ਦੇ ਰਾਜਾ ਸੁਦੋਧਨ ਉਹਨਾਂ ਦੇ ਪਿਤਾ ਜੀ ਸਨ। ਇਕ ਪ੍ਰਚੱਲਿਤ ਕਥਾ ਦੇ ਅਨੁਸਾਰ ਸਿਧਾਰਥ ਦੀ ਮਾਤਾ ਮਾਇਆਦੇਵੀ ਜਿਹੜੀ ਕਿ ਕੋਲੀ ਵੰਸ਼ ਦੀ ਸੀ, ਦਾ ਉਹਨਾਂ ਦੇ ਜਨਮ ਦੇ ਸੱਤ ਦਿਨ ਬਾਅਦ ਦੇਹਾਂਤ ਹੋ ਗਿਆ। ਉਹਨਾਂ ਦਾ ਪਾਲਣ-ਪੋਸ਼ਣ ਉਹਨਾਂ ਦੀ ਮਾਸੀ ਤੇ ਰਾਜਾ ਸੁਦੋਧਨ ਦੀ ਦੂਸਰੀ ਰਾਣੀ ਮਹਾਂ ਪਰਜਾਪਤੀ ਨੇ ਕੀਤਾ। ਬੱਚੇ ਦਾ ਨਾਮ ਸਿਧਾਰਥ ਰੱਖਿਆ ਗਿਆ, ਜਿਸ ਦਾ ਅਰਥ ਹੈ- 'ਉਹ ਜੋ ਸਿੱਧੀ ਪ੍ਰਾਪਤ ਲਈ ਜਨਮਿਆ ਹੋਵੇ।' ਜਨਮ ਸਮਾਰੋਹ 'ਤੇ ਇਕੱਤਰ ਹੋਏ ਸਾਧੂ-ਸੰਤਾਂ ਨੇ ਇਸ ਬਾਲਕ ਪ੍ਰਤੀ, ਇਹ ਜੋਤਿਸ਼ ਲਗਾਇਆ ਕਿ ਇਹ ਬਾਲਕ ਜਾਂ ਤਾਂ ਇਕ ਮਹਾਨ ਰਾਜਾ ਜਾਂ ਇਕ ਮਹਾਨ ਲੋਕ-ਮਾਰਗ ਦਰਸ਼ਕ, ਸਾਧੂ ਸੰਤ ਬਣੇਗਾ। ਰਾਜਾ ਸੁਦੋਧਨ ਨੇ ਪੰਜਵੇਂ ਦਿਨ ਇਕ ਨਾਮਕਰਨ ਸਮਾਰੋਹ ਕੀਤਾ ਤੇ ਅੱਠ ਬ੍ਰਾਹਮਣ ਵਿਦਵਾਨਾਂ ਨੂੰ ਇਸ ਬਾਲਕ ਦਾ ਭਵਿੱਖ ਜਾਨਣ ਲਈ ਸੱਦਿਆ। ਸਭ ਵਿਦਵਾਨਾਂ ਨੇ ਫਿਰ ਉਹੀ ਭਵਿੱਖਬਾਣੀ ਕੀਤੀ ਕਿ ਇਹ ਬਾਲਕ ਜਾਂ ਤਾਂ ਇਕ ਮਹਾਨ ਰਾਜਾ ਜਾਂ ਇਕ ਮਹਾਨ ਪਵਿੱਤਰ ਇਨਸਾਨ ਬਣੇਗਾ। ਦੱਖਣੀ ਮੱਧ ਨੇਪਾਲ 'ਚ ਸਥਿਤ ਲੁੰਬਨੀ ਦੇ ਇਸ ਸਥਾਨ ਤੇ ਮਹਾਰਾਜਾ ਅਸ਼ੋਕ ਨੇ ਤੀਜੀ ਸਦੀ (ਬੀ. ਸੀ.) ਵਿਚ ਬੁੱਧ ਜੈਅੰਤੀ 'ਤੇ ਉਹਨਾਂ ਦੀ ਯਾਦ 'ਚ ਇਕ ਸਤੰਭ ਬਣਾਇਆ। ਗੌਤਮ ਬੁੱਧ ਦਾ ਜਨਮ ਦਿਨ ਜ਼ਿਆਦਾ ਤੌਰ ਤੇ ਏਸ਼ੀਆ ਦੇ ਕਈ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਸਿਧਾਰਥ ਦਾ ਮਨ ਬਚਪਨ ਤੋਂ ਹੀ ਬੜਾ ਕਰੁਣਾਮਈ ਤੇ ਦਇਆ ਦ੍ਰਿਸ਼ਟੀ ਵਾਲਾ ਸੀ। ਇਸ ਦਾ ਸਾਨੂੰ ਉਹਨਾਂ ਦੇ ਆਰੰਭਿਕ ਜੀਵਨ ਦੀਆਂ ਕਈ ਘਟਨਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ। ਘੋੜਿਆਂ ਦੀ ਦੌੜ 'ਚ ਜਦੋਂ ਘੋੜੇ ਦੌੜਦੇ ਉਹਨਾਂ ਦੇ ਮੂੰਹ 'ਚੋਂ ਝੱਗ ਨਿਕਲਣ ਲੱਗਦੀ ਤਾਂ ਸਿਧਾਰਥ ਉਹਨਾਂ ਨੂੰ ਥੱਕਿਆ ਜਾਣ ਕੇ, ਉਹਨਾਂ ਨੂੰ ਉੱਥੇ ਹੀ ਰੋਕ ਦਿੰਦਾ ਤੇ ਆਪਣੀ ਜਿੱਤੀ ਹੋਈ ਬਾਜੀ ਉੱਥੇ ਹੀ ਹਾਰ ਜਾਂਦਾ। ਖੇਡਾਂ 'ਚ ਹਾਰ ਜਾਣਾ ਵੀ ਉਹਨਾਂ ਨੂੰ ਬਹੁਤ ਪਸੰਦ ਸੀ ਕਿਉਂਕਿ ਕਿਸੇ ਨੂੰ ਹਰਾਉਣਾ ਤੇ ਕਿਸੇ ਨੂੰ ਦੁਖੀ ਦੇਖਣਾ ਉਹਨਾਂ ਨੂੰ ਬੜੀ ਤਕਲੀਫ਼ ਦਿੰਦਾ ਸੀ। ਸਿਧਾਰਥ ਦੇ ਚਚੇਰੇ ਭਰਾ ਨੇ ਇਕ ਵਾਰ ਇਕ ਹੰਸ ਨੂੰ ਤੀਰ ਨਾਲ ਜ਼ਖਮੀ ਕਰ ਦਿੱਤਾ ਤੇ ਸਿਧਾਰਥ ਨੇ ਉਸ ਜ਼ਖਮੀ ਹੰਸ ਦੇ ਪ੍ਰਾਣਾਂ ਦੀ ਖੁਦ ਰੱਖਿਆ ਕੀਤੀ।

ਸਿਧਾਰਥ ਨੇ ਆਪਣੇ ਗੁਰੂ ਵਿਸ਼ਵਾਮਿੱਤਰ ਤੋਂ ਵੇਦ ਤੇ ਉਪਨਿਸ਼ਦਾਂ ਦੀ ਸਿੱਖਿਆ ਦੇ ਨਾਲ-ਨਾਲ ਯੁੱਧ ਕਲਾ ਦੀ ਸਿੱਖਿਆ ਵੀ ਲਈ। ਇਸ ਤੋਂ ਇਲਾਵਾ ਕੁਸ਼ਤੀ ਕਰਨ, ਘੋੜ ਦੌੜ, ਤੀਰ ਅੰਦਾਜ਼ੀ ਤੇ ਰੱਥ ਰੱਕਣ 'ਚ ਵੀ ਉਹ ਬੜੇ ਨਿਪੁੰਨ ਸਨ। ਸੋਲਾਂ ਸਾਲਾਂ ਦੀ ਉਮਰ 'ਚ ਸਿਧਾਰਥ ਦਾ ਛੱਕ ਕੰਨਿਆ 'ਯਸ਼ੋਧਰਾ' ਨਾਲ ਵਿਆਹ ਹੋ ਗਿਆ। ਆਪਣੇ ਪਿਤਾ ਜੀ ਦੁਆਰਾ ਇਕ ਬਹੁਤ ਹੀ ਆਲੀਸ਼ਾਨ ਬਣਾਏ ਗਏ ਮਹੱਲ 'ਚ ਉਹ ਆਪਣੀ ਪਤਨੀ ਨਾਲ ਰਹਿਣ ਲੱਗ ਪਏ। ਇਸ ਮਹੱਲ 'ਚ ਉਹਨਾਂ ਨੂੰ ਦੁਨੀਆਂ ਭਰ ਦੇ ਸੁੱਖ ਆਰਾਮ ਪ੍ਰਾਪਤ ਸਨ ਤੇ ਇੱਥੇ ਹੀ ਉਹਨਾਂ ਦੇ ਘਰ ਪੁੱਤਰ ਰਾਹੁਲ ਨੇ ਜਨਮ ਲਿਆ।

ਰਾਜਾ ਸੁਦੋਧਨ ਨੇ ਸਿਧਾਰਥ ਦੇ ਐਸ਼ੋ-ਆਰਾਮ ਦਾ ਬੜੀ ਵੱਡੀ ਪੱਧਰ 'ਤੇ ਮਹੱਲਾਂ 'ਚ ਹੀ ਪ੍ਰਬੰਧ ਕਰ ਦਿੱਤਾ। ਤਿੰਨਾਂ ਰੁੱਤਾਂ ਦੇ ਅਨੁਸਾਰ ਤਿੰਨ ਮਹੱਲ ਬਣਾ ਦਿੱਤੇ। ਉਥੇ ਨੱਚਣ ਗਾਉਣ ਦੀ ਤੇ ਹੋਰ ਕਈ ਪ੍ਰਕਾਰ ਦਾ ਮਨੋਰੰਜਨ ਕਰਨ ਲਈ ਸਮੱਗਰੀ ਦਾ ਪ੍ਰਬੰਧ ਵੀ ਕਰ ਦਿੱਤਾ ਪ੍ਰੰਤੂ ਇਹ ਸਭ ਚੀਜ਼ਾਂ ਸਿਧਾਰਥ ਨੂੰ ਸੰਸਾਰ ਨਾਲ ਬੰਨ੍ਹ ਕੇ ਨਾ ਰੱਖ ਸਕੀਆਂ। ਬਸੰਤ ਰੁੱਤ ਦੇ ਦਿਨਾਂ 'ਚ ਸਿਧਾਰਥ ਇਕ ਦਿਨ ਬਗੀਚੇ ਦੀ ਸੈਰ ਕਰਨ ਲਈ ਨਿਕਲੇ। ਉਹਨਾਂ ਨੂੰ ਸੜਕ ਤੇ ਇਕ ਬੁੱਢਾ ਆਦਮੀ ਦਿੱਸਿਆ। ਉਸਦੇ ਦੰਦ ਟੁੱਟ ਚੁੱਕੇ ਸਨ, ਵਾਲ ਸਫੈਦ ਹੋ ਗਏ ਸਨ ਤੇ ਸਰੀਰ ਝੁੱਕ ਗਿਆ ਹੋਇਆ ਸੀ। ਉਹ ਹੱਥ 'ਚ ਲਾਠੀ ਫੜ ਕੇ ਹੌਲੀ-ਹੌਲੀ ਕੰਬਦਾ ਹੋਇਆ, ਉਹ ਸੜਕ ਤੇ ਚੱਲ ਰਿਹਾ ਸੀ। ਦੂਸਰੀ ਵਾਰ ਜਦੋਂ ਉਹ ਫਿਰ ਸੈਰ ਕਰਨ ਲਈ ਬਗੀਚੇ 'ਚ ਨਿਕਲੇ ਤਾਂ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਇਕ ਰੋਗੀ ਆ ਗਿਆ। ਉਸ ਦੀ ਸਾਹ ਬੜੀ ਤੇਜ਼ੀ ਨਾਲ ਚੱਲ ਰਹੀ ਸੀ ਤੇ ਉਸ ਦੇ ਮੋਢੇ 'ਤੇ ਸਰੀਰ ਬੜਾ ਢਿੱਲਾ-ਢਿੱਲਾ ਜਿਹਾ ਲੱਗ ਰਿਹਾ ਸੀ ਤੇ ਉਹ ਕਿਸੇ ਦੂਸਰੇ ਆਦਮੀ ਦੇ ਸਹਾਰੇ ਨਾਲ ਚੱਲ ਰਿਹਾ ਸੀ। ਤੀਸਰੀ ਵਾਰ ਉਸ ਨੇ ਇਕ ਅਰਥੀ ਤੇ ਮੁਰਦੇ ਨੂੰ ਸੰਸਕਾਰ ਲਈ ਲਿਜਾਂਦੇ ਦੇਖਿਆ ਤੇ ਉਸ ਨੂੰ ਲੋਕ ਆਪਣੇ ਮੋਢਿਆਂ 'ਤੇ ਉਠਾਅ ਕੇ ਲਿਜਾ ਰਹੇ ਸਨ ਤੇ ਕਈ ਆਪਣੇ ਵਾਲ ਖਿਲਾਰ ਕੇ ਉਹਨਾਂ ਨੂੰ ਖਿੱਚ ਰਹੇ ਸਨ। ਇਹਨਾਂ ਸਾਰੀਆਂ ਘਟਨਾਵਾਂ ਤੇ ਦ੍ਰਿਸ਼ਾਂ ਨੇ ਸਿਧਾਰਥ ਨੂੰ ਬੜੀਆਂ ਡੂੰਘੀਆਂ ਸੋਚਾਂ ਵਿਚ ਪਾ ਦਿੱਤਾ। ਉਸ ਨੇ ਸੋਚਿਆ ਕਿ ਇਹ ਜਵਾਨੀ ਐਵੇਂ ਥੋੜ੍ਹੇ ਦਿਨਾਂ ਦੀ ਹੈ ਜੋ ਜਲਦੀ ਹੀ ਸੁੱਕ ਤੇ ਮੁੱਕ ਜਾਣੀ ਹੈ। ਅਜਿਹੀ ਜ਼ਿੰਦਗੀ ਨੂੰ ਕੀ ਕਰਨਾ ਹੈ। ਇਹ ਬੁਢਾਪਾ ਬਿਮਾਰੀ ਤੇ ਮੌਤ ਕੀ ਇਸੇ ਤਰ੍ਹਾਂ ਹੀ ਜੀਵਨ 'ਚ ਆਉਂਦੀ ਰਹੇਗੀ? ਚੌਥੀ ਵਾਰ ਸਿਧਾਰਥ ਜਦੋਂ ਬਗੀਚੇ 'ਚ ਸੈਰ ਕਰਨ ਲਈ ਗਿਆ ਤਾਂ ਉਹਨਾਂ ਨੂੰ ਇਕ ਸੰਨਿਆਸੀ ਦਿਖਾਈ ਦਿੱਤਾ ਜਿਹੜਾ ਕਿ ਸੰਸਾਰ ਦੀਆਂ ਸਾਰੀਆਂ ਚਿੰਤਾਵਾਂ ਤੇ ਕਾਮਨਾਵਾਂ ਤੋਂ ਮੁਕਤ ਤੇ ਪ੍ਰਸੰਨਚਿੱਤ ਲੱਗਦਾ ਸੀ, ਨੇ ਸਿਧਾਰਥ ਨੂੰ ਪ੍ਰਭਾਵਿਤ ਕੀਤਾ।

ਸੁੰਦਰ ਪਤਨੀ ਯਸ਼ੋਧਰਾ, ਦੁੱਧ ਮੂੰਹੇ ਬੱਚੇ ਰਾਹੁਲ ਤੇ ਕਪਲਵਸਤੂ ਵਰਗੇ ਰਾਜ ਦਾ ਮੋਹ ਤੱਜ ਕੇ ਸਿਧਾਰਥ ਤਪੱਸਿਆ ਕਰਨ ਲਈ ਘਰੋਂ ਨਿਕਲ ਪਿਆ। ਉਹ ਰਾਜ ਗ੍ਰਹਿ ਪਹੁੰਚ ਗਿਆ। ਉਥੇ ਉਸ ਨੇ ਭਿਖਸ਼ਾ ਮੰਗਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਉਹ ਘੁੰਮਦਾ-ਘੁੰਮਦਾ ਅਲਾਰ ਕਲਾਮ ਤੇ ਉਦਰਕ ਰਾਮ ਪੁੱਤਰ ਦੇ ਪਾਸ ਪਹੁੰਚ ਗਿਆ। ਉਥੋਂ ਉਹਨਾਂ ਨੇ ਯੋਗ ਸਾਧਨਾ ਸਿੱਖੀ। ਸਮਾਧੀ ਲਗਾਉਣੀ ਸਿੱਖੀ, ਪਰ ਇੱਥੇ ਵੀ ਉਹਨਾਂ ਦੀ ਤਸੱਲੀ ਨਹੀਂ ਹੋਈ। ਫਿਰ ਉਹ ਉਰਵੇਲਾ ਪਹੁੰਚਿਆ ਤੇ ਉਥੇ ਉਹ ਤਰ੍ਹਾਂ-ਤਰ੍ਹਾਂ ਦੀ ਤਪੱਸਿਆ ਕਰਨ ਲੱਗ ਪਿਆ। ਪਹਿਲਾਂ ਉਸ ਨੇ ਕੇਵਲ ਤਿਲ-ਚਾਵਲ ਖਾ ਕੇ ਤਪੱਸਿਆ ਸ਼ੁਰੂ ਕੀਤੀ ਤੇ ਬਾਅਦ 'ਚ ਕੋਈ ਭੋਜਨ ਖਾਣਾ ਤਿਆਗ ਦਿੱਤਾ। ਸਰੀਰ ਸੁੱਕ ਕੇ ਤੀਲੇ ਵਾਂਗ ਹੋ ਗਿਆ। ਇਸ ਤਰ੍ਹਾਂ ਛੇ ਸਾਲ ਤਪੱਸਿਆ ਕਰਦਿਆਂ ਬੀਤ ਗਏ ਤੇ ਉਹਨਾਂ ਦੀ ਤਪੱਸਿਆ ਸਫਲ ਨਹੀਂ ਹੋਈ।



ਸ਼ਾਂਤੀ ਲਈ ਉਹਨਾਂ ਦਾ ਮੱਧਿਆ ਮਾਰਗ- ਇਕ ਦਿਨ ਕੁਝ ਇਸਤਰੀਆਂ ਕਿਸੇ ਨਗਰ ਤੋਂ ਵਾਪਸ ਆਉਂਦੀਆਂ ਹੋਈਆਂ ਉਧਰ ਦੀ ਲੰਘੀਆਂ, ਜਿੱਥੇ ਉਹ ਤਪੱਸਿਆ ਕਰ ਰਿਹਾ ਸੀ। ਉਹਨਾਂ ਇਸਤਰੀਆਂ ਦਾ ਇਕ ਗੀਤ ਉਹਨਾਂ ਦੇ ਕੰਨਾਂ 'ਚ ਪਿਆ- 'ਵੀਣਾ ਦੀਆਂ ਤਾਰਾਂ ਨੂੰ ਢਿੱਲਾ ਮੱਤ ਛੱਡੋ। ਢਿੱਲਾ ਛੱਡ ਦੇਣ ਨਾਲ ਉਹਨਾਂ 'ਚੋਂ ਸੁਰੀਲਾ ਸੁਰ ਨਹੀਂ ਨਿਕਲੇਗਾ। ਤਾਰਾਂ ਨੂੰ ਇਤਨਾ ਕੱਸੋ ਵੀ ਨਾਂ ਕਿ ਉਹ ਟੁੱਟ ਜਾਣ।'' ਇਹ ਗੱਲ ਸਿਧਾਰਥ ਨੂੰ ਬੜੀ ਚੰਗੀ ਲੱਗੀ। ਉਹ ਮੰਨ ਗਿਆ ਕਿ ਨਿਯਮਿਤ ਭੋਜਨ ਲੈਣ ਨਾਲ ਹੀ 'ਯੋਗ ਸਾਧਨਾ' ਸਹੀ ਸਿੱਧ ਹੁੰਦੀ ਹੈ। ਕਿਸੇ ਵੀ ਗੱਲ ਦੀ ਅੱਤ ਚੰਗੀ ਨਹੀਂ ਹੁੰਦੀ। ਕਿਸੇ ਵੀ ਪ੍ਰਾਪਤੀ ਲਈ ਮੱਧਿਆ ਮਾਰਗ ਹੀ ਠੀਕ ਹੁੰਦਾ ਹੈ।

ਵਿਸਾਖੀ ਪੂਰਨਿਮਾ ਵਾਲੇ ਦਿਨ ਸਿਧਾਰਥ ਵੱਟ ਦੇ ਦਰਖ਼ਤ ਥੱਲੇ ਧਿਆਨ ਸਮਾਧੀ 'ਚ ਬੈਠੇ ਸਨ। ਨੇੜੇ ਦੇ ਇਕ ਪਿੰਡ 'ਚ ਇਕ ਇਸਤਰੀ ਜਿਸ ਦਾ ਨਾਮ ਸੁਜਾਤਾ ਸੀ, ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਸ ਨੇ ਆਪਣੇ ਪੁੱਤਰ ਲਈ ਇਕ 'ਵੱਟ ਦਰਖ਼ਤ' ਦੀ ਮਨੌਤ ਮੰਗੀ ਸੀ। ਉਹ ਆਪਣੀ ਮਨੌਤ ਪੂਰੀ ਕਰਨ ਲਈ ਸੋਨੇ ਦੇ ਥਾਲ 'ਚ ਗਾਂ ਦੇ ਦੁੱਧ ਦੀ ਖੀਰ ਲੈ ਕੇ ਆਈ। ਸਿਧਾਰਥ ਉਥੇ ਬੈਠਾ ਧਿਆਨ ਕਰ ਰਿਹਾ ਸੀ, ਉਸ ਇਸਤਰੀ ਨੂੰ ਲੱਗਾ ਕਿ ਦਰਖ਼ਤ ਦੇਵਤਾ ਦੀ ਮਾਨੋਂ ਪੂਜਾ ਲੈਣ ਲਈ ਆਪਣਾ ਸਰੀਰ ਧਰ ਕੇ ਬੈਠਾ ਹੈ। ਸੁਜਾਤਾ ਨੇ ਬੜੇ ਆਦਰ ਸਤਿਕਾਰ ਨਾਲ ਸਿਧਾਰਥ ਨੂੰ ਖੀਰ ਭੇਂਟ ਕੀਤੀ ਤੇ ਕਿਹਾ- ''ਜਿਸ ਤਰ੍ਹਾਂ ਮੇਰੀ ਮਨੋਕਾਮਨਾ ਪੂਰੀ ਹੋਈ ਹੈ, ਉਸੇ ਤਰ੍ਹਾਂ ਹੀ ਤੁਹਾਡੀ ਵੀ ਮਨੋਕਾਮਨਾ ਪੂਰੀ ਹੋਵੇ।'' ਉਸ ਰਾਤ ਨੂੰ ਧਿਆਨ ਲਗਾਉਣ ਨਾਲ ਸਿਧਾਰਥ ਦੀ ਸਾਧਨਾ ਸਫਲ ਹੋਈ। ਉਸਨੂੰ 'ਸੱਚਾ ਬੋਧ' ਪ੍ਰਾਪਤ ਹੋਇਆ। ਉਸੇ ਦਿਨ ਤੋਂ ਹੀ ਸਿਧਾਰਥ 'ਬੁੱਧ' ਬਣ ਗਏ। ਜਿਹੜੇ ਪਿੱਪਲ ਦੇ ਦਰਖ਼ਤ ਥੱਲੇ ਸਿਧਾਰਥ ਨੂੰ ਬੋਧ (ਗਿਆਨ) ਪ੍ਰਾਪਤ ਹੋਇਆ, ਉਸੇ ਹੀ ਦਿਨ ਤੋਂ ਉਸ ਦਰਖ਼ਤ ਨੂੰ 'ਬੁੱਧ ਦਾ ਦਰਖ਼ਤ' ਕਿਹਾ ਜਾਣ ਲੱਗਾ ਅਤੇ ਗਯਾ ਦੇ ਨੇੜੇ, ਉਹ ਜਗ੍ਹਾ 'ਬੋਧ ਗਯਾ' ਹੈ।

ਸਿਧਾਰਥ 80 ਸਾਲ ਦੀ ਉਮਰ ਤੱਕ ਆਪਣੇ ਧਰਮ ਦਾ ਪ੍ਰਚਾਰ ਸੰਸਕ੍ਰਿਤ ਭਾਸ਼ਾ ਦੀ ਥਾਂ, ਉਸ ਸਮੇਂ ਦੀ ਬੜੀ ਸਰਲ ਤੇ ਸਪਸ਼ਟ ਲੋਕ ਭਾਸ਼ਾ ਪਾਲੀ 'ਚ ਪ੍ਰਚਾਰ ਕਰਦੇ ਰਹੇ। ਉਹਨਾਂ ਦੇ ਸਰਲ ਤੇ ਸਪਸ਼ਟ ਧਰਮ ਦੀ ਪ੍ਰਸਿੱਧੀ ਬੜੀ ਤੇਜ਼ੀ ਨਾਲ ਫੈਲਣ ਲੱਗੀ।

ਤਕਰੀਬਨ ਚਾਰ ਹਫਤੇ ਤੱਕ ਬੋਧ ਦਰਖ਼ਤ ਦੇ ਥੱਲੇ ਰਹਿਣ ਉਪਰੰਤ ਤੇ ਆਪਣੇ ਧਰਮ ਦੇ ਸਰੂਪ ਦਾ ਚਿੰਤਨ ਕਰਨ ਉਪਰੰਤ 'ਬੁੱਧ ਧਰਮ' ਦਾ ਪ੍ਰਚਾਰ ਕਰਨ ਲਈ ਨਿਕਲ ਪਏ। ਅੱਠਵੇਂ ਦਿਨ ਦੀ ਪੂਰਨਿਮਾ ਨੂੰ, ਉਹ ਕਾਸ਼ੀ ਦੇ ਕੋਲ ਮਰਿਗਦਾਵ (ਵਰਤਮਾਨ ਨਾਮ ਸਾਰਨਾਥ) ਪਹੁੰਚ ਗਏ। ਉਥੇ ਹੀ ਉਹਨਾਂ ਨੇ ਸਭ ਤੋਂ ਪਹਿਲਾਂ ਆਪਣੇ ਧਰਮ ਦਾ ਉਪਦੇਸ਼ ਦਿੱਤਾ ਤੇ ਆਪਣੇ ਪਹਿਲੇ ਪੰਜ ਮਿੱਤਰਾਂ ਨੂੰ ਆਪਣੇ ਚੇਲੇ/ ਭਿਕਸ਼ੂ ਬਣਾਇਆ ਤੇ ਫਿਰ ਉਹਨਾਂ ਨੂੰ ਆਪਣੇ ਧਰਮ ਦਾ ਬਾਹਰ ਪ੍ਰਚਾਰ ਕਰਨ ਲਈ ਭੇਜ ਦਿੱਤਾ। ਉਸ ਸਮੇਂ ਦੀ ਬੜੀ ਸਰਲ ਲੋਕ-ਬੋਲੀ ਪਾਲੀ 'ਚ ਉਹਨਾਂ ਨੇ ਆਪਣੀ ਸਾਰੀ ਉਮਰ ਪ੍ਰਚਾਰ ਕੀਤਾ ਤੇ ਇਹੀ ਬੋਲੀ ਉਹਨਾਂ ਦੇ ਧਰਮ ਦਾ ਫੈਲਾਅ ਕਰਨ 'ਚ ਬੜੀ ਸਹਾਇਕ ਸਿੱਧ ਹੋਈ।

'ਪਾਲ ਸਿਧਾਂਤ' ਦੇ ਮਹਾਂਪਰ ਨਿਰਵਾਣ ਸੂਤਰ ਦੇ ਅਨੁਸਾਰ 70 ਸਾਲ ਦੀ ਉਮਰ 'ਚ ਬੁੱਧ ਨੇ ਐਲਾਨ ਕੀਤਾ ਕਿ ਉਹ ਜਲਦੀ ਹੀ ਪਰਨਿਰਵਾਣ ਲਈ ਰਵਾਨਾ ਹੋਣਗੇ। ਬੁੱਧ ਨੇ ਆਪਣਾ ਆਖਰੀ ਭੋਜਨ, ਜਿਸ ਨੂੰ ਉਹਨਾਂ ਨੇ ਕੁੰਡਾ ਨਾਮਕ ਇਕ ਲੁਹਾਰ ਤੋਂ ਇਕ ਭੇਂਟ ਦੇ ਰੂਪ ਵਿਚ ਪ੍ਰਾਪਤ ਕੀਤਾ ਸੀ, ਦੇ ਖਾਣ ਨਾਲ ਉਹ ਗੰਭੀਰ ਰੂਪ 'ਚ ਬਿਮਾਰ ਹੋ ਗਏ। ਬੁੱਧ ਨੇ ਆਪਣੇ ਇਕ ਪ੍ਰਮੁੱਖ ਚੇਲੇ ਆਨੰਦ ਨੂੰ ਕਿਹਾ ਕਿ ਕੁੰਡਾ ਨੂੰ ਸਮਝਾਉਣ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ ਤੇ ਉਸ ਨੇ, ਉਸਨੂੰ ਕਿਹਾ ਕਿ ਉਸ ਦੇ ਭੋਜਨ 'ਚ ਕੋਈ ਨੁਕਸ ਨਹੀਂ ਸੀ, ਸਗੋਂ ਬਹੁਤ ਵਧੀਆ ਸੀ।

**ਬੁੱਧ ਦੇ ਉਪਦੇਸ਼ਾਂ ਅਨੁਸਾਰ:-** ਮਹਾਤਮਾ ਬੁੱਧ ਨੇ ਲੋਕਾਂ ਨੂੰ 'ਮਧਿਆ ਮਾਰਗ' ਦਾ ਉਪਦੇਸ਼ ਦਿੱਤਾ, ਉਹਨਾਂ ਨੇ ਦੁੱਖ, ਉਹਨਾਂ ਦੇ ਕਾਰਨ ਅਤੇ ਉਹਨਾਂ ਦੇ ਨਿਰਵਾਣ ਲਈ ਅਸ਼ਟਾਂਗ ਮਾਰਗ ਸਮਝਾਇਆ। ਉਹਨਾਂ ਨੇ ਅਹਿੰਸਾ ਤੇ ਬਹੁਤ ਜ਼ੋਰ ਦਿੱਤਾ। ਉਹਨਾਂ ਨੇ ਯੱਗ ਤੇ ਪਸ਼ੂ ਬਲੀ ਦੀ ਘੋਰ ਨਿੰਦਿਆ ਕੀਤੀ। ਬੁੱਧ ਦੇ ਉਪਦੇਸ਼ ਦਾ ਸਾਰ ਨਿਮਨ ਲਿਖਤ ਅਨੁਸਾਰ ਹੈ:

**ਬੁੱਧ ਅਨੁਸਾਰ ਧਰਮ ਹੈ:-** ਜੀਵਨ ਦੀ ਪਵਿੱਤਰਤਾ ਬਣਾਈ ਰੱਖਣਾ, ਜੀਵਨ 'ਚ ਪੂਰਨਤਾ ਪ੍ਰਾਪਤ ਕਰਨਾ, ਨਿਰਵਾਣ ਪ੍ਰਾਪਤ ਕਰਨਾ, ਤ੍ਰਿਸ਼ਨਾ ਦਾ ਤਿਆਗ ਕਰਨਾ, ਇਹ ਮੰਨਣਾ ਕਿ ਸਭ ਸੰਸਕਾਰ ਅਨਿਤਯ ਹਨ, ਕਰਮ ਨੂੰ ਮਾਨਵ ਦੇ ਨੈਤਿਕ ਸਥਾਨ ਦਾ ਆਧਾਰ ਮੰਨਣਾ।

**ਬੁੱਧ ਅਨੁਸਾਰ ਅਧਰਮ ਹਨ:** ਰੱਬ 'ਚ ਵਿਸ਼ਵਾਸ ਕਰਨਾ, ਅਧਰਮ ਹੈ, ਆਤਮਾ 'ਚ ਵਿਸ਼ਵਾਸ ਕਰਨਾ, ਕਲਪਨਾ ਆਧਾਰਿਤ ਵਿਸ਼ਵਾਸ ਕਰਨਾ ਤੇ ਧਰਮ ਦੀਆਂ ਪੁਸਤਕਾਂ ਦਾ ਪਾਠ ਕਰਨਾ ਵੀ ਅਧਰਮ ਹੈ।

**ਬੁੱਧ ਅਨੁਸਾਰ ਸ਼ੁੱਧ ਧਰਮ ਕੀ ਹੈ?-** ਜਿਹੜਾ ਧਰਮ ਪੱਕੇ ਇਰਾਦੇ 'ਚ ਵਾਧਾ ਕਰੇ, ਜਿਹੜਾ ਧਰਮ ਸਭ ਲਈ ਗਿਆਨ ਦੇ ਦੁਆਰ ਖੋਲ੍ਹੇ, ਜਿਹੜਾ ਧਰਮ ਇਹ ਦੱਸੇ ਕਿ ਕੇਵਲ ਵਿਦਵਾਨ ਹੋਣਾ ਹੀ ਕਾਫੀ ਨਹੀਂ ਹੈ, ਜਿਹੜਾ ਧਰਮ ਮਿੱਤਰਤਾ 'ਚ ਵਾਧਾ ਕਰੇ, ਜਿਹੜਾ ਧਰਮ ਸ਼ਾਲੀਨਤਾ 'ਚ ਵਾਧਾ ਕਰੇ, ਜਿਹੜਾ ਧਰਮ ਸ਼ਾਲੀਨਤਾ ਤੇ ਪੱਕੇ ਇਰਾਕੇ ਦੇ ਨਾਲ ਕਰੁਣਾ ਦਾ ਹੋਣਾ ਨਾ ਦੱਸੇ, ਜਿਹੜਾ ਧਰਮ ਇਹ ਦੱਸੇ ਕਿ ਕਰੁਣਾ ਨਾਲ ਭੀ ਅਧਿਕ ਮਿੱਤਰਤਾ ਦੀ ਜ਼ਰੂਰਤ ਹੈ, ਜਦੋਂ ਉਹ ਸਾਰੇ ਪ੍ਰਕਾਰ ਦੇ ਸਮਾਜਿਕ ਭੇਦ ਭਾਵਾਂ ਨੂੰ ਮਿਟਾਅ ਦੇਵੇ, ਜਦੋਂ ਉਹ ਆਦਮੀ ਤੇ ਆਦਮੀ 'ਚ ਸਾਰੀਆਂ ਦੀਵਾਰਾਂ ਗਿਰਾ ਦੇਵੇ, ਜਦੋਂ ਉਹ ਇਹ ਕਰੇ ਕਿ ਆਦਮੀ ਦਾ ਮੁਲਾਂਕਣ ਜਨਮ ਤੋਂ ਨਹੀਂ, ਕਰਮ ਨਾਲ ਕੀਤਾ ਜਾਵੇ ਤੇ ਜਦੋਂ ਉਹ ਮਨੁੱਖ-ਮਨੁੱਖ 'ਚ ਸਮਾਨਤਾ ਦੇ ਭਾਵ 'ਚ ਵਾਧਾ ਕਰੇ।

ਬੁੱਧ ਧਰਮ ਦੀਆਂ ਸਿੱਖਿਆਵਾਂ ਨੂੰ 'ਬੁੱਧਵਾਦ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਦੁਨੀਆਂ ਦੁੱਖਾਂ ਦਾ ਘਰ ਹੈ। ਇਹ ਉਹ ਦੁੱਖ ਹਨ ਜੋ ਇਨਸਾਨ ਆਪਣੇ ਅੰਦਰੋਂ ਮਹਿਸੂਸ ਕਰਦਾ ਹੈ ਤੇ ਇਹਨਾਂ ਤੋਂ ਛੁਟਕਾਰਾ ਪਾਉਣ ਲਈ, ਮਨੁੱਖ ਨੂੰ ਆਪਣੀਆਂ ਖਾਹਿਸ਼ਾਂ ਤੇ ਕਾਬੂ ਪਾ ਕੇ ਰੱਖਣਾ ਚਾਹੀਦਾ ਹੈ। ਇਹਨਾਂ ਖਾਹਿਸ਼ਾਂ ਤੇ ਕਾਬੂ ਪਾਉਣ ਲਈ ਮਨੁੱਖ ਨੂੰ ਚੰਗਿਆਈਆਂ ਨੂੰ ਅਪਣਾਉਣਾ ਚਾਹੀਦਾ ਹੈ ਤੇ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਚੰਗਿਆਈਆਂ ਨੂੰ ਸਾਨੂੰ ਆਪਣੇ ਮਨ 'ਚ ਬਿਠਾਅ ਲੈਣਾ ਚਾਹੀਦਾ ਹੈ। ਇਸ ਨਾਲ ਸਾਡੇ ਅੰਦਰਲੇ ਤੇ ਬਾਹਰਲੇ ਸਾਰੇ ਦੁੱਖ ਖਤਮ ਹੋ ਜਾਣਗੇ ਤੇ ਸਾਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ।

ਸਾਨੂੰ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਤੇ ਸਾਨੂੰ ਆਪਣੇ ਅੰਦਰ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਤੋਂ ਸਾਨੂੰ ਦੂਰ ਨਹੀਂ ਭੱਜਣਾ ਚਾਹੀਦਾ। ਸਾਨੂੰ ਅੰਤਰ ਧਿਆਨ ਹੋ ਕੇ ਆਪਣੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਤੇ ਚੰਗਿਆਈਆਂ ਅਪਣਾਉਣ ਲਈ ਸੋਚਣਾ ਚਾਹੀਦਾ ਹੈ। ਉਹ ਯੋਗ ਆਸਣ ਦੁਆਰਾ ਹੀ, ਚੌਂਕੜੀ ਮਾਰ ਕੇ ਯੋਗ ਸਾਧਨਾ ਕਰਨ ਨਾਲ, ਅਸੀਂ ਅੰਤਰ-ਧਿਆਨ ਦੀ ਅਵਸਥਾ 'ਚ ਆ ਸਕਦੇ ਹਾਂ। ਕੁਝ ਬੋਧੀ ਲੋਕ ਭਜਨ ਗਾ ਕੇ, ਚੱਲਦੇ ਹੋਏ ਵੀ ਅੰਤਰ-ਧਿਅਨ ਦੀ ਵਿਧੀ ਅਪਣਾਉਂਦੇ ਹਨ। ਕਈ ਵਾਰ ਬੋਧੀ ਲੋਕ ਇਸ ਨੂੰ ਆਪਣੇ ਮਨ ਦੀ ਹਾਲਤ ਜਾਨਣ ਲਈ ਵੀ ਅਜਿਹਾ ਕਰਦੇ ਹਨ। ਕਈ ਵਾਰ ਉਹ ਅਜਿਹਾ ਸੰਸਾਰ ਨੂੰ ਜਾਨਣ ਲਈ ਵੀ ਕਰਦੇ ਹਨ ਤੇ ਕਈ ਵਾਰ ਉਹ ਆਤਮਕ ਸ਼ਾਂਤੀ ਪ੍ਰਾਪਤ ਕਰਨ ਲਈ ਵੀ ਇਸ ਤਰ੍ਹਾਂ ਕਰਦੇ ਹਨ।

ਬੁੱਧ ਧਰਮ 'ਰੱਬ ਦੀ ਹੋਂਦ ਹੈ ਜਾਂ ਨਹੀਂ", ਇਸ 'ਚ ਵਿਸ਼ਵਾਸ ਨਹੀਂ ਕਰਦੇ। ਉਹ ਆਪਣੇ ਉਪਾਸ਼ਕਾਂ ਨੂੰ ਇਹੀ ਸਿੱਖਿਆ ਦਿੰਦੇ ਹਨ ਕਿ ਰੱਬ ਵੱਲ ਮੱਤ ਦੇਖੋ ਤੇ ਇਸ ਨੂੰ ਦੇਖਣ ਵੱਲ ਜਾਂ ਅਪਣਾਉਣ 'ਚ ਆਪਣਾ ਸਮਾਂ ਬਰਬਾਦ ਮਤ ਕਰੋ। ਇਸ ਵੱਲ ਦੇਖਣ ਨਾਲ ਤੁਸੀਂ ਗਿਆਨਵਾਨ ਨਹੀਂ ਹੋ ਸਕਦੇ ਤੇ ਤੁਹਾਡੇ ਅੰਦਰ ਚਾਨਣ ਨਹੀਂ ਹੋ ਸਕਦਾ। ਇਹ ਕਹਿਣਾ ਕਿ ਰੱਬ ਸਾਰੇ ਸੰਸਾਰ ਤੇ ਕਾਬੂ ਰੱਖਦਾ ਹੈ ਤੇ ਸਭ ਜੀਵਾਂ ਦੀ ਮਦਦ ਕਰਦਾ ਹੈ, ਇਸ ਗੱਲ ਵੱਲ ਧਿਆਨ ਦੇਣ 'ਤੇ ਵਿਸ਼ਵਾਸ ਕਰਨ ਦੀ ਲੋੜ ਨਹੀਂ ਹੈ। ਮਨੁੱਖ ਆਪਣੇ ਕਸ਼ਟਾਂ ਤੋਂ ਛੁਟਕਾਰਾ ਤਾਂ ਹੀ ਪਾ ਸਕਦਾ ਹੈ ਜੇਕਰ ਉਹ ਅੰਤਰ-ਧਿਆਨ ਹੋ ਕੇ ਗਿਆਨਵਾਨ ਹੋਵੇ।

ਬੁੱਧ ਧਰਮ ਇਹ ਵੀ ਕਹਿੰਦਾ ਹੈ ਕਿ ਜੋ ਚੀਜ਼ ਸਾਨੂੰ ਸਥਾਈ ਨਜ਼ਰ ਆਉਂਦੀ ਹੈ, ਉਹ ਵੀ ਨਾਸ਼ਵਾਨ ਹੈ। ਜੋ ਪੁਰਸ਼ ਸਾਨੂੰ ਮਹਾਨ ਨਜ਼ਰ ਆਉਂਦਾ ਹੈ, ਉਸ ਦਾ ਵੀ ਪਤਨ ਹੁੰਦਾ ਹੈ। ਜਿੱਥੇ ਸੰਜੋਗ ਹੈ, ਉਥੇ ਵਿਨਾਸ਼ ਵੀ ਹੈ। ਇਸ ਸੰਸਾਰ 'ਚ ਜਿੱਥੇ ਜਨਮ ਹੈ, ਉਥੇ ਉਸਦੇ ਨਾਲ ਮਰਨ ਵੀ ਹੈ। ਅਜਿਹੇ ਯਥਾਰਥ ਨੂੰ ਜਾਨਣ ਲਈ ਤੇ ਆਪਣੇ ਕਸ਼ਟਾਂ ਦੇ ਨਿਵਾਰਣ ਲਈ ਮਹਾਤਮਾ ਬੁੱਧ ਜੀ ਨੇ ਬੁੱਧ ਧਰਮ ਦੀ ਸਥਾਪਨਾ ਕੀਤੀ ਜੋ ਅੱਜ ਸੰਸਾਰ ਦੇ ਪ੍ਰਮੁੱਖ ਧਰਮਾਂ 'ਚੋਂ ਇਕ ਹੈ।

ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਵਰਣਨ, ਉਹਨਾਂ ਦੀਆਂ ਪ੍ਰਮੁੱਖ ਤਿੰਨ ਰਚਨਾਵਾਂ 'ਚ, ਜਿਹਨਾਂ ਨੂੰ 'ਪਿਟਕ' ਭਾਵ ਗ੍ਰੰਥ ਕਿਹਾ ਜਾਂਦਾ ਹੈ, ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ- (1) ਵਿਨੇ ਪਿੱਟਕ, (2) ਸੁੱਤ ਪਿਟਕ, (3) ਅਭਿਧੰਮਪਿਟਕ। ਇਹ ਪਾਲੀ ਭਾਸ਼ਾ 'ਚ ਲਿਖੇ ਗਏ ਹਨ। ਹਿੰਦੂ ਧਰਮ 'ਚ ਜਿਸ ਤਰ੍ਹਾਂ ਵੇਦਾਂ ਦਾ ਉਚ ਸਥਾਨ ਹੈ, ਠੀਕ ਉਸੇ ਤਰ੍ਹਾਂ ਹੀ ਬੁੱਧ ਧਰਮ 'ਚ ਵੀ ਇਹਨਾਂ ਪਿੱਟਕਾਂ ਦਾ ਉਚ ਸਥਾਨ ਹੈ।

ਬੁੱਧ ਧਰਮ ਦੇ ਉਪਦੇਸ਼ ਅੱਜ ਵੀ ਦੇਸ਼ ਵਿਦੇਸ਼ 'ਚ ਜਨਮਾਨਸ ਦਾ ਮਾਰਗ ਦਰਸ਼ਨ ਕਰ ਰਹੇ ਹਨ। ਭਗਵਾਨ ਬੁੱਧ ਪ੍ਰਾਣੀ ਹਿੰਸਾ ਦੇ ਸਖਤ ਵਿਰੋਧੀ ਸਨ। ਉਹਨਾਂ ਦਾ ਕਹਿਣਾ ਸੀ- ''ਜਿਸ ਤਰ੍ਹਾਂ ਮੈਂ ਹਾਂ, ਉਸੇ ਤਰ੍ਹਾਂ ਹੀ ਦੂਸਰੇ ਹਨ, ਜਿਸ ਤਰ੍ਹਾਂ ਦੂਸਰੇ ਹਨ, ਉਸੇ ਤਰ੍ਹਾਂ ਹੀ ਮੈਂ ਹਾਂ। ਇਸ ਤਰ੍ਹਾਂ ਸਾਨੂੰ ਸਭ ਨੂੰ ਇਕ ਸਮਾਨ ਸਮਝ ਕੇ ਕਿਸੇ ਨੂੰ ਵੀ ਮਾਰਨ ਦਾ ਅਧਿਕਾਰ ਨਹੀਂ ਹੈ ਤੇ ਨਾ ਹੀ ਸਾਨੂੰ ਕਿਸੇ ਨੂੰ ਮਾਰਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ।''

ਸਮੁੱਚੇ ਤੌਰ ਤੇ ਉਹਨਾਂ ਦੇ ਉਪਦੇਸ਼ਾਂ ਨੂੰ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ''ਅਸੀਂ ਜੋ ਕੁਝ ਵੀ ਹਾਂ, ਉਸ ਬਾਰੇ ਅਸੀਂ ਅੱਜ ਤੱਕ ਕੀ ਸੋਚਿਆ ਹੈ। ਇਸ ਗੱਲ ਦਾ ਨਤੀਜਾ ਕੀ ਹੈ? ਜੇਕਰ ਕੋਈ ਆਦਮੀ ਬੁਰੀ ਸੋਚ ਨਾਲ ਬੋਲਦਾ ਹੈ ਜਾਂ ਕੰਮ ਕਰਦਾ ਹੈ ਤਾਂ ਉਸ ਨੂੰ ਕਸ਼ਟ ਹੀ ਮਿਲਦਾ ਹੈ। ਅਗਰ ਕੋਈ ਵਿਅਕਤੀ ਸ਼ੁੱਧ ਵਿਚਾਰਾਂ ਨਾਲ ਬੋਲਦਾ ਜਾਂ ਕੰਮ ਕਰਦਾ ਹੈ ਤਾਂ ਪ੍ਰਛਾਈ ਦੀ ਤਰ੍ਹਾਂ ਹੀ ਪ੍ਰਸੰਨਤਾ, ਉਸ ਵਿਅਕਤੀ ਦਾ ਪਿੱਛਾ ਨਹੀਂ ਛੱਡਦੀ।

ਬੁੱਧ ਧਰਮ ਸਭ ਜਾਤੀਆਂ ਅਤੇ ਪੰਥਾਂ ਦੇ ਲਈ ਖੁੱਲ੍ਹਾ ਹੈ। ਇਸ 'ਚ ਹਰ ਆਦਮੀ ਦਾ ਸਵਾਗਤ ਹੈ। ਬ੍ਰਾਹਮਣ ਹੋਵੇ ਜਾਂ ਚੰਡਾਲ, ਪਾਪੀ ਹੋਵੇ ਜਾਂ ਕੋਈ ਪੂਜਨੀਯ ਆਤਮਾ, ਗ੍ਰਹਿਸਥੀ ਹੋਵੇ ਜਾਂ ਬ੍ਰਹਮਚਾਰੀ ਸਭ ਲਈ ਦਰਵਾਜ਼ੇ ਖੁੱਲ੍ਹੇ ਹਨ। ਇਹ ਧਰਮ 'ਚ ਜਾਤ-ਪਾਤ, ਊਚ ਨੀਚ ਦਾ ਕੋਈ ਭੇਦਭਾਵ ਨਹੀਂ ਹੈ। ਸਭ ਦਾ ਸਮਾਜਿਕ ਰੁਤਬਾ ਬਰਾਬਰ ਹੈ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਬੁੱਧ ਧਰਮ 'ਚ ਭਿਕਸ਼ੂਆਂ ਦੀ ਗਿਣਤੀ ਵਧਣ ਲੱਗੀ। ਵੱਡੇ-ਵੱਡੇ ਰਾਜੇ ਮਹਾਰਾਜੇ ਵੀ ਉਹਨਾਂ ਦੇ ਚੇਲੇ ਬਣਨ ਲੱਗ ਪਏ। ਸੁਦੋਧਨ ਤੇ ਰਾਹੁਲ ਨੇ ਵੀ ਬੁੱਧ ਧਰਮ ਦੀ ਦੀਕਸ਼ਾ ਲਈ। ਭਿਕਸ਼ੂਆਂ ਦੀ ਗਿਣਤੀ ਬਹੁਤ ਵਧਣ ਨਾਲ ਬੁੱਧ ਧਰਮ ਦੀ ਸਥਾਪਨਾ ਕੀਤੀ ਗਈ। ਬਾਅਦ ਵਿਚ ਲੋਕਾਂ ਦੇ ਕਹਿਣ 'ਤੇ ਬੁੱਧ ਨੇ ਇਸਤਰੀਆਂ ਨੂੰ ਵੀ ਸੰਘ ਵਿਚ ਲੈ ਲੈਣ ਦੀ ਮਨਜ਼ੂਰੀ ਦੇ ਦਿੱਤੀ, ਪਰ ਇਸ ਨੂੰ ਉਹਨਾਂ ਨੇ ਬਹੁਤ ਚੰਗਾ ਨਹੀਂ ਮੰਨਿਆ। ਭਗਵਾਨ ਬੁੱਧ ਨੇ 'ਬਹੁਜਨ-ਹਿੱਤਾਂ', ਲੋਕ ਕਲਿਆਣ ਲਈ ਆਪਣੇ ਧਰਮ ਦੇ ਦੇਸ਼-ਵਿਦੇਸ਼ 'ਚ ਪ੍ਰਚਾਰ ਕਰਨ ਲਈ, ਆਪਣੇ ਭਿਕਸ਼ੂਆਂ ਨੂੰ ਇੱਧਰ-ਉਧਰ ਭੇਜਿਆ। ਅਸ਼ੋਕ ਆਦਿ ਵਰਗੇ ਸਮਰਾਟ ਨੇ ਵੀ ਬੁੱਧ ਧਰਮ ਦਾ ਵਿਦੇਸ਼ਾਂ 'ਚ ਪ੍ਰਚਾਰ ਕਰਨ ਲਈ ਆਪਣੀ ਅਹਿਮ ਭੂਮਿਕਾ ਨਿਭਾਈ। ਮੋਰੀਆ ਕਾਲ ਤੱਕ ਆਉਂਦੇ-ਆਉਂਦੇ ਬੁੱਧ ਧਰਮ ਭਾਰਤ 'ਚੋਂ ਨਿਕਲ ਕੇ ਚੀਨ, ਜਾਪਾਨ, ਕੋਰੀਆ, ਮੰਗੋਲੀਆ, ਬਰਮਾ, ਥਾਈਲੈਂਡ, ਸ੍ਰੀਲੰਕਾ ਆਦਿ ਦੇਸ਼ਾਂ 'ਚ ਫੈਲ ਚੁੱਕਿਆ ਸੀ। ਇਹਨਾਂ ਦੇਸ਼ਾਂ 'ਚ ਬੁੱਧ ਧਰਮ ਬਹੁ-ਸੰਖਿਆ 'ਚ ਹੈ। ਗੌਤਮ ਬੁੱਧ ਦੂਸਰਿਆਂ ਧਰਮਾਂ ਦੀ ਨਜ਼ਰ 'ਚ:- ਗੌਤਮ ਬੁੱਧ ਦੂਸਰਿਆਂ ਧਰਮਾਂ 'ਚ ਨਵੀਂ ਜਾਂ ਈਸ਼ਵਰੀ ਦੂਤ ਦੇ ਰੂਪ 'ਚ ਵਰਣਿਤ ਕੀਤਾ ਜਾਂਦਾ ਹੈ।

ਹਿੰਦੂ ਧਰਮ- ਆਰੰਭ 'ਚ ਬੁੱਧ ਤੇ ਉਹਨਾਂ ਦੇ ਧਰਮ ਨੂੰ ਹਿੰਦੂ ਧਰਮ ਨੇ ਸਵੀਕਾਰ ਨਹੀਂ ਕੀਤਾ ਪਰ ਬਾਅਦ ਵਿਚ ਹਿੰਦੂ ਧਰਮ ਨੇ ਬੁੱਧ ਨੂੰ ਵਿਸ਼ਨੂੰ ਦੇ ਅਵਤਾਰਾਂ 'ਚ ਸ਼ਾਮਲ ਕਰ ਲਿਆ। ਕੁਝ ਪੁਰਾਣਾਂ 'ਚ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਬੁੱਧ ਅਵਤਾਰ ਨੂੰ ਇਸ ਲਈ ਲਿਆ ਸੀ, ਜਿਸ ਨਾਲ ਉਹ 'ਝੂਠੇ ਉਪਦੇਸ਼' ਫੈਲਾਅ ਕੇ 'ਅਸੁਰੋਂ" ਨੂੰ ਸੱਚੇ ਵੈਦਿਕ ਧਰਮ ਤੋਂ ਦੂਰ ਰੱਖ ਸਕੇ, ਜਿਸ ਨਾਲ ਦੇਵਤਾ ਉਹਨਾਂ

(ਬਾਕੀ ਸਫਾ 21 ਤੇ)




# ਤੇਰੀ ਤਾਂ ਜਾਤ ਕੋਈ ਨਹੀਂ ਵੇ ਸ਼ਿਵਜੀ



ਡਾ.ਕਰਮਜੀਤ ਸਿੰਘ
91-98763-23862

ਸਿੱਠਣੀਆਂ ਤੋਂ ਬਗ਼ੈਰ ਲੋਕ-ਗੀਤਾਂ ਦਾ ਸੰਗ੍ਰਹਿ ਸੰਪੂਰਣ ਨਹੀਂ ਮੰਨਿਆ ਜਾ ਸਕਦਾ। ਸਿੱਠ ਦਾ ਮਤਲਬ ਤਾਂ ਵਿਅੰਗ ਹੀ ਹੈ ਪਰ ਵਿਆਹਾਂ ਵਿਚ ਗਾਈਆਂ ਜਾਂਦੀਆਂ ਸਿੱਠਣੀਆਂ ਦਾ ਆਧਾਰ ਗਾਲ਼ ਹੈ। ਇਸੇ ਲਈ ਕਈ ਥਾਂ ਇਨ੍ਹਾਂ ਨੂੰ ਗਾਲ਼ੀ ਵੀ ਕਿਹਾ ਜਦਾ ਹੈ। ਹਰਿਆਣੇ ਵਿਚ ਇਸ ਲਈ 'ਸੀਟਣੇ' ਸ਼ਬਦ ਵਰਤਿਆ ਜਾਂਦਾ ਹੈ। ਕੋਈ ਵੀ ਸਮਾਜ ਕਿੰਨਾ ਵੀ ਦਬਾਅ ਵਾਲਾ ਹੋਵੇ ਉਹ ਦੱਬੇ ਹੋਏ ਲੋਕਾਂ ਨੂੰ ਕੁਝ ਚਿਰ ਲਈ ਖੁੱਲ੍ਹਾ ਛੱਡ ਕੇ ਇਹ ਪ੍ਰਭਾਵ ਦੇਣ ਦਾ ਯਤਨ ਕਰਦਾ ਹੈ ਕਿ ਉਹ ਉਦਾਰ ਵੀ ਹੈ। ਅਜਿਹੀ ਉਦਾਰਤਾ ਦਾ ਪ੍ਰਗਟਾਵਾ ਸਾਡੇ ਵਿਆਹਾਂ ਵਿਚ ਹੁੰਦਾ ਹੈ। ਜਿੱਥੇ ਖੁਸ਼ੀ ਦੇ ਮਾਹੌਲ ਵਿਚ ਔਰਤਾਂ ਨੂੰ ਹਾਸਾ-ਠੱਠਾ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਉਹ ਕੁੜਮਾਂ ਦਾ, ਵਿਚੋਲਿਆਂ ਦਾ, ਜੀਜਿਆਂ ਦਾ 'ਤੇ ਹੋਰ ਰਿਸ਼ਤੇਦਾਰੀਆਂ ਦਾ ਗਾਲ਼ੀਆਂ ਨਾਲ ਸੁਆਗਤ ਕਰ ਸਕਦੀਆਂ ਹਨ। ਸਾਰੀ ਰਾਤ ਮੇਲ ਦੇ ਰੂਪ ਵਿਚ ਪੂਰੇ ਪਿੰਡ ਦੀ ਨੀਂਦ ਹਰਾਮ ਕਰ ਸਕਦੀਆਂ ਹਨ। ਅਜਿਹਾ ਕਰਦਿਆਂ ਉਹ ਗਾ ਕੇ ਸਿੱਠਣੀਆਂ ਦਿੰਦੀਆਂ ਇਕ ਦਿਨ ਦੀਆਂ ਮਹਾਰਾਣੀਆਂ ਬਣ ਜਾਂਦੀਆਂ ਹਨ। ਪਰੰਤੂ ਧਰਮ ਨੂੰ ਇਹ ਇਕ ਦਿਨ ਦੀ ਖੁੱਲ੍ਹ ਵੀ ਪ੍ਰਵਾਨ ਨਹੀਂ ਹੁੰਦੀ। ਉਹ ਮਰਦ-ਪ੍ਰਧਾਨ ਸਮਾਜ ਨੂੰ ਪੂਰੀ ਸਖ਼ਤਾਈ ਨਾਲ ਲਾਗੂ ਕਰਕੇ ਆਪਣੇ ਵੱਲੋਂ ਧਾਰਮਿਕ ਗੀਤ ਗਾਉਣ ਦਾ ਹੁਕਮ ਚਾੜ੍ਹਦਾ ਹੈ। ਸਿੰਘ ਸਭਾ ਵੱਲੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਨ੍ਹਾਂ ਗੀਤਾਂ ਦੇ ਖ਼ਿਲਾਫ਼ ਚਲਾਈ ਮੁਹਿੰਮ ਨੂੰ ਇਸੇ ਸੰਦਰਭ ਵਿਚ ਦੇਖਣ ਦੀ ਲੋੜ ਹੈ। ਸਿੰਘ ਸਭੀਆਂ ਦੇ ਅਜਿਹੇ ਦਬਾਅ ਦੇ ਬਾਵਜੂਦ ਔਰਤਾਂ ਨੇ ਉਨ੍ਹਾਂ ਦੀ ਹਾਂਅ ਪੱਖੀ ਮੁਹਿੰਮ ਨੂੰ ਤਾਂ ਹੁੰਗਾਰਾ ਦਿੱਤਾ ਹੈ, ਪਰੰਤੂ ਕਈ ਗੱਲਾਂ ਵਿਚ ਉਨ੍ਹਾਂ ਦਾ ਮਖੌਲ ਉਡਾ ਕੇ ਉਨ੍ਹਾਂ ਵੱਲੋਂ ਦਮਨਕਾਰੀ ਆਦੇਸ਼ਾਂ ਨੂੰ ਮੰਨਣ ਤੋਂ ਇਨਕਾਰ ਵੀ ਕੀਤਾ ਹੈ।

ਟੋਲ਼ੀ ਬਾਪੂ ਸਿੰਘ ਸਭੀਏ
ਮੈਨੂੰ ਮੰਨਣੇ ਨਾ ਪੈਣ ਜਠੇਰੇ।
ਟੋਲ਼ੇ ਧੀਏ ਸਿੰਘ ਸਭੀਏ
ਖੁੱਲ੍ਹੇ ਕੇਸ ਗਲਾਂ ਵਿਚ ਪੈਂਦੇ।

ਇਨ੍ਹਾਂ ਸ਼ਬਦਾਂ ਵਿਚ ਮਖੌਲ ਦੀ ਚਾਸ਼ਣੀ ਵੀ ਸਾਫ਼ ਹੈ, ਪਰ ਕਈ ਥਾਈਂ ਤਾਂ ਸਿੱਧੀ ਬਗ਼ਾਵਤ ਹੈ।

ਮਰ ਜਾਣ ਸਿੰਘ ਸਭੀਏ
ਜਿਹੜੇ ਗਿੱਧਾ ਪਾਉਣ ਨਹੀਂ ਦਿੰਦੇ।
ਮਰ ਜਾਣ ਸਿੰਘ ਸਭੀਏ।

ਅਸਲ ਵਿਚ ਸਿੱਠਣੀਆਂ ਔਰਤਾਂ ਦੀਆਂ ਦਬੀਆਂ ਜਿਨਸੀ ਭਾਵਨਾਵਾਂ ਨੂੰ ਪ੍ਰਗਟਾਅ ਦਿੰਦੀਆਂ ਹਨ। ਉਹ ਕਲਪਿਤ ਤੌਰ 'ਤੇ ਸਮਾਜਿਕ ਰਿਸ਼ਤਿਆਂ ਨੂੰ ਤੋੜ ਕੇ ਤੇ ਨਾਜਾਇਜ਼ ਸਬੰਧ ਜੋੜ ਕੇ ਸੁਆਦ ਲੈਂਦੀਆਂ ਹਨ। ਕਿਸੇ ਇਕ ਨੂੰ ਕਿਸੇ ਦੂਸਰੇ ਮਰਦ ਨਾਲ ਉਧਾਲਿਆ ਜਾਂਦਾ ਹੈ। ਸਾਰੇ ਪਿੰਡ ਦੇ ਮੁੰਡਿਆਂ, ਬੁੱਢਿਆਂ ਨਾਲ ਦੂਜੇ ਪਿੰਡ ਦੀਆਂ ਕੁੜੀਆਂ/ਬੁੱਢੀਆਂ ਦੇ ਨਾਜਾਇਜ਼ ਸਬੰਧ ਜੋੜੇ ਜਾਂਦੇ ਹਨ ਤੇ ਇਉਂ ਥੋੜ੍ਹੇ ਚਿਰ ਲਈ ਜਿਨਸੀ ਭਾਵਨਾਵਾਂ ਦਾ ਕਥਾਰਸਿਸ ਕਰ ਲਿਆ ਜਾਂਦਾ ਹੈ। ਪਰ ਵਿਆਹ ਖ਼ਤਮ ਹੁੰਦਿਆਂ ਹੀ ਉਹੀ ਸਮਾਜਿਕ ਦਬਾਅ ਹੇਠ ਔਰਤ ਨੂੰ ਵਗਣਾ ਪੈਂਦਾ ਹੈ, ਜਿਸ ਤੋਂ ਥੋੜ੍ਹੇ ਚਿਰ ਰਾਹਤ ਲਈ ਕਿਸੇ ਹੋਰ ਮੌਕੇ ਦੀ ਇੰਤਜ਼ਾਰ ਕਰਨੀ ਪੈਂਦੀ ਹੈ।

ਆਮ ਤੌਰ 'ਤੇ ਸਿੱਠਣੀਆਂ ਵਿਚ ਲਗ-ਲਪੇਟ ਕੋਈ ਨਹੀਂ ਹੁੰਦਾ। ਪਰ ਕਈ ਵਾਰ ਮਰਦ ਨੂੰ ਲਤਾੜਨ ਲਈ ਦੇਵਤਿਆਂ ਦਾ ਓਹਲਾ ਵੀ ਲੈ ਲਿਆ ਜਾਂਦਾ ਹੈ। ਸ਼ਿਵ-ਪਾਰਬਤੀ ਦੇ ਵਿਆਹ ਦਾ ਕਿੱਸਾ ਸਾਰੇ ਭਾਰਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚੱਲਿਤ ਹੈ। ਇਕ ਪਾਸੇ ਸੱਪਾਂ ਦੀ ਮਾਲਾ ਪਾਈ, ਸਰੀਰ ਤੇ ਬਭੂਤ ਮਲੀ, ਜਟਾਧਾਰੀ, ਭੰਗੀ ਸ਼ਿਵ ਹੈ ਪਰ ਉਸ ਦੇ ਮੁਕਾਬਲੇ ਔਰਤਾਂ ਦੀ ਆਪਣੀ ਆਦਰਸ਼ ਰੂਪ ਪਾਰਬਤੀ। ਸ਼ਿਵ ਨਾਲ ਸ਼ਿਵ ਵਰਗੇ ਬਰਾਤੀ, ਪਰ ਇੱਧਰ ਉਸ ਤੋਂ ਉਲਟ। ਇਸ ਸਾਰੇ ਪ੍ਰਸੰਗ ਵਿਚ ਔਰਤਾਂ ਸਾਲੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਨੇ ਜੀਜੇ ਨੂੰ ਸਿੱਠਣੀਆਂ/ਗਾਲ਼ਾਂ ਦੇਣ ਦਾ ਪੂਰਾ ਅਧਿਕਾਰ ਹੈ। ਅਜਿਹੀਆਂ ਸਿੱਠਣੀਆਂ ਮੈਂ ਮੋਹਰੀ ਚੱਕ ਦੀਆਂ ਕੁੜੀਆਂ ਤੋਂ ਸੁਣੀਆਂ, ਜਦੋਂ ਉਨ੍ਹਾਂ ਇਹ ਸਿੱਠਣੀਆਂ ਗਾਉਣੀਆਂ ਸ਼ੁਰੂ ਕੀਤੀਆਂ ਤਾਂ ਉਨ੍ਹਾਂ ਸਾਲ਼ੀਆਂ ਵਾਲਾ ਰੂਪ ਧਾਰਨ ਕਰ ਲਿਆ, ਵਿਅੰਗ-ਬਾਣਾਂ ਨਾਲ ਲੈਸ, ਚਿਹਰਿਆਂ 'ਤੇ ਮਖੌਲ ਉਡਾਉਣ ਦਾ ਭਾਵ। ਸਿੱਠਣੀ ਇਕੱਲੀ ਇਕੱਲੀ ਨਹੀਂ, ਪੂਰੀ ਲੜੀ ਦੀ ਲੜੀ।

ਜੰਜ ਗੌਰਾਂ ਜੀ ਦੀ ਆਈ ਏ
ਅਸੀਂ ਓਅਦੇ ਲਾੜੇ ਆਂ
ਜਿਨ੍ਹਾਂ ਗੌਰਾਂ ਬਿਆ੍ਹਈ ਏ।

'ਜੀ' ਤੇ ਬਹੁਵਚਨ ਦਾ ਸੰਬੋਧਨ 'ਸਿੱਠ' ਦੇ ਬਾਵਜੂਦ ਸ਼ਾਲੀਨਤਾ ਨੂੰ ਹੱਥੋਂ ਨਹੀਂ ਖਿਸਕਣ ਦਿੰਦਾ। ਪਹਿਲੀਆਂ ਪੰਗਤੀਆਂ ਸ਼ਿਵ ਵੱਲੋਂ ਉਚਰਿਤ ਹਨ, ਪਰ ਛੇਤੀ ਹੀ ਲਗਾਮ ਸਾਲੀਆਂ ਹੱਥ ਆ ਗਈ।

ਚੜ੍ਹ ਬੈਲ ਤੇ ਆਇਆ ਏ
ਗੌਰਾਂ ਦੇ ਬਾਗ਼ ਵਿਚ
ਘੋਟਾ ਭੰਗ ਦਾ ਵੀ ਲਾਇਆ ਏ।

ਇਨ੍ਹਾਂ ਸਿੱਠਣੀਆਂ ਦਾ ਰੂਪ ਟੱਪਿਆਂ ਵਾਲਾ ਹੈ। ਸ਼ੁਰੂ ਵਿਚ ਹੀ ਸ਼ਿਵ ਦੇ ਭੰਗੀ ਹੋਣ ਉੱਪਰ ਚੋਟ। ਸਾਰੇ ਵਿਦਵਾਨ (ਆਰ.ਐਸ.ਐਸ.) ਦੇ ਵਿਦਵਾਨਾਂ ਨੂੰ ਛੱਡ ਕੇ ਇਸ ਗੱਲ ਨਾਲ ਸਹਿਮਤ ਹਨ ਕਿ ਸ਼ਿਵ ਸਿੰਧੂ ਘਾਟੀ ਦੀ ਸਭਿਅਤਾ ਦਾ ਦੇਵਤਾ ਹੈ। ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਵਿਚ ਇਸ ਗੱਲ ਦੇ ਪੂਰੇ ਸੰਕੇਤ ਹਨ ਕਿ ਆਰੀਆਂ ਨੇ ਆਦਿ ਵਾਸੀਆਂ ਤੋਂ ਇਹ ਦੇਵਤਾ ਖੋਹ ਲਿਆ। ਜਦੋਂ ਵੀ ਰਾਵਣ ਤੇ ਉਸ ਦਾ ਪਰਿਵਾਰ ਸ਼ਿਵ ਦੀ ਅਰਾਧਨਾ ਕਰਕੇ ਕੋਈ ਵਰ ਪ੍ਰਾਪਤ ਕਰਨ ਦੇ ਕੌ ਪਹੁੰਚਦਾ ਹੈ ਤਾਂ ਦੇਵਤੇ ਕੋਈ ਘਟੀਆ ਚਾਲ ਚਲ ਕੇ ਉਸ ਅਰਾਧਨਾ ਵਿਚ ਵਿਘਨ ਪਾ ਦਿੰਦੇ ਹਨ। ਇਸ ਤਰ੍ਹਾਂ ਸਦੀਆਂ ਦੇ ਤਰਕਾਂ, ਕੁਤਰਕਾਂ ਨਾਲ ਆਰੀਆਂ ਨੇ ਸ਼ਿਵ ਨੂੰ ਆਪਣਾ ਬਣਾ ਲਿਆ। ਪਰ ਸ਼ਿਵ ਦਾ ਭੋਲਾ-ਭਾਲਾ ਆਦਿ-ਵਾਸੀਆਂ ਵਾਲਾ ਸੁਭਾਅ, ਦੁਸ਼ਮਣ ਦੇ ਝਾਂਸੇ ਵਿਚ ਆ ਕੇ ਵਰ ਦੇ ਦੇਣ ਦੀ ਪ੍ਰਵਿਰਤੀ ਤੇ ਪਹਿਰਾਵਾ ਸਭ ਕੁਝ ਪੂਰਵ-ਆਰੀਆ ਸਭਿਅਤਾ ਵਾਲਾ ਹੈ। ਇਸ ਦੇ ਮੁਕਾਬਲੇ ਆਰੀਆ ਦੇਵਤੇ ਹਰ ਘਟੀਆ ਹਥਿਆਰ ਵੀ ਵਰਤ ਸਕਦੇ ਹਨ, ਜਿਸ ਦਾ ਪ੍ਰਗਟਾਵਾ ਰਾਮਾਇਣ ਮਹਾਂਭਾਰਤ ਦੇ ਅਨੇਕਾਂ ਪ੍ਰਸੰਗ ਕਰਦੇ ਹਨ। ਰਾਮ ਦਲਿਤ ਭਗਤਾਂ ਦਾ ਵੱਧ ਕਰਦਾ ਹੈ, ਬਾਲੀ ਨੂੰ ਧੋਖੇ ਨਾਲ ਮਾਰਦਾ ਹੈ ਅਤੇ ਸੀਤਾ ਨੂੰ ਗਰਭਵਤੀ ਹੋਣ ਦੇ ਬਾਵਜੂਦ ਜੰਗਲਾਂ ਵਿਚ ਭੇਜਦਾ ਹੈ। ਅਸੀਂ ਥੋੜ੍ਹਾ ਦੂਰ ਨਿਕਲ ਗਏ ਹਾਂ ਪਰ ਲੋਕ-ਦੇਵਤਾ ਨੂੰ ਸਮਝਣ ਲਈ ਇਹ ਸਭ ਜ਼ਰੂਰੀ ਹੈ। ਸ਼ਿਵ ਦਾ ਵਾਹਨ ਬੈਲ ਵੀ ਸਿੰਧ ਘਾਟੀ ਦਾ ਪ੍ਰਤੀਕ ਹੈ। ਆਰੀਆਂ ਨੇ ਤਾਂ ਗਊ-ਧਨ ਨੂੰ ਪ੍ਰਾਥਮਿਕਤਾ ਦਿੱਤੀ ਹੈ, ਗਊ-ਪਤੀ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ। ਕਬੀਲਾਈ ਸਮਾਜ ਵਿਚ ਅਜਿਹੇ (ਪ੍ਰਕਿਰਤਕ) ਨਸ਼ਿਆਂ ਬਾਰੇ ਕੋਈ ਟੈਬੂ ਨਹੀਂ। ਮੁੱਢਲੇ ਆਰੀਆਂ ਵਿਚ ਵੀ 'ਸੋਮ-ਰਸ' ਪ੍ਰਵਾਨ ਹੈ। ਖ਼ੈਰ ਲੜੀਦਾਰ ਸਿੱਠਣੀਆਂ ਅਗਾਂਹ ਵਧੀਆਂ ਹਨ।

ਗੁੱਸਾ ਸਖੀਆਂ ਨੂੰ ਆਇਆ ਏ
ਨਾਲ਼ੇ ਉਹਦੀਆਂ ਜਟਾਂ ਫੜੀਆਂ,
ਨਾਲ਼ੇ ਦਾੜ੍ਹਾ ਹਿਲਾਇਆ ਏ।

ਇਉਂ ਲੱਗਦਾ ਹੈ ਜਾਣੇ-ਅਣਜਾਣੇ ਸਾਲ਼ੀਆਂ ਨੇ ਆਰੀਆਂ (ਉੱਚੀ ਜਾਤ ਵਾਲਿਆਂ) ਦੀ ਥਾਂ ਲੈ ਲਈ ਹੈ ਅਤੇ ਸ਼ਿਵ ਵਿਰੋਧੀ ਧਿਰ ਵਜੋਂ ਕਬੀਲਾਈ ਸਮਾਜ ਦੇ ਪ੍ਰਤਿਨਿੰਧ ਵਜੋਂ ਸਾਹਮਣੇ ਆ ਖਲੋਤਾ ਹੈ। ਇਸੇ ਲਈ ਉਹ ਭੰਗ ਦੇ ਘੋਟਾ ਲਾਉਣ ਤੋਂ ਖ਼ਫਾ ਹੋ ਗਈਆਂ ਹਨ।

ਸ਼ਿਵ ਸ਼ੰਕਰ ਹੱਸਦੇ ਨੇ।
ਨੰਦੀ ਜੀ ਕਰੋਧ ਨਾ ਕਰੋ,
ਇਥੇ ਫੁਲਕੇ ਬਰਸਦੇ ਨੇ।
ਗੁੱਸਾ ਭੋਲੇ ਜੀ ਨੂੰ ਆਇਆ ਏ।
ਗਲ਼ ਪਏ ਸ਼ੇਖ ਨਾਗ ਨੂੰ
ਮਗਰ ਸਖੀਆਂ ਦੇ ਲਾਇਆ ਏ।

ਨੰਦੀ ਨੂੰ ਗੁੱਸਾ ਨਾ ਕਰਨ ਦੀ ਸਿੱਖਿਆ, ਪਰ ਆਪ ਗੁੱਸੇ ਹੋ ਕੇ ਨਾਗ ਨੂੰ ਹੀ ਮਗਰ ਲਾ ਦਿੱਤਾ ਹੈ। ਇਕ ਬਿਰਤਾਂਤ ਬਣ ਰਿਹਾ ਹੈ, ਭਾਵੇਂ ਥੋੜ੍ਹਾ ਚਿਰ ਹੀ। ਸਖੀਆਂ ਨੂੰ ਗੌਰਾਂ (ਪਾਰਬਤੀ) ਪਾਸ ਪਹੁੰਚਾਉਣ ਲਈ ਇਹ ਕੁਝ ਕੀਤਾ ਗਿਆ ਹੈ।

ਸਖੀਆਂ ਘਬਰਾਈਆਂ ਨੇ
ਨਸਦੀਆਂ ਨੂੰ ਰਾਹ ਨਾ ਲੱਭੇ
ਪਾਸ ਗੌਰਾਂ ਜੀ ਦੇ ਆਈਆਂ ਨੇ।
ਗੌਰਾਂ ਦੇਖਿਆ ਤੇਰਾ ਲਾੜਾ ਏ
ਸਿਰ ਉਤੇ ਜਟਾਂ ਉਸ ਦੇ
ਲੰਮਾ ਗਜ ਗਜ ਦਾਅੜਾ ਏ।

ਸਿੰਧ ਘਾਟੀ ਤੋਂ ਮਿਲੀ ਸ਼ਿਵ ਮੂਰਤੀ ਵਿਚ ਦਾੜ੍ਹੀ ਹੈ, ਪਰ ਬਾਅਦ ਵਿਚ ਦੇਵਤੇ ਸਿਰਫ਼ ਸਿਰ 'ਤੇ ਵਾਲ ਰੱਖਦੇ ਹਨ, ਰਿਸ਼ੀ ਮੁਨੀਆਂ ਲਈ ਲੰਮੀ ਦਾੜ੍ਹੀ ਰਾਖਵੀਂ ਕਰ ਦਿੱਤੀ ਗਈ ਹੈ। ਸ਼ਿਵ ਦੇ ਮਰਦ ਫੁੰਕਾਰੇ ਤੋਂ ਡਰ ਗਈਆਂ। ਸਾਲ਼ੀਆਂ ਪਾਰਬਤੀ ਕੋਲ ਆ ਕੇ ਫਿਰ ਤੋਂ ਸ਼ੇਰ ਹੋ ਗਈਆਂ ਹਨ। ਸਿੱਠ ਦੇ ਮੂਡ ਵਿਚ ਆ ਗਈਆਂ ਹਨ। ਪਾਰਬਤੀ ਜੋ ਕੁਝ ਕਹਿੰਦੀ ਹੈ ਉਸ ਤੋਂ ਸਪੱਸ਼ਟ ਹੈ ਕਿ ਉਸ ਨੇ ਮਰਦ ਦੇ ਹਰ ਰੂਪ ਨੂੰ ਸਹਿਜ ਵਿਚ ਪ੍ਰਵਾਨ ਕਰ ਲਿਆ ਹੋਇਆ ਹੈ। ਮਿੱਥਾਂ ਦਾ ਡੂੰਘਾਈ ਵਿਚ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਦੁਰਗਾ ਆਦਿ ਮਾਤਾ ਪ੍ਰਧਾਨ ਸਮਾਜ ਦੀਆਂ ਦੇਵੀਆਂ ਨੂੰ ਛੱਡ ਕੇ ਮਰਦ ਪ੍ਰਧਾਨ ਸਮਾਜ ਦੀਆਂ ਦੇਵੀਆਂ, ਦੇਵਤਿਆਂ ਦੀ ਅਧੀਨਗੀ ਸਵੀਕਾਰ ਕਰਦੀਆਂ ਹਨ। ਉਨ੍ਹਾਂ ਵਿਚ ਹੱਠ, ਜ਼ਿਦ ਆਦਿ ਉਹ ਸਾਰੇ ਗੁਣ ਹਨ ਜੋ ਮਰਦ ਪ੍ਰਧਾਨ ਸਮਾਜ ਨੇ ਉਨ੍ਹਾਂ ਲਈ ਰਾਖਵੇਂ ਕਰ ਦਿੱਤੇ ਹਨ। ਪਾਰਬਤੀ ਉਸ ਤੋਂ ਬਾਹਰ ਨਹੀਂ।

ਗੌਰਾਂ ਹੱਸ ਫ਼ੁਰਮਾਇਆ ਏ
ਤੁਸੀਂ ਕੀ ਲੈਣਾ ਸਖੀਉ,
ਮੇਰੇ ਭੋਲੇ ਜੀ ਦੀ ਮਾਇਆ ਏ।

ਅਚਾਨਕ ਕੁੜੀਆਂ ਨੇ ਅਜਿਹੀਆਂ ਪੰਗਤੀਆਂ ਗਾਈਆਂ ਜੋ ਸੱਚਮੁੱਚ ਇਕ ਗੁੰਝਲ ਤੋਂ ਘੱਟ ਨਹੀਂ ਸਨ।

ਤਕਦੀਰਾਂ ਸੌਂ ਨੀ ਗਈਆਂ।
ਮੂੰਅ 'ਤੇ ਝੁਰੜੀਆਂ ਪੈ ਨੀ ਗਈਆਂ।

'ਤਕਦੀਰਾਂ' ਕਿਹਦੀਆਂ ਸੁੱਤੀਆਂ ਪਾਰਬਤੀ ਦੀਆਂ? ਗਾਉਣ ਵਾਲੀਆਂ ਔਰਤਾਂ ਦੀਆਂ? ਜਾਂ ਕਿਸੇ ਹੋਰ ਦੀਆਂ? ਇਸ ਦਾ ਜਵਾਬ ਗਾਉਣ ਵਾਲੀਆਂ ਕੁੜੀਆਂ ਵੀ ਮੈਨੂੰ ਨਹੀਂ ਦੇ ਸਕੀਆਂ। ਹਾਂ ਇਨ੍ਹਾਂ ਪੰਗਤੀਆਂ ਦੀ ਲੈਅ ਬਦਲੀ ਹੋਈ ਸੀ ਤੇ ਅਗਾਂਹ ਇਕ ਦਮ ਸਿੱਠਣੀ ਦੀ ਢੋਲਕ ਵਾਲੀ ਲੈਅ ਸ਼ੁਰੂ ਹੋ ਗਈ ਜੋ ਪੰਜਾਬੀ ਲੋਕ ਮਾਨਸ ਦਾ ਹਿੱਸਾ ਬਣੀ ਹੋਈ ਹੈ।

ਸ਼ਿਵ ਸੰਭੂ ਕੈਲਾਸ਼ਪਤੀ, ਜੈ ਗੌਰਾਂ ਜੈ ਪਾਰਬਤੀ।
ਸਾਡੇ ਤਾਂ ਵਿਹੜੇ ਵਿਚ ਪਿੱਤਲ ਪਰਾਤਾਂ,
ਸਾਡੀ ਤਾਂ ਗੌਰਾਂ ਦੀਆਂ ਉਚੀਆਂ ਜਾਤਾਂ,
ਤੇਰੀ ਤਾਂ ਜਾਤ ਕੋਈ ਨਈਂ।
ਨਈਂ ਵੇ ਸ਼ਿਵ ਜੀ ਤੇਰੀ ਤਾਂ ਜਾਤ ਕੋਈ ਨਹੀਂ।

ਜੈ ਵੀ ਬੁਲਾਈ ਜਾ ਰਹੀ ਹੈ, ਪਰ ਨਾਲ ਹੀ ਸਿੱਠ ਵੀ ਪੂਰਾ ਕੀਤਾ ਗਿਆ ਹੈ। ਜਾਤੀ ਵਿਵਸਥਾ ਇੰਨੀ ਧੁਰ ਅੰਦਰ ਧਸ ਗਈ ਹੈ ਕਿ ਦੇਵਤੇ ਨੂੰ ਵੀ ਇਸ ਦਾ ਮਿਹਣਾ ਦੇ ਕੇ ਮਖੌਲ ਕੀਤਾ ਜਾ ਸਕਦਾ ਹੈ। ਆਮ ਆਦਮੀ ਤਾਂ ਕਿਹਦਾ ਪਾਣੀਹਾਰ ਹੈ? ਵੈਸੇ ਅਣਜਾਣੇ ਵਿਚ ਕੁੜੀਆਂ ਨੇ ਦਰਾਵੜ ਦੇਵਤੇ ਨੂੰ ਸਹੀ ਟਿਕਾਣੇ ਲਿਆ ਦਿੱਤਾ ਹੈ, ਕਿਉਂਕਿ ਇੱਲ੍ਹਾਂ ਦਰਾਵੜਾਂ ਨੂੰ ਹੀ ਹਰਾ ਕੇ ਆਰੀਆਂ ਨੇ ਆਪਣੇ ਦਾਸ ਬਣਾ ਉਨ੍ਹਾਂ ਨੂੰ ਚੰਡਾਲ ਤੱਕ ਬਣਾ ਦਿੱਤਾ ਹੈ। (ਸ਼ਿਵ ਜੀ ਦਾ ਇਹੀ ਤਾਂ ਰੂਪ ਹੈ) ਕੁੜੀਆਂ ਅਚੇਤ ਹੀ ਬਹੁਤ ਕੁਝ ਕਹੀ ਜਾ ਰਹੀਆਂ ਹਨ।





ਲੱਜ ਤਾਂ ਪਾਈ ਕੋਈ, ਅਸੀਂ ਆਪਣੇ ਖੂਹ ਨੂੰ।
ਗੌਰਾਂ ਵਿਆਹੀ ਅਸੀਂ ਨਣਦੇ ਦੇ ਮੂੰਹ ਨੂੰ।
ਤੈਨੂੰ ਤਾਂ ਜਾਣਦੇ ਨਹੀਂ,
ਨਹੀਂ ਵੇ ਸ਼ਿਵਜੀ, ਤੈਨੂੰ ਤਾਂ ਜਾਣਦੇ ਨਹੀਂ।
ਸਾਡੇ ਤਾਂ ਵਿਹੜੇ ਵਿਚ ਸੁੰਢ ਜਵੈਣ ਏਂ,
ਨਾ ਇਹਦਾ ਭਾਈ ਤੇ ਨਾ ਇਹਦੀ ਭੈਣ ਏਂ
ਤੇਰੀ ਤਾਂ ਸਾਲ਼ੀ ਕੋਈ ਨਹੀਂ,
ਨਹੀਂ ਵੇ ਸ਼ਿਵਜੀ, ਤੇਰੀ ਤਾਂ ਸਾਲ਼ੀ ਕੋਈ ਨਹੀਂ।

ਕੁੜੀਆਂ ਨੇ ਸਾਰੇ ਵਿਆਹ ਸੰਸਕਾਰ ਦਾ ਨਕਸ਼ਾ ਖਿੱਚ ਦਿੱਤਾ ਹੈ। ਵਿਆਹ ਵਿਚ ਵਿਚੋਲਣ ਜ਼ਰੂਰੀ ਹੈ। ਪਰ ਇਹ ਬਣੀ ਨਣਾਨ। ਲੱਗਦਾ ਹੈ ਵੱਟਾ-ਸੱਟਾ ਹੋ ਰਿਹਾ ਹੈ, ਪਰ ਨਾਲ ਹੀ ਪਾਰਬਤੀ ਦੀ ਭੈਣ ਹੀ ਕੋਈ ਨਹੀਂ ਖ਼ੈਰ ਇਹੋ ਜਿਹੇ ਅੰਤਰ-ਵਿਰੋਧ ਅਚੇਤ ਹੀ ਆ ਜਾਂਦੇ ਹਨ। ਦੇਵਤਿਆਂ ਨਾਲ ਅਜਿਹੇ ਰਿਸ਼ਤੇ ਜੋੜਨ ਦਾ ਅਰਥ ਉਨ੍ਹਾਂ ਨੂੰ ਆਪਣੇ ਬਰਾਬਰ ਲਿਆ ਦੇਣਾ ਹੈ, ਜੋ ਲੋਕ ਕਰਦੇ ਹਨ। ਲੋਕਾਂ ਨੇ ਹੀ ਤਾਂ ਆਪਣੇ ਰੂਪ ਵਿਚ ਉਨ੍ਹਾਂ ਦੀ ਕਲਪਨਾ ਕੀਤੀ ਹੁੰਦੀ ਹੈ। ਇਹ ਤਾਂ ਬਾਅਦ ਵਿਚ ਸੰਸਥਾਵਾਂ ਉਨ੍ਹਾਂ ਉੱਪਰ ਪਵਿੱਤਰਤਾ ਦਾ ਦਰਜਾ ਥੋਪ ਕੇ ਉਨ੍ਹਾਂ ਨੂੰ ਲੋਕਾਂ ਲਈ ਹਊਆ ਬਣਾ ਦਿੰਦੀਆਂ ਹਨ। ਅਜੇ ਕੁੜੀਆਂ ਦੀਆਂ ਸਿੱਠਣੀਆਂ ਖ਼ਤਮ ਨਹੀਂ ਹੋਈਆਂ।

ਸਾਡੇ ਤਾਂ ਵਿਹੜੇ ਵਿਚ ਵਜਦੀ ਢੋਲਕੀ,
ਅਸੀਂ ਤਾਂ ਸੁਣਿਆ ਸ਼ਿਵਜੀ ਭੰਗੀ ਤੇ ਪੋਸਤੀ
ਇਹ ਗੱਲ ਬਣਦੀ ਨਹੀਂ।
ਨਹੀਂ ਵੇ ਸ਼ਿਵਜੀ, ਇਹ ਗੱਲ ਬਣਦੀ ਨਹੀਂ।

ਜਿੱਥੋਂ ਗੱਲ ਸ਼ੁਰੂ ਹੋਈ ਸੀ, ਉਥੇ ਹੀ ਆ ਕੇ ਖ਼ਤਮ ਹੋ ਗਈ। ਇਸ ਤਰ੍ਹਾਂ ਦੀਆਂ ਲੜੀਦਾਰ ਸਿੱਠਣੀਆਂ ਤਾਂ ਮੈਂ ਹੋਰ ਵੀ ਕਈ ਥਾਂ ਸੁਣੀਆਂ ਹਨ, ਪਰ ਸ਼ਿਵਜੀ ਨਾਲ ਸਬੰਧਤ ਅਜਿਹੀਆਂ ਸਿੱਠਣੀਆਂ ਮੈਨੂੰ ਹੋਰ ਕਿਤੇ ਵੀ ਨਹੀਂ ਮਿਲੀਆਂ। ਪਹਾੜੀ ਇਲਾਕੇ ਵਿਚ ਸ਼ਿਵ-ਪਾਰਬਤੀ ਦੇ ਵਿਆਹ ਬਾਰੇ ਵਧੇਰੇ ਚਰਚਾ ਹੈ, ਉਥੇ ਅਜਿਹੀਆਂ ਸਿੱਠਣੀਆਂ ਮਿਲਣ ਦੀ ਵਧੇਰੇ ਆਸ ਹੋ ਸਕਦੀ ਹੈ। ਅਜੋਕੇ ਸੰਪ੍ਰਦਾਇਕ ਮਾਹੌਲ ਨੇ ਸਾਡੀਆਂ ਅਜਿਹੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ਵੀ ਮਧੋਲ ਕੇ ਰੱਖ ਦਿੱਤਾ ਹੈ। ਲੋਕਾਂ ਦੇ ਨਾਇਕਾਵਾਂ ਤੇ ਦੇਵਤਿਆਂ ਨੂੰ ਸੰਪ੍ਰਦਾਇਕ ਤੱਤ ਨੇ ਇਕ ਸੰਪ੍ਰਦਾਇਕ ਵਿਸ਼ੇਸ਼ ਦੇ ਫਾਸੀਵਾਦੀ ਨਾਇਕ ਦੇ ਦੇਵਤੇ ਬਣਾ ਕੇ ਰੱਖ ਦਿੱਤਾ ਹੈ। ਇਸੇ ਲਈ ਲੋਕਾਂ ਦੇ ਵਿਰਸੇ ਦੀ ਸਹੀ ਰੂਪ ਵਿਚ ਪਹਿਚਾਣ ਅੱਜ ਪਹਿਲਾਂ ਨਾਲੋਂ ਵੀ ਵਧੇਰੇ ਜ਼ਰੂਰੀ ਹੈ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ

### (ਸੱਤਵੀ ਕਿਸਤ)

ਰਾਤ ਡੂਢ ਵਜੇ ਲੜਕੇ ਨੇ ਉਹਨਾਂ ਚਾਰ ਭਰਾਵਾਂ ਨੂੰ ਯਾਦ ਕੀਤਾ ਜਿਨ੍ਹਾਂ ਕੋਲੋਂ ਬਾਜ਼ੀ ਜਿੱਤੀ ਸੀ। ਚਾਰੇ ਭਾਈ ਉਸੇ ਵਕਤ ਹਾਜ਼ਰ ਹੋ ਗਏ। ਭੌਣ ਨੂੰ ਯਾਦ ਕੀਤਾ ਭੌਣ ਵੀ ਹਾਜ਼ਰ ਹੋ ਗਿਆ। ਲੜਕੇ ਨੇ ਉਨ੍ਹਾਂ ਨੂੰ ਸਾਰੀ ਗੱਲ ਸਮਝਾ ਦਿੱਤੀ। ਚਾਰੇ ਭਈਆਂ ਨੂੰ ਕੱਲੀ ਕੱਲੀ ਚੀਜ਼ ਦੀਵਾ, ਪਲੰਘ, ਜੋੜਾ ਤੇ ਮੁੰਦਰੀ ਕੋਲ ਬਿਠਾ ਦਿੱਤਾ। ਭੌਣ ਨੂੰ ਖੇਤ ਵਿਚੋਂ ਸਰੋਂ ਲੱਭ-ਲੱਭ ਕੇ ਕੱਠੀ ਕਰਕੇ ਲਿਆਉਣ ਲਈ ਤੋਰ ਦਿੱਤਾ।

ਦੋ ਵੱਜ ਗਏ। ਸਾਰੀ ਕਾਰਵਾਈ ਸ਼ੁਰੂ ਹੋ ਗਈ। ਭੌਣ, ਦੱਸੇ ਖੇਤ ਵੱਲ ਦੌੜ ਗਿਆ। ਉਨ੍ਹਾਂ ਕੋਲ ਲੱਖਾਂ ਕਰੋੜਾਂ ਦੀ ਫ਼ੌਜ ਸੀ। ਉਹਨਾਂ ਥੋੜ੍ਹੇ ਚਿਰ ਵਿਚ ਹੀ ਸਾਰਾ ਖੇਤ ਫੋਲ ਮਾਰਿਆ। ਉਨ੍ਹਾਂ ਨੂੰ ਸਾਰੀ ਫ਼ੌਜ ਨੂੰ ਦਾਣਾ ਦਾਣਾ ਸਰੋਂ ਆਈ। ਸਰੋਂ ਲਿਆ ਕੇ ਉਨ੍ਹਾਂ ਪਲੰਘ ਕੋਲ ਢੇਰ ਲਾ ਦਿੱਤਾ। ਭੌਣ ਕਹਿੰਦਾ, ਲੈ ਭਗਤਾ। ਰਾਜੀ...। ਅਸੀਂ ਹੁਣ ਜਾਈਏ। "ਤੁਸੀਂ ਹੁਣ ਜਾਓ। ਤੁਸੀਂ ਆਪਣਾ ਕੰਮ ਕਰ ਦਿੱਤਾ।" ਹੁਣ ਵਾਰੀ ਆ ਗਈ ਚਾਰੇ ਚੀਜ਼ਾਂ ਬੁਲਾਉਣ ਦੀ। ਪਹਿਲਾਂ ਦੀਵਾ ਬੋਲਿਆ, ਜਿੱਦਣ ਦਾ ਰਾਣੀ ਨੇ ਮੈਨੂੰ ਇਥੇ ਆਂਦਾ। ਤੇਲ ਪਾ ਜਾਂਦੀ ਆ। ਮੈਨੂੰ ਇਹਨੇ ਕਦੇ ਮਾਂ-ਜਆ ਵੀ ਨਹੀਂ। ਇੱਧਾਂ ਦੀ ਨਿਰਦਈ ਧਰਤੀ ਦੀ ਇਹ ਆਈਓ ਆ। "ਤੈਨੂੰ ਵੀ ਸਵੇਰ ਨੂੰ ਭੰਨੂਗੀ।" ਰਾਣੀ ਨੇ ਦੀਵੇ ਨੂੰ ਖਿਝ ਕੇ ਜਵਾਬ ਦਿੱਤਾ।

ਦੂਜੇ ਨੰਬਰ ਤੇ ਪਲੰਘ ਬੋਲਿਆ, "ਜਿੱਦਣ ਦਾ ਏਸ ਰਾਣੀ ਨੇ ਮੈਨੂੰ ਡਾਹਿਆ। ਕਦੇ ਇਨ੍ਹੇ ਸੋਟਾ ਮਾਰ ਕੇ ਮੈਨੂੰ ਝਾੜਿਆ ਨਹੀਂ। ਮੈਨੂੰ ਗਰਦਾਂ ਨੇ ਖਾ ਲਿਆ।"

"ਤੈਨੂੰ ਵੀ ਸਵੇਰ ਨੂੰ ਭੰਨੂਗੀ।"

ਕਮਰੇ ਦੇ ਬਾਰ੍ਹ ਬੈਠੇ ਸੰਤਰੀ ਅਹਿਲਕਾਰ ਸਾਰੀ ਗੱਲਬਾਤ ਲਿਖਦੇ ਗਏ। ਫੇਰ ਬੋਲੀ ਅੰਗੂਠੀ, "ਏਸ ਬੇਈਮਾਨਣ ਨੇ ਜਿੱਦਣ ਤੋਂ ਮੈਨੂੰ ਪਾਇਆ। ਕਦੇ ਸੁਨਿਆਰਿਆਂ ਤੋਂ ਧੁਆਇਆ ਨਹੀਂ।" ਰਾਣੀ ਮੁੰਦਰੀ ਨੂੰ ਕਹਿੰਦੀ ਤੈਨੂੰ ਵੀ ਸਵੇਰ ਨੂੰ ਸਾੜੂੰਗੀ।

ਚੌਥਾ ਜੋੜਾ ਬੋਲਿਆ, "ਜਿਦਣ ਤੋਂ ਏਸ ਪਾਪਣ ਨੇ ਮੈਨੂੰ ਪਾ ਲਿਆ। ਕਦੇ ਪਾਲਸ਼ ਵੀ ਨੀ ਕੀਤਾ।"

ਸਰੋਂ ਬੋਲੀ, ਇਹਨੇ ਮੈਨੂੰ ਹਜ਼ਾਰਾਂ ਵਾਰ ਖੇਤਾਂ ਵਿਚ ਦੱਬਿਆ। ਦੱਬ ਕੇ ਕਦੇ ਮੈਨੂੰ ਫੋਲਿਆ ਵੀ ਨਹੀਂ। ਮੈਂ ਗਲ਼ ਗਲ਼ ਕੇ ਗਈ ਆਂ। ਮੈਨੂੰ ਜੰਮਣ ਵੀ ਨਹੀਂ ਦਿੱਤਾ। ਇਹ ਬੜੀ ਕਲਜੋਗਣ ਆਂ। ਅੱਜ-ਮੇਰੀ ਗਤੀ ਹੋਈ ਆ। ਰਾਣੀ ਕਹਿੰਦੀ, "ਤੈਨੂੰ ਵੀ ਸਵੇਰ ਨੂੰ ਢੇਰ ਤੇ ਸੁੱਟੂੰਗੀ।" ਜਦੋਂ ਇੰਨੀ ਗੱਲ ਹੋਈ ਤਾਂ ਬਾਹਰ ਘੜਿਆਲ ਖੜਕ ਪਏ। ਦਿਨ ਚੜ ਗਿਆ। ਰਾਣੀ ਦੀਆਂ ਸ਼ਰਤਾਂ ਪੂਰੀਆਂ ਹੋ ਗਈਆਂ। ਸਾਰੇ ਸ਼ਹਿਰ ਵਿਚ ਢੰਡੋਰਾ ਫਿਰ ਗਿਆ ਕਿ ਇਕ ਸੌਦਾਗਰ ਨੇ ਰਾਣੀ ਦੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ। ਮਾਹਰ ਖੁਸ਼ੀਆਂ ਹੋ ਗਈਆਂ। ਸਾਰੇ ਨਗਰ ਵਿਚ। ਲੜਕਾ ਰਾਣੀ ਦੇ ਘਰਦਿਆਂ ਨੂੰ ਕਹਿੰਦਾ ਇੱਦਾਂ ਗੱਲ ਹੈਗੀ ਆ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਪਰਮੇਸ਼ਰ ਨੇ ਬਹੁਤ ਕੁੱਛ ਦਿੱਤਾ ਆ। (ਚਲਦਾ)



- ਡਾ. ਜਸਵੰਤ ਰਾਏ
91-98158-25999

# ਸੰਜੀਵਨੀ-ਬੂਟੀ ਵਰਗਾ ਯਾਰ - ਮਿੰਟੂ ਬਰਾੜ



ਸ਼ਿਵਚਰਨ ਜੱਗੀ ਕੁੱਸਾ

ਐੱਫ਼. ਡੀ. ਰੂਜਵੈੱਲਟ ਕਹਿੰਦਾ ਹੈ ਕਿ ਮਾਨਵੀ ਜੀਵਨ ਦੀਆਂ ਘਟਨਾਵਾਂ ਦਾ ਇੱਕ ਰਹੱਸ-ਪੂਰਨ ਗੇੜ ਹੈ, ਕੁਝ ਨਸਲਾਂ ਨੂੰ ਬਹੁਤ ਕੁਝ ਮਿਲ਼ ਜਾਂਦਾ ਹੈ, ਅਤੇ ਕੁਝ ਨਸਲਾਂ ਤੋਂ ਬਹੁਤ ਆਸ ਕੀਤੀ ਜਾਂਦੀ ਹੈ। ਬਰਟਰਾਂਡ ਰਸਲ ਦਾ ਇਸ ਤੋਂ ਵੱਖ ਕਥਨ ਹੈ ਕਿ ਇਹ ਬੌਧਿਕਤਾ ਹੀ ਹੈ, ਜੋ ਸਿਆਣਪ ਦਿੰਦੀ ਹੈ, ਸ਼ਾਇਦ ਇਸੇ ਕਾਰਨ ਮੈਂ ਭਾਵਨਾ ਨਾਲ਼ੋਂ ਬੁੱਧੀ ਦੀ ਵਧੇਰੇ ਕਦਰ ਕਰਦਾ ਹਾਂ! ਇਹਨਾਂ ਦੋਹਾਂ ਮਹਾਂਰਥੀਆਂ ਦੇ ਵਿਚਾਰਾਂ ਨਾਲ਼ ਸਹਿਮਤ ਹੁੰਦੇ ਦਾ ਮੇਰਾ ਆਪਣਾ ਵਿਚਾਰ ਇਹ ਹੈ ਕਿ ਕਿਸੇ ਵੀ ਕੌਮ ਦਾ ਕੋਈ ਵੀ ਲੇਖਕ ਮੁਕਤੀ ਦਾਤਾ ਤਾਂ ਨਹੀਂ ਹੁੰਦਾ, ਪਰ ਆਪਣੀ ਕੌਮ ਜਾਂ ਦੇਸ਼ ਦੀ ਤਕਦੀਰ ਸਿਰਜਣ ਦੇ ਕਾਬਲ ਜ਼ਰੂਰ ਹੋ ਸਕਦਾ ਹੈ। ਮਿੰਟੂ ਬਰਾੜ ਵਰਗੇ ਉਸਾਰੂ ਅਤੇ ਨਿੱਗਰ ਵਿਸ਼ਿਆਂ 'ਤੇ ਲਿਖਣ ਵਾਲ਼ੇ ਲੇਖਕਾਂ ਨੂੰ ਮੈਂ ਆਪਣੀ ਕੌਮ ਅਤੇ ਦੇਸ਼ ਦੀ ਕਿਸਮਤ ਨਾਲ਼ ਜੋੜ-ਜੋੜ ਕੇ ਦੇਖਦਾ ਹਾਂ, ਤਾਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ। ਸਾਰੇ ਹੀ ਜਾਦੂਗਰਾਂ ਨੂੰ ਰੱਸੀ 'ਤੇ ਤੁਰਨਾ ਨਹੀਂ ਆਉਂਦਾ, ਪਰ ਮਿੰਟੂ ਵਰਗੇ ਘਾਗ ਲੇਖਕ ਵੀਰਤਾ ਨਾਲ਼ ਲਿਖ ਕੇ ਸਾਡੇ ਹਨ੍ਹੇਰੇ ਭਰੇ ਰਸਤਿਆਂ ਵਿਚ ਆਸ ਦਾ ਦੀਵਾ ਬਾਲ਼ ਕੇ ਆਸ ਦੀ ਕਿਰਨ ਜ਼ਰੂਰ ਦਿਖਾ ਜਾਂਦੇ ਹਨ। ਘੁੱਪ ਹਨ੍ਹੇਰੇ ਜੰਗਲ ਵਿਚ ਦੂਰ ਕੋਈ ਜਗਦਾ ਦੀਵਾ ਮਾਨੁੱਖੀ ਵਸੋਂ ਜਾਂ ਜਿਉਂਦੀ ਜ਼ਿੰਦਗੀ ਦਾ ਸੰਕੇਤ ਹੀ ਤਾਂ ਹੁੰਦਾ ਹੈ! ਦੀਵਾ, ਜੋਤ ਜਾਂ ਚਿਰਾਗ ਮਾਨੁੱਖ ਹੀ ਬਾਲ਼ਦੇ ਹਨ, ਜਾਨਵਰ ਜਾਂ ਪੰਖੇਰੂ ਨਹੀਂ!!

25 ਦਸੰਬਰ 2009 ਨੂੰ ਮੇਰੇ ਸਵਰਗਵਾਸੀ ਬਾਪੂ ਨਮਿੱਤ ਰੱਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ 'ਤੇ ਮਿੰਟੂ ਬਰਾੜ ਆਸਟਰੇਲੀਆ ਤੋਂ ਉਚੇਚ ਕਰ ਕੇ ਮੇਰੇ ਪਿੰਡ ਕੁੱਸੇ ਪਹੁੰਚਿਆ। ਮਹਿਜ਼ ਇਹ ਸਾਡੀ ਪਹਿਲੀ ਮਿਲਣੀ ਸੀ। ਮਿੰਟੂ ਬਰਾੜ ਬਹੁਤ ਚਿਰ ਤੋਂ ਮੇਰਾ ਨਿੱਘਾ ਮਿੱਤਰ ਸੀ, ਪਰ ਉਸ ਦੀ ਪਲੇਠੀ ਮਿਲਣੀ ਨੇ ਸਾਨੂੰ ਗੂੜ੍ਹੇ ਯਾਰ ਬਣਾ ਦਿੱਤਾ। ਯਾਰ ਕੀਮਤ ਨਾਲ਼ ਨਹੀਂ, ਕਿਸਮਤ ਨਾਲ਼ ਮਿਲ਼ਦੇ ਹਨ, ਅਤੇ ਮੇਰੇ 'ਤੇ ਧੰਨ ਗੁਰੂ ਨਾਨਕ ਪਾਤਿਸ਼ਾਹ ਦੀ ਇਤਨੀ ਰਹਿਮਤ ਹੈ ਕਿ ਮੇਰੇ ਕੋਲ਼ ਮਿੰਟੂ ਬਰਾੜ ਵਰਗੇ ਸੰਜੀਵਨੀ-ਬੂਟੀ ਵਰਗੇ ਦੋਸਤ ਹਨ, ਜੋ ਭੀੜ ਪੈਣ 'ਤੇ ਨੰਗੇ ਧੜ ਅਤੇ ਨੰਗੇ ਪੈਰੀਂ, ਅੱਧੀ ਰਾਤ ਨੂੰ ਤੁਹਾਡੇ ਦਰਦ ਵੰਡਾਉਣ ਲਈ ਭੱਜ ਪੈਂਦੇ ਹਨ।



ਯੋਧਿਆਂ ਦਾ ਟਿਕਾਣਾ ਨਹੀਂ, ਮੋਰਚਾ ਦੇਖਿਆ ਜਾਂਦਾ ਹੈ! ਅਮਨ, ਪਿੱਠ ਪਿੱਛੇ ਗੋਲ਼ੀ ਮਾਰਨ ਨਾਲ਼ੋਂ ਵਧੇਰੇ ਪੇਚੀਦੀ ਪ੍ਰਕਿਰਿਆ ਹੈ। ਕਈ ਵਾਰ ਸ਼ਾਂਤੀ ਲਈ ਜੰਗ ਨਾਲ਼ੋਂ ਵੀ ਵਧੇਰੇ ਖ਼ੂਨ ਵਗਾਉਣਾਂ ਪੈਂਦਾ ਹੈ। ਪਰ ਇਤਿਹਾਸ ਦੇ ਸ਼ਾਨਦਾਰ ਵਸਤਰ ਸ਼ਾਂਤੀ ਨਾਲ਼ ਹੀ ਬੁਣੇ ਜਾਂਦੇ ਹਨ। ਮਿੰਟੂ ਢੁੱਡ-ਮਾਰੂ ਵਿਚਾਰਾਂ ਵਾਲ਼ਾ ਖੌਰੂ-ਪੱਟ ਨਹੀਂ, ਬੁੱਧੀਮਾਨ ਅਤੇ ਸਿਧਾਂਤਕ ਦਾਅ-ਪੇਚ ਵਰਤ ਕੇ ਲਿਖਣ ਵਾਲ਼ਾ ਸੰਜੀਦਾ ਸਿਰਜਕ ਹੈ। ਉਹ ਪੰਜਾਬ ਪ੍ਰਤੀ ਇਮਾਨਦਾਰ ਹੈ ਅਤੇ ਪੰਜਾਬ ਦੀ ਨਾਭੀ ਨਾਲ਼ ਜੁੜੇ ਮਸਲਿਆਂ ਦੀ ਗੱਲ ਕਰ ਕੇ ਆਪਣਾ ਫ਼ਰਜ਼ ਬਾਖ਼ੂਬੀ ਅਦਾ ਕਰਦਾ ਹੈ। ਖ਼ੂਨ ਭਿੱਜੇ ਪੰਜਾਬ ਦੀਆਂ ਸਮੱਸਿਆਵਾਂ ਅਤੇ ਪੀੜਾਂ ਨੂੰ ਮੋਢੇ ਚੁੱਕੀ ਫ਼ਿਰਦੇ ਮਿੰਟੂ ਦੇ ਇੱਕ ਹੱਥ ਵਿਚ ਕਲਮ ਅਤੇ ਦੂਜੇ ਹੱਥ ਮੱਲ੍ਹਮ ਫ਼ੜੀ ਹੋਈ ਹੈ! ਉਹ ਭਾਈ ਕਨ੍ਹੱਈਆ ਜੀ ਦੀ ਵੈਰੀ ਨੂੰ ਵੀ ਜਲ ਛਕਾਉਣ ਵਾਲ਼ੀ ਨਿਮਰਤ ਅਤੇ ਵਿਵੇਕ ਬਿਰਤੀ ਦੇ ਨਾਲ਼-ਨਾਲ਼ ਸਿਰਲੱਥ ਯੋਧੇ, ਬਲੀ ਬਾਬਾ ਦੀਪ ਸਿੰਘ ਜੀ ਦੇ ਬਿਨਾਂ ਸੀਸ ਤੋਂ ਆਹੂ ਲਾਹੁੰਣ ਦੇ ਸਿਧਾਂਤਾਂ ਨੂੰ ਵੀ ਨਤਮਸਤਕ ਹੈ! ਤਾਂਤੀਆ ਤੋਪੇ ਅਤੇ ਵਿਲੀਅਮ ਟੈੱਲ ਵਰਗੇ ਆਪਣੇ ਨਿਸ਼ਾਨੇ ਕਰ ਕੇ ਹੀ ਜਾਣੇ ਜਾਂਦੇ ਹਨ, ਕਿਸੇ ਹਥਿਆਰ ਕਰ ਕੇ ਨਹੀਂ! ਜੇ ਨਿਸ਼ਾਨਚੀ ਕੱਚਾ ਹੋਵੇ ਤਾਂ ਵੱਡੇ ਤੋਂ ਵੱਡਾ ਹਥਿਆਰ ਵੀ ਬੇਕਾਰ ਸਾਬਤ ਹੁੰਦਾ ਹੈ! ਮਿੰਟੂ ਬਰਾੜ ਕਲਮ ਦੇ ਨਿਸ਼ਾਨੇ ਦਾ ਧਨੀ ਹੈ, ਅਤੇ ਜਦ ਵੀ ਉਹ ਆਪਣੀ ਕਲਮ ਦਾ ਨਿਸ਼ਾਨਾ ਪੰਜਾਬ ਦੇ ਵੈਰੀ ਵੱਲ ਸੇਧਦਾ ਹੈ, ਤਾਂ ਧੁੰਨੀ 'ਚ ਮਾਰ ਕੇ ਭਰਾੜ੍ਹ ਕਰ ਦਿੰਦਾ ਹੈ!

ਲੋਕ ਘਟਨਾਵਾਂ ਪਿੱਛੇ ਫ਼ਿਰਦੇ ਹਨ ਅਤੇ ਮਿੰਟੂ ਬਰਾੜ ਚਰਿੱਤਰ ਦੀ ਪਛਾਣ ਅਤੇ ਪਰਖ ਕਰਦਾ ਹੈ! ਮਾਨੁੱਖੀ ਚਰਿੱਤਰ ਦੀ ਗੁੰਝਲ਼ਦਾਰ ਰੰਗਤ ਨੂੰ ਸਮਝਣ ਲਈ ਲਗਨ ਅਤੇ ਸੂਝ-ਬੂਝ ਦੀ ਲੋੜ ਹੁੰਦੀ ਹੈ, ਅਤੇ ਸੂਝ-ਬੂਝ ਪੱਖੋਂ ਮਿੰਟੂ ਬਰਾੜ ਰੱਜਿਆ-ਪੁੱਜਿਆ ਇਨਸਾਨ ਹੈ! ਸਿਆਸਤ ਸਿਆਪੇ ਦੀ ਨਾਇਣ ਹੈ, ਅਤੇ ਇਹਨਾਂ ਦੇ ਸਿਆਸੀ ਆਡੰਬਰ ਬੁੱਝਣ ਲਈ ਮਿੰਟੂ ਕੋਲ਼ ਸ਼ਕਤੀਸ਼ਾਲੀ ਮਨੋਬਿਰਤੀ ਹੈ! ਜੌਨ ਸਟੂਆਰਟ ਮਿੱਲ ਕਹਿੰਦਾ ਹੈ ਕਿ ਇਹ ਕਹਾਵਤ ਕਿ ਸੱਚ ਸਦਾ ਹੀ ਅੱਤਿਆਚਾਰਾਂ 'ਤੇ ਵਿਜੈ ਪ੍ਰਾਪਤ ਕਰਦਾ ਹੈ, ਇਹ ਅਜਿਹੇ ਲੁਭਾਉਣੇ ਝੂਠਾਂ ਵਿਚੋਂ ਇੱਕ ਹੈ, ਜੋ ਆਦਮੀ ਹਮੇਸ਼ਾ ਇੱਕ-ਦੂਸਰੇ ਮਗਰੋਂ ਦੁਹਰਉਂਦੇ ਆ ਰਹੇ ਹਨ ਅਤੇ ਆਖਰ ਇਹ ਇੱਕ ਸਧਾਰਨ ਅਤੇ ਘਸਿਆ-ਪਿੱਟਿਆ ਜਿਹਾ 'ਆਦੇਸ਼' ਬਣ ਜਾਂਦਾ ਹੈ, ਜਿਸ ਨੂੰ ਸਭ ਦਾ ਅਨੁਭਵ ਝੁਠਲਾਉਂਦਾ ਹੈ।

ਮੈਂ ਮਿੰਟੂ ਬਰਾੜ ਦਾ ਕਦਰਦਾਨ ਪਾਠਕ ਹਾਂ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਦੀ ਤਵਾਰੀਖ਼ ਵਿਚ ਅਸੀਂ ਹਰ ਰੋਜ਼ ਨੇਕੀ ਤੋਂ ਬਦੀ ਜਿੱਤਦੀ ਪ੍ਰਤੱਖ ਦੇਖਦੇ ਹਾਂ, ਜਰਵਾਣਾਂ ਝੂਠ ਸੱਚ ਨੂੰ ਢਾਹ ਕੇ ਉਪਰ ਬੈਠਾ ਸੱਚ ਦਾ ਮਖੌਲ ਉਡਾਉਂਦਾ ਸ਼ਰੇਆਮ ਤੱਕਦੇ ਹਾਂ, ਨੇਕੀ ਅਤੇ ਸੱਚ ਦੀ ਹਾਰ ਹਰ ਇਮਾਨਦਾਰ ਲੇਖਕ ਦੀ ਜ਼ਮੀਰ ਨੂੰ ਲਹੂ-ਲੁਹਾਣ ਕਰਦੀ ਹੈ, ਅਤੇ ਇਸ ਤੜਪ ਵਿਚ ਭਿੱਜ ਕੇ ਹਰ ਲੇਖਕ ਸ਼ਮਸ਼ੀਰ ਵਾਂਗ ਕਲਮ ਚੁੱਕਦਾ ਹੈ। ਮਿੰਟੂ ਉਸ ਮਾਲ਼ਾ ਦਾ ਹੀ ਤਾਂ ਅਟੁੱਟ ਮਣਕਾ ਹੈ, ਜੋ ਆਪਣੇ ਪੰਜਾਬ ਅਤੇ ਪੰਜਾਬ ਦੀ ਮਾਂ-ਮਿੱਟੀ ਲਈ ਹਾਉਕੇ ਭਰਦਾ, ਹੰਝੂ ਕੇਰਦਾ ਹੈ! ਉਸ ਦੀ ਕਲਮ ਕਈ ਵਾਰ ਅੱਥਰੂ ਵਹਾਉਂਦੀ, ਹਟਕੋਰੇ ਭਰਦੀ, ਵਿਦਰੋਹੀ ਬਣ, ਬਾਗ਼ੀ ਸੁਰ ਵੀ ਅਲਾਪਣ ਲੱਗ ਪੈਂਦੀ ਹੈ ਅਤੇ ਕਾਲ਼ੀਆਂ ਸਿਆਹ ਰਾਤਾਂ ਦੇ ਪੈਂਡਿਆਂ ਵਿਚੋਂ ਚਾਨਣ ਦੀ ਪੈੜ ਲੱਭਦੀ ਹੈ!

ਮਿੰਟੂ ਬਰਾੜ ਕਲਮ ਫ਼ੜ ਕੇ ਪਹਾੜ ਨਾਲ਼ ਟਕਰਾਉਣ ਦੀ ਸਮਰੱਥਾ ਰੱਖਦਾ ਹੈ। ਸੂਰਮੇਂ ਇਤਿਹਾਸ ਸਿਰਜਦੇ ਹਨ, ਮੀਸਣੇ, ਬੇਈਮਾਨ ਅਤੇ ਗ਼ੱਦਾਰ ਇਤਿਹਾਸ ਵਿਗਾੜਦੇ ਹਨ, ਮੈਨੂੰ ਅਥਾਹ ਫ਼ਖ਼ਰ ਹੈ ਕਿ ਛੋਟੇ ਵੀਰ ਮਿੰਟੂ ਨੇ ਆਪਣੀ ਮਾਂ-ਮਿੱਟੀ ਦੀ ਬਾਤ ਪਾਉਂਦਿਆਂ ਇਤਿਹਾਸ ਦੇ ਵਿਚ ਚੰਦ ਪੰਨੇ ਜੋੜੇ ਹੀ ਹਨ, ਵਿਗਾੜੇ ਨਹੀਂ! ਬਹੁਤ ਘੱਟ ਲੋਕ ਹੁੰਦੇ ਹਨ, ਜੋ ਆਪਣੇ ਲੋਕਾਂ ਅਤੇ ਆਪਣੀ ਧਰਤੀ ਪ੍ਰਤੀ ਸੁਹਿਰਦ ਹੁੰਦੇ ਹਨ ਅਤੇ ਮਿੰਟੂ ਦੀਆਂ ਲਿਖਤਾਂ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਉਹ ਪੰਜਾਬ ਪ੍ਰਤੀ ਆਪਣੇ ਹਿਰਦੇ ਵਿਚ ਲਹੂ ਡੋਲ੍ਹਵਾਂ ਜਜ਼ਬਾ, ਜੋਸ਼ ਅਤੇ ਸ਼ਰਧਾ ਰੱਖਦਾ ਹੈ। ਜਦ ਬੰਦਾ ਇਮਾਨਦਾਰ ਹੋ ਕੇ ਕਿਸੇ ਕਾਰਜ ਵਾਸਤੇ ਠਿੱਲ੍ਹ ਪੈਂਦਾ ਹੈ, ਤਾਂ ਕੁਦਰਤ ਵੀ ਉਸ ਦੇ ਪੱਖ ਵਿਚ ਤੁਰ ਪੈਂਦੀ ਹੈ ਅਤੇ ਪੌਣਾਂ ਵੀ ਉਸ ਦੇ ਹੱਕ ਵਿਚ ਰੁਮਕਣ ਲੱਗ ਜਾਂਦੀਆਂ ਹਨ। ਮਿੰਟੂ ਦੀ ਇਮਾਨਦਾਰੀ ਦੇ ਸਬੂਤ ਲੋਕ ਹੁੰਗਾਰਾ ਅਤੇ ਉਸ ਨੂੰ ਵਾਰ-ਵਾਰ ਮਿਲ ਰਹੇ ਮਾਣ-ਸਨਮਾਨ ਹਨ! ਮੇਰੀ ਅਕਾਲ ਪੁਰਖ਼ ਅੱਗੇ ਇਹੀ ਦੁਆ ਹੈ ਕਿ ਪੁੱਤਰਾਂ ਵਰਗੇ ਇਸ ਨਿੱਕੇ ਵੀਰ ਨੂੰ ਅੱਗੇ ਹੀ ਅੱਗੇ ਵਧਣ ਦੀ ਸ਼ਕਤੀ ਦੇਵੇ ਅਤੇ ਮਾਂ-ਬੋਲੀ ਦਾ ਪਰਚਮ ਉਸ ਦੇ ਹੱਥ ਵਿਚ ਹਮੇਸ਼ਾ ਉੱਚਾ ਝੂਲਦਾ ਰਹੇ!!

# ਸਿਰਜਣਹਾਰੀਆਂ ਪੁਸਤਕ ਸਿਰਜਣਾ ਦੇ ਸੰਤਾਪ ਦਾ ਪ੍ਰਤੀਕ




ਉਜਾਗਰ ਸਿੰਘ

ਸਿਰਜਣਹਾਰੀਆਂ ਕਾਵਿ ਸੰਗ੍ਰਹਿ ਰਾਹੀਂ ਕਰਮਜੀਤ ਕੌਰ ਕਿਸਾਂਵਲ ਨੇ ਦੇਸਾਂ ਅਤੇ ਵਿਦੇਸਾਂ ਦੇ ਸਮਾਜਕ ਤਾਣੇ ਬਾਣੇ ਵਿਚ ਵਿਚਰ ਰਹੀਆਂ ਪੰਜਾਬੀ ਕਵਿਤਰੀਆਂ ਦੀਆਂ ਮਾਨਸਿਕ ਪੀੜਾਂ ਦਾ ਪਰਾਗਾ, ਜਿਹੜਾ ਉਨ੍ਹਾਂ ਆਪਣੀਆਂ ਕਵਿਤਾਵਾਂ ਰਾਹੀਂ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ, ਨੂੰ ਸੰਪਾਦਤ ਕਰਕੇ ਇਸਤਰੀ ਜਾਤੀ ਦੇ ਸੰਤਾਪ ਨੂੰ ਸਮਾਜ ਦੇ ਸਨਮੁਖ ਲਿਆਕੇ ਪੰਜਾਬੀਆਂ ਨੂੰ ਸੁਚੇਤ ਕਰਨ ਦਾ ਸਫਲ ਯਤਨ ਕੀਤਾ ਹੈ। ਇਸਤਰੀ ਸਮਾਜ ਦੀ ਸਿਰਜਣਹਾਰੀ ਹੈ। ਉਸਦੀ ਹੋਂਦ ਤੋਂ ਬਿਨਾ ਸੰਸਾਰ ਦੀ ਉਤਪਤੀ ਅਸੰਭਵ ਹੀ ਨਹੀਂ ਸਗੋਂ ਸੋਚਿਆ ਵੀ ਨਹੀਂ ਜਾ ਸਕਦਾ। ਇਨ੍ਹਾਂ ਸਿਰਜਣਹਾਰੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਮਰਦ ਵੱਲੋਂ ਔਰਤਾਂ ਨਾਲ ਕੀਤੇ ਜਾਂਦੇ ਅਨਿਆਏ ਦੇ ਕੱਚੇ ਚਿੱਠੇ ਖੋ੍ਹਲਕੇ ਆਦਮੀ ਨੂੰ ਸ਼ਰਮਸ਼ਾਰ ਕੀਤਾ ਹੈ। ਭਾਵੇਂ ਆਦਮੀ ਤੇ ਔਰਤ ਇੱਕ ਦੂਜੇ ਦੇ ਪੂਰਕ ਹਨ ਪ੍ਰੰਤੂ ਔਰਤ ਮਹਿਸੂਸ ਕਰਦੀ ਹੈ ਕਿ ਮਰਦ ਪ੍ਰਧਾਨ ਸਮਾਜ ਔਰਤ ਨੂੰ ਬਣਦਾ ਮਾਣ ਤੇ ਸਤਿਕਾਰ ਦੇਣ ਤੋਂ ਹਿਚਕਚਾਉਂਦਾ ਹੈ। ਅਜੇ ਵੀ ਆਦਮੀ ਆਪਣੇ ਆਪ ਨੂੰ ਔਰਤ ਤੋਂ ਸਰਵਉਚ ਸਮਝਦਾ ਹੈ। ਇਹ ਪ੍ਰਗਟਾਵਾ ਇਸਤਰੀ ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਇਸਤਰੀ ਮਰਦ ਨਾਲ ਕੋਈ ਟਕਰਾਓ ਵਿਚ ਵੀ ਪੈਣ ਤੋਂ ਪ੍ਰਹੇਜ਼ ਕਰਦੀ ਦਿਖਾਈ ਦਿੰਦੀ ਹੈ। ਆਦਮੀ ਦਾ ਔਰਤ ਪ੍ਰਤੀ ਵਿਵਹਾਰ ਅਜੇ ਵੀ ਬਦਲਿਆ ਨਹੀਂ ਸਗੋਂ ਜਿਉਂ ਦਾ ਤਿਉਂ ਹੈ, ਜਦੋਂ ਕਿ ਇਸਤਰੀਆਂ ਨੂੰ ਸਾਡੇ ਧਾਰਮਿਕ ਗ੍ਰੰਥਾਂ ਵਿਚ ਬਰਾਬਰ ਦਾ ਸਥਾਨ ਦਿੱਤਾ ਗਿਆ ਹੈ। ਇਥੋਂ ਤੱਕ ਕਿ ਭਾਰਤ ਵਿਚ ਤਾਂ ਸਭ ਤੋਂ ਪਹਿਲਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀਆਂ ਤੇ ਹੋ ਰਹੇ ਜ਼ੁਲਮ ਦੇ ਖ਼ਿਲਾਫ ਆਵਾਜ਼ ਬੁਲੰਦ ਕੀਤੀ ਸੀ। ਸਗੋਂ ਉਨ੍ਹਾਂ ਆਮ ਲੋਕਾਂ ਨੂੰ ਇਸਤਰੀ ਦੀ ਸਿਰਜਣਹਾਰੀ ਹੋਣ ਦਾ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕੀਤੀ ਸੀ, ਕਿ ਇਸਤਰੀ ਨੂੰ ਨਿੰਦਣਾ ਨਹੀਂ ਚਾਹੀਦਾ। ਪੁਰਾਤਨ ਕਾਲ ਤੋਂ ਹੀ ਇਸਤਰੀ ਨੂੰ ਪੈਰ ਦੀ ਜੁਤੀ ਸਮਝਿਆ ਜਾਂਦਾ ਸੀ, ਉਸ ਨੂੰ ਆਦਮੀ ਹਮੇਸ਼ਾ ਤ੍ਰਿਸਕਾਰਦਾ ਹੀ ਰਿਹਾ ਹੈ। ਇਸ ਬਾਰੇ ਕਰਮਜੀਤ ਕੌਰ ਕਿਸਾਂਵਲ ਨੇ ਪੁਸਤਕ ਦੇ ਸ਼ੁਰੂ ਵਿਚ ਹੀ ਇੱਕ ਖ਼ੋਜ ਭਰਪੂਰ ਲੇਖ ਤੱਥਾਂ ਤੇ ਅਧਾਰਤ ਵੇਰਵੇ ਸਹਿਤ ਲਿਖਿਆ ਹੈ, ਜਿਸ ਵਿਚ ਪੁਰਾਤਨ ਕਾਲ ਤੋਂ ਇਸਤਰੀ ਦੀ ਕੀਤੀ ਜਾਂਦੀ ਨਿੰਦਿਆ ਦਾ ਵਿਵਰਣ ਦਿੱਤਾ ਗਿਆ ਹੈ। ਇਸ ਜ਼ੁਲਮ ਦੇ ਵਿਰੁਧ ਆਪਣੀ ਆਵਾਜ਼ ਇਸਤਰੀਆਂ ਆਪਣੀਆਂ ਕਵਿਤਾਵਾਂ ਦੇ ਰੂਪ ਵਿਚ ਉਠਾਉਂਦੀਆਂ ਰਹੀਆਂ ਹਨ। ਕਰਮਜੀਤ ਕੌਰ ਕਿਸਾਂਵਲ ਨੇ ਸਭ ਤੋਂ ਪਹਿਲੀ ਪੰਜਾਬੀ ਦੀ ਕਵਿਤਰੀ ਪੀਰੋ ਪ੍ਰੇਮਣ ਦੀ ਕਵਿਤਾ ਤੋਂ ਸ਼ੁਰੂ ਕਰਕੇ ਅੱਜ ਦੇ ਜ਼ਮਾਨੇ ਦੀਆਂ 115 ਆਧੁਨਿਕ ਕਵਿਤਰੀਆਂ ਦੀਆਂ ਕਵਿਤਾਵਾਂ ਨੂੰ ਇਸ ਪੁਸਤਕ ਵਿਚ ਸਥਾਨ ਦਿੱਤਾ ਹੈ, ਜਿਸ ਵਿਚੋਂ 14 ਕਵਿਤਰੀਆਂ ਲਹਿੰਦੇ ਪੰਜਾਬ ਪਾਕਿਸਤਾਨ ਦੀਆਂ ਹਨ। ਪੀਰੋ ਪ੍ਰੇਮਣ ਆਪਣੀ ਕਵਿਤਾ ਵਿਚ ਇਸਤਰੀਆਂ ਨੂੰ ਆਪਣੇ ਹੱਕਾਂ ਲਈ ਜਾਗਰੂਕ ਹੋਣ ਦੀ ਪ੍ਰੇਰਨਾ ਦਿੰਦੀ ਲਿਖਦੀ ਹੈ:

'ਪੀਰੋ ਬੰਦੀਏ ਜਾਗ ਲੈ ਹੁਣ ਜਾਗਣ ਵੇਲਾ, ਏਸੇ ਜਨਮ ਮਿਲਾਪੜਾ ਫਿਰ ਹੋਇ ਨਾ ਮੇਲਾ।'

ਇਸਤਰੀ, ਪਿਆਰ, ਨਿੱਘ, ਸਾਂਝ, ਸਹਿਹੋਂਦ, ਮਿਠਾਸ, ਨਿਮਰਤਾ, ਹਲੀਮੀ, ਦਇਆ, ਦਰਦ, ਅਹਿਸਾਸ, ਸ਼ਰਮ, ਹਯਾ, ਕੁਰਬਾਨੀ ਅਤੇ ਤਿਆਗ਼ ਦੀ ਪ੍ਰਤੀਕ ਹੈ। ਔਰਤ ਸੱਚੇ ਸੁੱਚੇ ਰਿਸ਼ਤਿਆਂ ਦੀ ਦਾਸਤਾਂ ਹੈ। ਸਮਾਜ ਵਿਚ ਸਾਰੇ ਰਿਸ਼ਤੇ ਔਰਤ ਨਾਲ ਹੀ ਬਣਦੇ ਹਨ, ਇਹ ਰਿਸ਼ਤੇ ਔਰਤ ਤੋਂ ਬਿਨਾ ਫਿਕੇ ਹੁੰਦੇ ਹਨ। ਔਰਤ ਹੀ ਮਾਂ, ਧੀ, ਭੈਣ, ਦੋਸਤ ਅਤੇ ਪ੍ਰੇਮਣ, ਬਣਦੀ ਹੈ, ਉਹ ਹੀ ਇਨ੍ਹਾਂ ਰਿਸ਼ਤਿਆਂ ਦਾ ਸੇਕ ਹੰਢਾਉਂਦੀ ਹੈ। ਸਮਾਜ ਵਿਚ ਵਾਪਰ ਰਹੀ ਹਰ ਘਟਨਾ ਦਾ ਪ੍ਰਭਾਵ ਔਰਤ ਤੇ ਹੀ ਪੈਂਦਾ ਹੈ ਅਤੇ ਔਰਤ ਉਸ ਦਾ ਸੰਤਾਪ ਭੋਗਦੀ ਹੈ। ਮਰਦ ਫਿਰ ਵੀ ਔਰਤ ਦੇ ਦੁੱਖ ਦਰਦ ਨੂੰ ਮਹਿਸੂਸ ਨਹੀਂ ਕਰਦਾ ਸਗੋਂ ਉਹ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦਰਦਾਂ ਵਿਚ ਵਾਧਾ ਕਰਨ ਦਾ ਕਾਰਨ ਬਣਦਾ ਹੈ। ਪੰਜਾਬੀ ਦੀਆਂ ਕਵਿਤਰੀਆਂ ਭਾਵੇਂ ਉਹ ਦੇਸ ਜਾਂ ਵਿਦੇਸ਼ ਵਿਚ ਰਹਿੰਦੀਆਂ ਹਨ ਪ੍ਰੰਤੂ ਉਨ੍ਹਾਂ ਦੀਆਂ ਤ੍ਰਾਸਦੀਆਂ ਇੱਕੋ ਜਹੀਆਂ ਹਨ, ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਇਸਤਰੀ ਜਗਤ ਦੀ ਪੀੜਾ ਨੂੰ ਇੱਕੋ ਤਰ੍ਹਾਂ ਮਹਿਸੂਸ ਕਰਦੀਆਂ ਹਨ। ਇਸਤਰੀ ਦਾ ਹਰ ਜਗ੍ਹਾ ਚੀਰ ਹਰਨ ਹੋ ਰਿਹਾ ਹੈ।




ਦੁਰਯੋਧਨ ਵੱਲੋਂ ਦਰੋਪਦੀ ਦੇ ਚੀਰ ਹਰਨ ਤੋਂ ਬਾਅਦ ਮਹਾਂ ਭਾਰਤ ਦੀ ਰਚਨਾ ਹੋਈ ਸੀ। ਅੱਜ ਹਰ ਰੋਜ਼ ਇਸਤਰੀਆਂ ਦੇ ਚੀਰ ਹਰਨ ਹੋ ਰਹੇ ਹਨ। ਦਫ਼ਤਰਾਂ, ਘਰਾਂ, ਬਾਜ਼ਾਰਾਂ, ਬੱਸਾਂ ਅਤੇ ਬਸਤੀਆਂ ਵਿਚ ਔਰਤ ਛੇੜ ਛਾੜ ਦਾ ਮੁਕਾਬਲਾ ਕਰ ਰਹੀ, ਜ਼ਲੀਲ ਹੋ ਰਹੀ ਹੈ। ਮਰਦ ਉਨ੍ਹਾਂ ਨੂੰ ਵੇਖਦਿਆਂ ਹੀ ਅੱਖਾਂ ਰਾਹੀਂ ਹੀ ਉਨ੍ਹਾਂ ਦਾ ਚੀਰ ਹਰਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਿਰਜਣਹਾਰੀਆਂ ਪੁਸਤਕ ਦੀਆਂ ਕਵਿਤਾਵਾਂ ਵਿਚ ਇਹੋ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਇਸ ਪੁਸਤਕ ਦੇ ਵਿਸ਼ੇ ਭਰੂਣ ਹੱਤਿਆ, ਦਾਜ, ਅਣਜੋੜ ਵਿਆਹ, ਜਾਤ ਪਾਤ, ਬਲਾਤਕਾਰ, ਘਰ ਅਤੇ ਬਾਹਰ ਔਰਤ ਨਾਲ ਹੋ ਰਹੀਆਂ ਛੇੜ ਛਾੜ ਦੀਆਂ ਘਟਨਾਵਾਂ ਵਿਸ਼ੇਸ਼ ਤੌਰ ਤੇ ਬਣੇ ਹਨ। ਹੈਰਾਨੀ ਦੀ ਗੱਲ ਹੈ ਦੋ ਘਰ ਵਸਾਉਣ ਵਾਲੀ ਔਰਤ ਦਾ ਆਪਣਾ ਕੋਈ ਘਰ ਨਹੀਂ ਹੁੰਦਾ। ਪੇਕੇ ਅਤੇ ਸਹੁਰੇ ਦੋਹਾਂ ਘਰਾਂ ਵਿਚ ਉਸ ਨੂੰ ਬਿਗਾਨੀ ਧੀ ਹੀ ਸਮਝਿਆ ਜਾਂਦਾ ਹੈ। ਜਦੋਂ ਕਿ ਅੱਜ ਦੀ ਔਰਤ ਪਿਆਰ ਅਤੇ ਸਤਿਕਾਰ ਨਾਲ ਹਰ ਘਰ ਨੂੰ ਜੋੜੀ ਰੱਖਦੀ ਹੈ, ਉਹ ਪਿੰਜਰੇ ਵਿਚ ਕੈਦ ਹੋਣਾ ਨਹੀਂ ਚਾਹੁੰਦੀ। ਪੈਸਾ ਉਸਦਾ ਮੁਖ ਕੰਮ ਨਹੀਂ ਭਾਵੇਂ ਉਹ ਪੈਸਾ ਵੀ ਮਰਦ ਦੇ ਬਰਾਬਰ ਕਮਾਉਂਦੀ ਹੈ। ਇੱਕ ਪਾਸੇ ਤਾਂ ਮਰਦ ਔਰਤ ਦੀਆਂ ਕੰਜਕਾਂ ਕਰਦਾ ਹੈ, ਉਸ ਨੂੰ ਪੂਜਦਾ ਹੈ, ਇਸ਼ਕ ਵੀ ਉਸ ਨੂੰ ਹੀ ਕਰਦਾ ਹੈ ਪ੍ਰੰਤੂ ਧੀ ਨੂੰ ਜੰਮਣ ਤੋਂ ਰੋਕਦਾ ਹੈ, ਭਰੂਣ ਹੱਤਿਆ ਕਰਦਾ ਹੈ, ਜਦੋਂ ਪ੍ਰੇਮ ਵਿਚ ਅਸਫਲ ਹੋ ਜਾਂਦਾ ਹੈ ਤਾਂ ਤੇਜ਼ਾਬ ਪਾ ਦਿੰਦਾ ਹੈ। ਮਰਦ ਦੂਹਰੇ ਮਾਪ ਦੰਡ ਅਪਣਾਉਂਦਾ ਹੈ। ਇਨ੍ਹਾਂ ਕਵਿਤਾਵਾਂ ਰਾਹੀਂ ਇਸਤਰੀਆਂ ਨੂੰ ਸੀਤਾ ਹੀ ਨਹੀਂ ਦੁਰਗਾ ਅਤੇ ਚੰਡੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਔਰਤ ਦਾ ਜੋਬਨ ਅਤੇ ਪਿਆਰ ਕੰਡੇ ਵੀ ਬਣ ਜਾਂਦੇ ਹਨ ਜਿਵੇਂ ਗੁਲਾਬ ਕੰਡਿਆਂ ਵਿਚ ਘਿਰਿਆ ਹੁੰਦਾ ਵੀ ਖ਼ੁਸ਼ਬੂ ਦਿੰਦਾ ਹੈ। ਔਰਤ ਵੀ ਇੱਕ ਖ਼ੁਸ਼ਬੂ ਹੈ ਜੇ ਇਸ ਦੀ ਪਹਿਚਾਣ ਕੀਤੀ ਜਾਵੇ। ਹੁਣ ਹਰ ਔਰਤ ਲੂਣਾ ਦੀ ਤਰ੍ਹਾਂ ਬਗ਼ਬਤ ਕਰਨ ਨੂੰ ਤਰਜੀਹ ਦਿੰਦੀ ਹੈ। ਪੱਥਰ ਨੂੰ ਪੂਜਣ ਵਾਲੇ ਲੜਕੀ ਨੂੰ ਜੰਮਣ ਮੌਕੇ ਪੱਥਰ ਕਹਿੰਦੇ ਹਨ, ਹੁਣ ਔਰਤ ਉਨ੍ਹਾਂ ਨੂੰ ਪੱਥਰ ਬਣਕੇ ਟੱਕਰਦੀ ਹੈ। ਜੇ ਉਹ ਮੋਮ ਦੀ ਤਰ੍ਹਾਂ ਨਰਮ ਹੈ ਤਾਂ ਨਾਲ ਹੀ ਪੱਥਰ ਦੀ ਤਰ੍ਹਾਂ ਸਖ਼ਤ ਵੀ ਹੋਣਾ ਜਾਣਦੀ ਹੈ। ਔਰਤ ਦੀ ਬਦਕਿਸਮਤੀ ਵੇਖੋ ਪਹਿਲਾਂ ਉਹ ਮਰਦ ਨੂੰ ਜਨਮ ਦਿੰਦੀ ਹੈ, ਪਾਲਦੀ ਹੈ, ਪਤੀ ਦੇ ਦਬਾਅ ਵਿਚ ਜਵਾਨੀ ਲੰਘਾਉਂਦੀ ਹੈ, ਬੁਢਾਪੇ ਵਿਚ ਪੁੱਤਰ ਦੇ ਅਧੀਨ ਸਮਾਂ ਗੁਜ਼ਾਰਦੀ ਹੈ, ਤਰਸ ਦੀ ਪਾਤਰ ਬਣਦੀ ਹੈ। ਹਰ ਅਚਾਰ ਸਹੰਤਾ ਔਰਤ ਤੇ ਹੀ ਕਿਉਂ ਲਾਗੂ ਹੁੰਦੀ ਹੈ? ਲੜਕਾ ਜੋ ਮਰਜੀ ਕਰੀ ਜਾਵੇ ਉਸ ਤੇ ਕੋਈ ਰੁਕਾਵਟ ਨਹੀਂ। ਮਰਦ ਕਦੀਂ ਨਹੀਂ ਸੋਚਦਾ ਕਿ ਜੇਕਰ ਉਹ ਇਨ੍ਹਾਂ ਟਾਹਣੀਆਂ ਰੂਪੀ ਲੜਕੀਆਂ ਨੂੰ ਮਾਰੀ ਜਾਣਗੇ ਤਾਂ ਮਰਦ ਦੀ ਉਤਪਤੀ ਬੰਦ ਹੋ ਜਾਵੇਗੀ। ਮਰਦ ਕਿਸ ਨੂੰ ਪਿਆਰ ਕਰੇਗਾ, ਕਿਸ ਨਾਲ ਵਿਆਹ ਕਰੇਗਾ ਅਤੇ ਰੱਖੜੀ ਕਿਸ ਤੋ ਬੰਨਾਵੇਗਾ। ਇਸ ਪੁਸਤਕ ਵਿਚ ਗਿਰ ਰਹੀਆਂ ਸਮਾਜਕ ਕਦਰਾਂ ਕੀਮਤਾਂ, ਭਰਿਸ਼ਟ ਸਿਆਸਤਦਾਨਾ, ਬੇਰੋਜ਼ਗਾਰੀ, ਨਸ਼ੇ, ਪ੍ਰਵਾਸ ਦੀ ਸਮੱਸਿਆ ਅਤੇ ਕੈਂਸਰ ਦੀਆਂ ਅਲਾਮਤਾਂ ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਬਹੁਤੀਆਂ ਕਵਿਤਾਵਾਂ ਵਿਚ ਦਰਸਾਇਆ ਗਿਆ ਹੈ ਕਿ ਔਰਤ ਪੀੜ੍ਹੀ ਦਰ ਪੀੜ੍ਹੀ ਪਰਿਵਾਰ ਪਾਲਦੀ ਆ ਰਹੀ ਹੈ ਅਤੇ ਨਾਲ ਦੀ ਨਾਲ ਮਰਦ ਦੀ ਨਾਕਾਰਤਮਕ ਸੋਚ ਦਾ ਸ਼ਿਕਾਰ ਹੁੰਦੀ ਹੋਈ ਆਪਣੀਆਂ ਰੀਝਾਂ, ਵਲਵਲਿਆਂ, ਖ਼ਾਹਿਸ਼ਾਂ ਅਤੇ ਉਮੰਗਾਂ ਦਾ ਕਤਲ ਹੁੰਦਾ ਵੀ ਬਰਦਾਸ਼ਤ ਕਰਦੀ ਆ ਰਹੀ ਹੈ। ਮਰਦ ਔਰਤ ਨੂੰ ਵਰਤਣ ਦੀ ਸ਼ੈ ਹੀ ਸਮਝਦਾ ਹੈ, ਕੁਝ ਕਵਿਤਾਵਾਂ ਵਿਚ ਤਾਂ ਮਰਦ ਨੂੰ ਅਜਿਹੇ ਭੇੜੀਏ ਨਾਲ ਤਸ਼ਬੀਹ ਦਿੱਤੀ ਗਈ ਕਿ ਉਹ ਆਪਣੀ ਪਤਨੀ ਨੂੰ ਹੋਰ ਆਦਮੀ ਰੂਪੀ ਭੇੜੀਆਂ ਤੋਂ ਤਾਂ ਬਚਾਉਂਦਾ ਹੈ ਪ੍ਰੰਤੂ ਆਪ ਭੇੜੀਆ ਬਣਕੇ ਉਸ ਨੂੰ ਟੱਕਰਦਾ ਹੈ। ਇਸ ਪੁਸਤਕ ਵਿਚ ਸਾਰੀਆਂ ਕਵਿਤਰੀਆਂ ਨੇ ਬਿੰਬ ਬਹੁਤ ਹੀ ਕਮਾਲ ਦੇ ਵਰਤੇ ਹਨ, ਜਿਹੜੇ ਸਿੰਬਾਲਿਕ ਹੁੰਦੇ ਹੋਏ ਮਨੁਖੀ ਮਨਾ ਨੂੰ ਝੰਜੋੜਦੇ, ਕੁਰੇਦਦੇ, ਹਲੂਣਦੇ ਅਤੇ ਬਗ਼ਾਬਤ ਦੀ ਚੇਤਾਵਨੀ ਦਿੰਦੇ ਹਨ। ਔਰਤਾਂ ਮਰਦ ਦੇ ਜ਼ੁਲਮ ਇਸ ਆਸ ਨਾਲ ਬਰਦਾਸ਼ਤ ਕਰ ਰਹੀਆਂ ਹਨ ਕਿ ਸ਼ਾਇਦ ਮਰਦ ਕਦੀਂ ਤਾਂ ਉਨ੍ਹਾਂ ਦਾ ਰੱਖਵਾਲਾ ਬਣਕੇ ਸਮਝਦਾਰੀ ਦਾ ਕੰਮ ਕਰੇਗਾ, ਇਸੇ ਲਈ ਔਰਤ ਮਰਦ ਦੀ ਵਕਤੀ ਖ਼ੁਸ਼ੀ ਲਈ ਆਤਮ ਸਮਰਪਣ ਕਰ ਦਿੰਦੀ ਹੈ ਪ੍ਰੰਤੂ ਮਰਦ ਔਰਤਾਂ ਤੇ ਜ਼ੁਲਮ ਢਾਹੁਣਾ ਆਪਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ। ਇਹ ਕਵਿਤਰੀਆਂ ਕਾਫੀ ਹੱਦ ਤੱਕ ਔਰਤਾਂ ਨੂੰ ਵੀ ਜ਼ਿੰਮੇਵਾਰ ਕਹਿੰਦੀਆਂ ਹਨ ਕਿਉਂਕਿ ਇਸ਼ਤਿਹਾਰਬਾਜ਼ੀ ਦੇ ਜ਼ਮਾਨੇ ਵਿਚ ਔਰਤਾਂ ਮਾਡਲਿੰਗ, ਫਿਲਮਾਂ ਅਤੇ ਫ਼ੈਸ਼ਨ ਸ਼ੋ ਦੇ ਬਹਾਨੇ ਪੈਸੇ ਕਮਾਉਣ ਦੇ ਲਾਲਚ ਵਿਚ ਨੰਗੇਜ਼ਵਾਦ ਨੂੰ ਬੜ੍ਹਾਵਾ ਦੇ ਰਹੀਆਂ ਹਨ। ਔਰਤ ਜਿਸਮਾ ਦੀ ਮੰਡੀ ਵਿਚ ਵਿਕ ਰਹੀ ਹੈ। ਇੱਕ ਕਿਸਮ ਨਾਲ ਇਹ ਔਰਤਾਂ ਦਾ ਸਮਾਜਿਕ ਸ਼ੋਸ਼ਣ ਹੋ ਰਿਹਾ ਹੈ। ਕੂੜ ਪ੍ਰਧਾਨ ਹੋ ਰਿਹਾ ਹੈ। ਸਚਾਈ ਦਾ ਪੱਲਾ ਛੱਡਿਆ ਜਾ ਰਿਹਾ ਹੈ। ਹਵਾ, ਪਾਣੀ, ਵਾਤਵਰਨ ਅਤੇ ਸਭਿਆਚਾਰ ਪ੍ਰਦੂਸ਼ਤ ਹੋ ਰਿਹਾ ਹੈ। ਇਸਤਰੀਆਂ ਆਪਣੇ ਵਿਰਸੇ ਨੂੰ ਭੁੱਲ ਰਹੀਆਂ ਹਨ। ਦੇਸ਼ ਦੀ ਵੰਡ ਸੰਬੰਧੀ ਕਵਿਤਾਵਾਂ ਵੀ ਸਾਡੀ ਮਾਨਸਿਕਤਾ ਨੂੰ ਕੁਰੇਦਦੀਆਂ ਹਨ ਕਿਉਂਕਿ ਜ਼ਮੀਨ ਤਾਂ ਵੰਡੀ ਜਾ ਸਕਦੀ ਹੈ ਪ੍ਰੰਤੂ ਸਭਿਆਚਾਰ, ਸਭਿਅਤਾ, ਹਵਾ, ਦਰਿਆ ਅਤੇ ਇਨਸਾਨੀਅਤ ਨਹੀਂ ਵੰਡੀ ਜਾ ਸਕਦੀ।

ਲਹਿੰਦੇ ਪੰਜਾਬ ਦੀਆਂ ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਉਨ੍ਹਾਂ ਵੱਲੋਂ ਭੋਗੇ ਜਾ ਰਹੇ ਅੱਜ ਦੇ ਸਮੇਂ ਵਿਚ ਸੰਤਾਪ ਦਾ ਬਹੁਤ ਹੀ ਸੁਚੱਜੇ ਢੰਗ ਨਾਲ ਵਰਨਣ ਕੀਤਾ ਹੈ। ਉਨ੍ਹਾਂ ਨੂੰ ਅਜੇ ਘਰਾਂ ਦੀਆਂ ਚਾਰ ਦੀਵਾਰੀਆਂ ਵਿਚ ਬੰਦ ਰੱਖਿਆ ਜਾਂਦਾ ਹੈ। ਮਨ ਭਾਉਂਦਾ ਖਾਣ, ਪੀਣ, ਪਹਿਨਣ ਅਤੇ ਵਿਚਰਨ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦੀ ਹਾਲਤ ਬੜੀ ਗੰਭੀਰ ਹੈ। ਇਸਤਰੀ ਨੂੰ ਅਜੇ ਵੀ ਬੰਦੀ ਬਣਾ ਕੇ ਰੱਖਿਆ ਜਾ ਰਿਹਾ ਹੈ। ਅਣਜੋੜ ਵਿਆਹਾਂ ਦਾ ਸੰਤਾਪ ਵੀ ਉਹ ਭੋਗ ਰਹੀਆਂ ਹਨ। ਇਸਤਰੀਆਂ ਨੂੰ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਤੇ ਪਾਬੰਦੀ ਹੈ।

ਉਨ੍ਹਾਂ ਦੇ ਨਿੱਕੇ ਨਿੱਕੇ ਸੁਪਨੇ ਤੇ ਵਲਵਲੇ ਫਨਾਹ ਹੋ ਰਹੇ ਹਨ। ਉਹੀ ਮਰਦ ਉਨ੍ਹਾਂ ਦੀ ਵੇਖ ਭਾਲ ਕਰਦਾ ਹੈ ਅਤੇ ਉਹੀ ਉਨ੍ਹਾਂ ਨੂੰ ਦੁਖ ਤੇ ਤਸੀਹੇ ਦਿੰਦਾ ਹੈ। ਪਕਿਸਤਾਨ ਵਿਚ ਔਰਤ ਵਿਰੁਧ ਹਰ ਸਾਜ਼ਸ਼ ਕੀਤੀ ਜਾਂਦੀ ਹੈ। ਜਵਾਨ ਜਹਾਨ ਔਰਤ ਭਰੀ ਦੁਨੀਆਂ ਵਿਚ ਵੀ ਖਾਲੀ ਹੀ ਮਹਿਸੂਸ ਕਰਦੀ ਹੈ। ਜਿਸ ਪੁਰਸ਼ ਨੂੰ ਉਹ ਜਨਮ ਦਿੰਦੀ ਹੈ, ਉਹੀ ਉਸਦੀ ਦਲਾਲੀ ਕਰਦਾ ਹੈ, ਉਸ ਨੂੰ ਤਵਾਇਫ਼ ਬਣਾਉਂਦਾ ਹੈ, ਉਸ ਦੇ ਸਰੀਰ ਨਾਲ ਆਨੰਦ ਮਾਣਦਾ ਹੈ ਅਤੇ ਔਰਤ ਨੂੰ ਖਲਾਸੀ ਦਾ ਸਾਧਨ ਸਮਝਦਾ ਹੈ ਪ੍ਰੰਤੂ ਜਦੋਂ ਉਸੇ ਮਰਦਾਨਗੀ ਵਾਲੇ ਦਾ ਬੱਚਾ ਪੈਦਾ ਹੁੰਦਾ ਹੈ ਤਾਂ ਬੇਗ਼ੈਰਤ ਹੋ ਕੇ ਉਸ ਬੱਚੇ ਨੂੰ ਆਪਨਾਉਣ ਤੋਂ ਕੋਹਾਂ ਦੂਰ ਭੱਜਦਾ ਹੈ। ਫਿਰ ਉਸ ਦੀ ਮਰਦਾਨਗੀ ਕਿਥੇ ਜਾਂਦੀ ਹੈ? ਕਵਿਤਾਵਾਂ ਵਿਚ ਕਵਿਤਰੀਆਂ ਲਿਖਦੀਆਂ ਹਨ ਕਿ ਔਰਤ ਵਿਚ ਆਦਮੀ ਨੂੰ ਖ਼ੀ੍ਦਣ ਦੀ ਤਾਕਤ ਹੈ, ਉਦੋਂ ਮਰਦ ਦੀ ਅਣਖ਼ ਕਿਥੇ ਜਾਂਦੀ ਹੈ ਜਦੋਂ ਉਹ ਆਪਣੀ ਕਾਮਨਾ ਦੀ ਪੂਰਤੀ ਲਈ ਔਰਤ ਸਾਹਮਣੇ ਗਿੜਗਿੜਾਉਂਦਾ ਹੈ। ਔਰਤ ਦੀ ਕੁੱਖ ਗ਼ਮਾਂ ਦੀ ਤਰਤੀਬ ਹੈ। ਜਿੰਨਾ ਔਰਤ ਨੂੰ ਦਬਾਇਆ ਜਾਂਦਾ ਹੈ ਉਤਨਾ ਹੀ ਉਹ ਨਿਖ਼ਰਦੀ ਹੈ। ਪਾਕਿਸਤਾਨੀ ਕਵਿਤਰੀਆਂ ਨੇ ਪੰਜਾਬ ਦੀ ਵੰਡ ਦੇ ਦੁਖ ਦਾ ਵੀ ਇਜ਼ਹਾਰ ਕੀਤਾ ਹੈ।

ਕਰਮਜੀਤ ਕੌਰ ਕਿਸਾਂਵਲ ਨੇ ਕਵਿਤਰੀਆਂ ਅਤੇ ਕਵਿਤਾਵਾਂ ਦੀ ਚੋਣ ਕਰਨ ਲੱਗਿਆਂ ਆਪਣੀ ਸੂਝ-ਬੂਝ, ਸਿਆਣਪ, ਸੰਵਦਨਸ਼ੀਲਤਾ, ਕਲਾਤਮਿਕ, ਕਾਬਲੀਅਤ, ਸਮਾਜਿਕ ਸਰੋਕਾਰਾਂ ਦੀ ਪ੍ਰਤੀਬੱਧਤਾ ਅਤੇ ਸਾਹਿਤਿਕ ਸੁਚੇਤਤਾ ਦਾ ਸਬੂਤ ਦਿੰਦਿਆਂ ਵਿਲੱਖਣ ਕਾਰਜ ਕਰਕੇ ਸੰਪਾਦਨਾ ਦੇ ਖੇਤਰ ਵਿਚ ਇੱਕ ਮੀਲ ਪੱਥਰ ਸਥਾਪਤ ਕਰ ਦਿੱਤਾ ਹੈ। ਸ਼ਾਲਾ ਪਰਮਾਤਮਾ ਉਸਦੀ ਕਲਮ ਨੂੰ ਹੋਰ ਸੁਚਾਰੂ ਤੇ ਉਸਰੂ ਕਾਰਜ ਕਰਨ ਦੀ ਤੌਫ਼ੀਕ ਬਖ਼ਸ਼ੇ।

## ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ’ਤੇ ਵਿਸ਼ੇਸ਼

# ‘ਤੇਰਾ ਕੀਆ ਮੀਠਾ ਲਾਗੈ’



ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਸਨ। ਉਹਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਅਧਿਆਤਮਕ ਜਗਤ ’ਚ ਉਹਨਾਂ ਦਾ ਸਰਵ ਉੱਚ ਸਥਾਨ ਹੈ। ਉਹਨਾਂ ਨੂੰ ਅਧਿਆਤਮਕਵਾਦ ਦੇ ਬ੍ਰਹਮ ਗਿਆਨੀ ਵੀ ਕਿਹਾ ਜਾਂਦਾ ਹੈ। ਉਹਨਾਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ’ਚ ਅਦੁੱਤੀ ਤੇ ਬੇਮਿਸਾਲ ਹੈ, ਜਿਸ ਦੀ ਕੋਈ ਹੋਰ ਉਦਾਹਰਣ ਲੱਭਣੀ ਮੁਸ਼ਕਿਲ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਗਏ ਮਿਸ਼ਨ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਖ਼ੂਨ ਨਾਲ ਸਿੰਜਿਆ ਤੇ ਸਿੱਖੀ ਰੂਪੀ ਲੱਗੇ ਹੋਏ ਬੂਟੇ ਦੀਆਂ ਜੜ੍ਹਾਂ ਨੂੰ ਇਕ ਮਜ਼ਬੂਤ ਆਧਾਰ ਦੇ ਕੇ ਪ੍ਰਫੁੱਲਿਤ ਕੀਤਾ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਉਹ ਬੜੇ ਪੁਰ ਅਮਨ ਤੇ ਸ਼ਾਂਤਮਈ ਤਰੀਕੇ ਨਾਲ ਆਪਣੇ ਸਿੱਖੀ ਦੇ ਸਿਧਾਂਤਾਂ ਨੂੰ ਪ੍ਰਫੁੱਲਿਤ ਕਰ ਰਹੇ ਸਨ ਪਰ ਈਰਖਾਲੂ ਤੇ ਕੱਟੜਪੰਥੀ ਲੋਕਾਂ ਦੇ ਅਸਲ ਚਿਹਰੇ, ਜੋ ਧਰਮ ਦੇ ਨਾਂ ਤੇ ਅੱਤਿਆਚਾਰ ਕਰ ਰਹੇ ਸਨ, ਵੀ ਲੋਕਾਈ ਦੇ ਸਾਹਮਣੇ ਨੰਗੇ ਹੋਏ।

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਬਹੁਤ ਹੀ ਲਾਇਕ ਤੇ ਸੁਹਿਰਦ ਸਪੁੱਤਰ ਸਨ। ਉਹਨਾਂ ਦੀ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ ਸੀ ਜੋ ਤੀਸਰੇ ਗੁਰੂ ਸਾਹਿਬ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ ਤੇ ਵਿਆਹ 1579 ਈਸਵੀ ਨੂੰ ਹੋਇਆ। ਸਿੱਖ ਸੰਸਕ੍ਰਿਤੀ ਤੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਲਈ ਉਹਨਾਂ ਨੇ ਸਿਰਤੋੜ ਯਤਨ ਕੀਤੇ। ਉਹਨਾਂ ਦੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਮਹਾਨ ਕੇਂਦਰ ’ਸ੍ਰੀ ਹਰਿਮੰਦਰ ਸਾਹਿਬ’ ਦੀ ਨੀਂਹ, ਇਕ ਮਹਾਨ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਸਿੱਖੀ ਦੇ ਕੇਂਦਰ ਦੀ ਉਸਾਰੀ ਪੂਰੀ ਕਰਾਉਣ ’ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1590 ਈਸਵੀ ਵਿਚ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਪੱਕੀ ਉਸਾਰੀ ਵੀ ਉਹਨਾਂ ਨੇ ਕਰਵਾਈ।



ਪ੍ਰੋ: ਐਚ.ਐਲ. ਕਪੂਰ
01- 916- 587-4002

ਗੁਰੂ ਜੀ ਬਹੁਤ ਸ਼ਾਂਤ ਤੇ ਗੰਭੀਰ ਸੁਭਾਅ ਦੇ ਮਾਲਕ ਸਨ। ਉਹ ਆਪਣੇ ਜ਼ਮਾਨੇ ਦੇ ਸਰਵ-ਪ੍ਰਮਾਣਿਤ ਨਾਇਕ ਸਨ ਜੋ ਦਿਨ-ਰਾਤ, ਸਾਧ-ਸੰਗਤ ਦੀ ਸੇਵਾ ’ਚ ਲੱਗੇ ਰਹਿੰਦੇ ਸਨ। ਉਹਨਾਂ ਦੇ ਮਨ ’ਚ ਸਾਰੇ ਧਰਮਾਂ ਲਈ ਅਥਾਹ ਪਿਆਰ ਸੀ। ਮਾਨਵ ਕਲਿਆਣ ਲਈ ਉਹਨਾਂ ਨੇ ਅਥਾਹ ਕੰਮ ਕੀਤੇ।

ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਨੂੰ ‘ਸ੍ਰੀ ਆਦਿ (ਗੁਰੂ) ਗ੍ਰੰਥ’ ਦੀ ਰਚਨਾ ਤੇ ਸੰਪਾਦਨਾ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕਰਵਾਈ। ਇਸ ’ਚ 30 ਰਾਗਾਂ ’ਚ ਬਾਣੀ ਦਰਜ ਹੈ। ਗਿਣਤੀ ਦੇ ਪੱਖੋਂ ’ਗੁਰੂ ਗ੍ਰੰਥ ਸਾਹਿਬ’ ਵਿਚ ਸਭ ਤੋਂ ਵੱਧ ਬਾਣੀ ਉਨ੍ਹਾਂ ਦੀ ਹੀ ਹੈ। ‘ਗੁਰੂ ਗ੍ਰੰਥ ਸਾਹਿਬ’ ਦੀ ਰਚਨਾ ਗੁਰੂ ਸਾਹਿਬ ਦੀ ਇਕ ਅਦੁੱਤੀ ਕਲਾ ਹੈ ਜਿਸ ’ਚੋਂ ਉਹਨਾਂ ਦੀ ਵਿਦਵਤਾ ਝਲਕਦੀ ਹੈ। ਉਹਨਾਂ ਨੇ ਰਾਗਾਂ ਦੇ ਆਧਾਰ ’ਤੇ ਗੁਰੂ ਗ੍ਰੰਥ ਸਾਹਿਬ ’ਚ ਦਰਜ ਬਾਣੀਆਂ ਦਾ ਜੋ ਵਰਗੀਕਰਨ ਕੀਤਾ ਹੈ, ਇਸਦੀ ਭਾਰਤ ਦੇ ਮੱਧਕਾਲ ਯੁੱਗ ’ਚ, ਸਾਹਿਤ ਦੇ ਇਤਿਹਾਸ ’ਚ, ਕਿਧਰੇ ਹੋਰ ਧਾਰਮਿਕ ਗ੍ਰੰਥ ’ਚ ਮਿਸਾਲ ਨਹੀਂ ਮਿਲਦੀ। ਇਹ ਉਹਨਾਂ ਦੀ ਉਚੇਰੀ ਸੂਝ-ਬੂਝ ਦਾ ਹੀ ਪ੍ਰਣਾਮ ਹੈ ਕਿ ’ਗੁਰੂ ਗ੍ਰੰਥ ਸਾਹਿਬ’ ’ਚ 36 ਮਹਾਨ ਬਾਣੀਕਾਰਾਂ ਦੀ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸੰਕਲਿਤ ਕੀਤੀ ਗਈ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ’ਚ 17ਵੀਂ ਸਦੀ ਨੂੰ ’ਗੁਰੂ ਗ੍ਰੰਥ ਸਾਹਿਬ’ ਦੀ ਰਚਨਾ ਕਾਰਨ ’ਸੁਨਹਿਰੀ ਯੁੱਗ’ ਵੀ ਕਿਹਾ ਜਾਂਦਾ ਹੈ। ਇਸ ’ਚ ਤਕਰੀਬਨ 600 ਸਾਲਾਂ ਦਾ ਰਚਿਆ ਗਿਆ ਮਹਾਨ ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕੀਤਾ ਗਿਆ ਹੈ। ਇਸ ’ਚ ਨਵੀਆਂ ਜੀਵਨ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ ਹੈ ਜਿਹਨਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ, ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਮੂਲ-ਸੰਵੇਦਨਾ ਪ੍ਰੇਮ ਭਗਤੀ ਨਾਲ ਜੁੜੀ ਹੋਈ ਹੈ। ਗੁਰਮਤਿ-ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ, ਉਹਨਾਂ ਦਾ ਦਿੱਤਾ ਗਿਆ ਯੋਗਦਾਨ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਨੂੰ ਜੋ ਦੇਣ ਦਿੱਤੀ ਹੈ, ਉਸ ਦੀ ਸ਼ਬਦਾਂ ’ਚ ਪ੍ਰਸੰਸਾ ਕਰਨੀ ਬੜੀ ਕਠਿਨ ਹੈ।

‘ਸੁਖਮਨੀ ਸਾਹਿਬ’ ਸੁੱਖ ਦਾ ਆਨੰਦ ਦੇਣ ਵਾਲੀ ਬਾਣੀ ਹੈ। ਸੁਖਮਨੀ ਸਾਹਿਬ ਮਾਨਸਿਕ ਤਣਾਅ ਦੀ ਅਵਸਥਾ ਦਾ ਸ਼ੁੱਧੀਕਰਨ ਕਰਨ ਦਾ ਇਕ ਵਧੀਆ ਉਪਰਾਲਾ ਹੈ। ਇਸ ਰਚਨਾ ਦੀ ਭਾਸ਼ਾ, ਭਾਵਾਂ ਅਨੁਕੂਲ ਹੀ ਹੈ। ਸਰਲ ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ ’ਚ ਰਚਿਤ ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਇਕ ਮਹਾਨ ਅਧਿਆਤਮਕ ਕਲਾਕ੍ਰਿਤ ਹੈ, ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾ ਸਕਦਾ ਹੈ। ਇਹ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਉਹਨਾਂ ਦੀ ਇਕ ਅਮਰ ਬਾਣੀ ਹੈ ਜੋ ਕਰੋੜਾਂ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ, ਇਸ ਬਾਣੀ ਦਾ ਪਾਠ ਕਰਨ ਨਾਲ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ ’ਚ 24 ਅਸ਼ਟਪਦੀਆਂ ਹਨ। ਇਹ ਰਚਨਾ ‘ਰਾਗ ਗਾਉੜੀ’ ਵਿਚ ਰਚੀ ਗਈ ਹੈ। ਇਸ ਰਚਨਾ ਦੀ ਸ਼ੈਲੀ ‘ਸੂਤ੍ਰਿਕ’ ਹੈ। ਇਸ ’ਚ ਸਾਧਨਾ, ਨਾਮ ਸਿਮਰਨ ਤੇ ਇਸ ਦੇ ਪ੍ਰਭਾਵ, ਸੇਵਾ ਤੇ ਤਿਆਗ, ਮਾਨਸਿਕ ਸੁੱਖ-ਦੁੱਖ ਅਤੇ ਸ਼ਕਤੀ ਦੀਆਂ ਉਹਨਾਂ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ, ਜਿਹਨਾਂ ਦੀ ਪ੍ਰਾਪਤੀ ਕਰਕੇ ਮਾਨਵ ਉਸ ‘ਪਾਰ-ਬ੍ਰਹਮ ਪ੍ਰਭੂ’ ਦੇ ਸੁੱਖਾਂ ਦਾ ਅਹਿਸਾਸ ਕਰ ਸਕਦਾ ਹੈ। ਸੁਖਮਨੀ ਸ਼ਬਦ ਆਪਣੇ ਆਪ ’ਚ ਹੀ ਇਕ ਬਹੁਤ ਭਾਵ-ਪੂਰਤ ਸ਼ਬਦ ਹੈ। ਮਨ ਨੂੰ ਸੁੱਖ ਦੇਣ ਵਾਲੀ ਜਾਂ ਸੁੱਖਾਂ ਦੀ ਮਣੀ ਆਦਿਕ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ।
ਭਗਤ ਜਨਾਂ ਕੇ ਮਨ ਬਿਸਰਾਮ।।

ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਸਥਾਰ ਤੇ ਪ੍ਰਚਾਰ ਲਈ ਦੂਰ-ਦੂਰ ਤੱਕ ਮੰਜੀਆਂ ਭਾਵ ਪ੍ਰਚਾਰ ਕੇਂਦਰ, ਜਿਸ ਨੂੰ ‘ਮਸੰਦ ਪ੍ਰਥਾ’ ਵੀ ਕਿਹਾ ਜਾਂਦਾ ਹੈ, ਨੂੰ ਸਥਾਪਤ ਕੀਤਾ। ਇਹਨਾਂ ਕੇਂਦਰਾਂ ਤੋਂ ਸਿੱਖ ਸਿਧਾਂਤਾਂ ਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਸਾਧ-ਸੰਗਤ ਇਕੱਠੀ ਹੁੰਦੀ ਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਂਦਾ। ਗੁਰਬਾਣੀ ਦਾ ਸੰਗੀਤ ਮਈ ਕੀਰਤਨ, ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ। ਉਹਨਾਂ ਦਾ ਸਾਥੀ ਮਰਦਾਨਾ ਉਸ ਸਮੇਂ ਦਾ ਬਹੁਤ ਵੱਡਾ ਰਬਾਬੀ ਸੀ ਜੋ ਰਬਾਬ ਨਾਲ, ਗੁਰੂ ਨਾਨਕ ਦੇਵ ਜੀ ਸੰਗ, ਗੁਰਬਾਣੀ ਦੀਆਂ ਮਿੱਠੀਆਂ ਸੰਗੀਤਕ ਧੁਨਾਂ ਤੇ ਸ਼ਬਦ ਗਾਇਨ ਕਰਦੇ ਸਨ। ਉਹਨਾਂ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪ੍ਰੰਪਰਾ ਨੂੰ ਸੱਤਾ ਤੇ ਬਲਵੰਡ ਨੇ ਖ਼ੂਬ ਨਿਭਾਇਆ। ਉਹ ਗੁਰੂ ਘਰ ਦੇ ਬੜੇ ਮਸ਼ਹੂਰ ਅਧਿਆਤਮਕ ਢਾਡੀ ਸਨ ਜੋ ਆਪਣੀਆਂ ਵਾਰਾਂ ਤੇ ਗੁਰੂ ਸਾਹਿਬ ਵੱਲੋਂ ਰਚੀ ਗਈ ਬਾਣੀ ਦਾ ਕੀਰਤਨ ਕਰਕੇ, ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਤਰ੍ਹਾਂ ਸੰਗਤਾਂ ਗੁਰਬਾਣੀ ਦਾ ਆਨੰਦ ਮਾਣਦੀਆਂ ਤੇ ਸਿੱਖੀ ਸਿਧਾਂਤਾਂ ਨੂੰ ਆਪਣੇ ਲੜ ਬੰਨ੍ਹਦੀਆਂ। ਇਸ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਤੇ ਇਸ ਤਰੀਕੇ ਨੇ ਸਿੱਖ ਧਰਮ ਦੇ ਫੈਲਾਅ ਲਈ ਲੋਕਾਂ ’ਚ ਖਿੱਚ ਪੈਦਾ ਕਰ ਦਿੱਤੀ। ਇਸ ਨਾਲ ਹਿੰਦੂ ਤੇ ਮੁਸਲਮਾਨ, ਸਿੱਖ ਧਰਮ ’ਚ ਪ੍ਰਵਰਤਿਤ ਹੋਣ ਲੱਗੇ। ਇਹ ਗੁਰਬਾਣੀ ਦੀ ਸੰਗੀਤਕ ਵਿਆਖਿਆ, ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚਲਦੀ ਰਹੀ। ਇਸ ਨਾਲ ਦੂਸਰੇ ਧਰਮਾਂ ਦੇ ਲੋਕਾਂ ’ਚ ਸਿੱਖ ਧਰਮ ਪ੍ਰਤੀ ਤੇ ਗੁਰੂ ਸਾਹਿਬਾਨ ਪ੍ਰਤੀ, ਨਫਰਤ ਤੇ ਈਰਖਾ ਉਪਜਣ ਲੱਗ ਪਈ ਜੋ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ ’ਚ ਪ੍ਰਗਟ ਹੋਈ।

ਇਕ ਵਾਰ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਏ, ਉਹਨਾਂ ਨੇ ਵੀ ਸਿੱਖ ਧਰਮ ਦੀ ਸ਼ੋਭਾ ਬਹੁਤ ਸੁਣੀ ਹੋਈ ਸੀ। ਉਹਨਾਂ ਇੱਥੇ ਪੰਗਤ ’ਚ ਜ਼ਮੀਨ ਤੇ ਬੈਠ ਕੇ, ਆਮ ਸੰਗਤ ਨਾਲ, ਗੁਰੂ ਦਾ ਸਾਦਾ ਲੰਗਰ ਛਕਿਆ ਤੇ ਬੜੀ ਖੁਸ਼ੀ ਪ੍ਰਾਪਤ ਕੀਤੀ ਤੇ ਇਸ ਤਰ੍ਹਾਂ ਲੰਗਰ ਛਕਣਾ, ਉਹਨਾਂ ਨੂੰ ਬੜਾ ਚੰਗਾ ਲੱਗਿਆ। ਉਹ ਗੁਰੂ ਅਮਰਦਾਸ ਜੀ ਨੂੰ ਮਿਲਕੇ, ਉਹਨਾਂ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ।

ਗੁਰੂ ਅਰਜਨ ਦੇਵ ਜੀ ਦੇ ਦੋਖੀ, ਉਹਨਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਭਤੀਜਾ ਮਿਹਰਵਾਨ, ਗੁਰੂ ਜੀ ਨਾਲ ਗੁਰਗੱਦੀ ਨਾ ਮਿਲਣ ਕਾਰਨ ਬਹੁਤ ਨਫਰਤ ਕਰਦੇ ਸਨ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਮੁਸਲਮਾਨ ਧਰਮ ਵਿਰੁੱਧ ਗੁਰੂ ਜੀ ਨੇ ‘ਆਦਿ (ਗੁਰੂ) ਗ੍ਰੰਥ’ ਵਿਚ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸ ਸ਼ਿਕਾਇਤ ਦਾ ਬਾਦਸ਼ਾਹ ਅਕਬਰ ਤੇ ਕੋਈ ਅਸਰ ਨਾ ਹੋਇਆ। ਇਸ ਸ਼ਿਕਾਇਤ ਪ੍ਰਤੀ ਉਹਨਾਂ ਨੇ ਸਾਂਈ ਮੀਆਂ ਮੀਰ ਜੀ ਤੋਂ ਸਪਸ਼ਟੀਕਰਨ ਕਰ ਲਿਆ ਕਿ ਇਸ ਤਰ੍ਹਾਂ ਦੀ ਕੋਈ ਟਿੱਪਣੀ ਇਸਲਾਮ ਧਰਮ ਦੇ ਵਿਰੁੱਧ ‘ਆਦਿ (ਗੁਰੂ) ਗ੍ਰੰਥ’ ਵਿਚ ਕੁਝ ਵੀ ਨਹੀਂ ਹੈ ਤੇ ਇਹੋ ਗੱਲ ਅਕਬਰ ਬਾਦਸ਼ਾਹ ਨੇ ਪ੍ਰਿਥੀ ਚੰਦ ਤੇ ਉਹਨਾਂ ਦੇ ਪੁੱਤਰ ਮਿਹਰਬਾਨ ਨੂੰ ਆਖ ਦਿੱਤੀ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਦੀਆਂ ਚੰਗਿਆਈਆਂ ਦੱਸੀਆਂ ਕਿ ਉਹ ਤਾਂ ਮਨੁੱਖੀ ਸ਼ਾਂਤੀ ਲਈ ਸਿੱਖ ਧਰਮ ਦਾ ਪ੍ਰਚਾਰ ਬੜੇ ਸ਼ਾਂਤਮਈ ਤਰੀਕੇ ਨਾਲ ਕਰਕੇ, ਮਾਨਵਤਾ ਨੂੰ ਵਧੀਆ ਜੀਵਨ ਜਿਊਣ ਲਈ ਸੇਧ ਦਿੰਦੇ ਹਨ। ਬਾਦਸ਼ਾਹ ਅਕਬਰ ਨੇ ਗੁਰੂ ਅਰਜਨ ਦੇਵ ਜੀ ਤੇ ਉਹਨਾਂ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਦੀ ਬੜੀ ਤਾਰੀਫ ਕੀਤੀ। ਉਹਨਾਂ ਦੀ ਸ਼ਿਕਾਇਤ ਦਾ ਬਾਦਸ਼ਾਹ ਤੇ ਕੋਈ ਅਸਰ ਨਾ ਹੋਇਆ ਕਿਉਂਕਿ ਬਾਦਸ਼ਾਹ ਅਕਬਰ ਦਾ ’ਦੀਨ-ਏ-ਇਲਾਹੀ’ ਮੱਤ, ਸਭ ਧਰਮਾਂ ਨੂੰ ਪਿਆਰ ਕਰਨ ਦੀ ਸਿੱਖਿਆ ਦਿੰਦਾ ਸੀ ਤੇ ਨਾਲੇ ਆਪ ਉਹ ਇਕ ਕੱਟੜ ਸ਼ਾਸਕ ਵੀ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੀ ਸਾਜ਼ਿਸ਼ ਦਾ ਜਦੋਂ ਬਾਦਸ਼ਾਹ ਅਕਬਰ ਨੂੰ ਪਤਾ ਲੱਗਾ ਤਾਂ ਬਾਦਸ਼ਾਹ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਮਾਧਿਅਮ ਰਾਹੀਂ 51 ਮੋਹਰਾਂ ਭੇਟ ਕਰਕੇ ਅਫਸੋਸ ਪ੍ਰਗਟ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਵੱਖ-ਵੱਖ ਇਤਿਹਾਸਕਾਰਾਂ ਨੇ ਕਈ ਕਾਰਨ ਦੱਸੇ ਹਨ। ਜਿਵੇਂ:- ਚੰਦੂ ਸ਼ਾਹ ਦੀ ਦੁਸ਼ਮਣੀ, ਪ੍ਰਿਥੀ ਚੰਦ ਦਾ ਗੁਰਗੱਦੀ, ਪ੍ਰਾਪਤ ਨਾ ਕਰ ਸਕਣਾ ਤੇ ਗੁਰੂ ਸਾਹਿਬ ਦਾ ਵਿਰੋਧ ਕਰਨਾ, ਬਾਗੀ ਸ਼ਹਿਜ਼ਾਦੇ, ਖੁਸਰੋ ਦੀ ਮਦਦ ਕਰਨਾ, ਪੰਥ ਦੋਖੀਆਂ ਵੱਲੋਂ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨਾ, ‘ਗੁਰੂ ਗ੍ਰੰਥ ਸਾਹਿਬ’ ਦੀ ਸੰਪਾਦਨਾ, ਬਾਦਸ਼ਾਹ ਜਹਾਂਗੀਰ ਦੀ ਨਿੱਜੀ ਸੋਚ ਨਾਲ ਜੁੜੇ ਕੁਝ ਨਿੱਜੀ ਕਾਰਨ, ਰਾਜਨੀਤਕ ਕਾਰਨ ਤੇ ਕੁਝ ਫੁਟਕਲ ਕਾਰਨ ਹਨ।

‘ਨਕਸ਼ਬੰਦੀ’ ਇਸਲਾਮ ਧਰਮ ਦਾ ਇਕ ਕੱਟੜ ਸੂਫੀ ਸਿਲਸਿਲਾ ਸੀ। ਸ਼ੇਖ ਅਹਿਮਦ ਸਰਹੰਦੀ ਇਹਨਾਂ ਦਾ ਮੁਖੀ ਸੀ। ਉਹ ਆਪਣੇ ਸਤਰ ਤੇ ਵਿਅਕਤਿਤਵ ਨੂੰ ਗੁਰੂ ਸਾਹਿਬ ਦੇ ਪੱਧਰ ਤੋਂ ਉਪਰ ਮੰਨਦਾ ਸੀ। ਗੁਰੂ ਅਰਜਨ ਦੇਵ ਜੀ ਪਾਸ ਇਕੱਤਰ ਹੁੰਦੀ ਬਹੁਗਿਣਤੀ ’ਚ ਸੰਗਤ ਤੇ ਸਿੱਖ ਧਰਮ ਦਾ ਹੁੰਦਾ ਫੈਲਾਅ ਦੇਖ ਕੇ ਤੇ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਅਖਵਾਏ ਜਾ ਰਹੇ ਸਿੱਖ ਧਰਮ ਤੋਂ, ਉਹ ਬਹੁਤ ਚਿੰਤਤ ਸੀ ਤੇ ਇਸ ਨੂੰ ਉਹ ਇਸਲਾਮ ਧਰਮ ਲਈ ਖ਼ਤਰੇ ਦੀ ਘੰਟੀ ਸਮਝਦਾ ਸੀ। ਦਿਨ ਪ੍ਰਤੀ ਦਿਨ ਸਿੱਖ ਧਰਮ ਦਾ ਫੈਲਾਅ ਹੋ ਰਿਹਾ ਸੀ। ਧਰਮਸਾਲਾਵਾਂ, ਬਾਉਲੀਆਂ ਅਤੇ ਗੁਰਦੁਆਰਿਆਂ ਦੇ ਨਾਲ-ਨਾਲ ਮੰਜੀਦਾਰ ਅਤੇ ਮਸੰਦ ਸੰਸਥਾ ਸਥਾਪਤ ਹੋ ਚੁੱਕੀ ਸੀ। ਚਾਰੇ ਵਰਣਾਂ ਦਾ ਉਪਦੇਸ਼ ਦੇਣ ਵਾਲੇ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਸਭ ਵਰਤਾਰੇ ਨੂੰ ਨਕਸ਼ਬੰਦੀ, ਕੱਟੜਪੰਥੀ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ। ਉਹ ਤਾਂ ਸਾਰੇ ਭਾਰਤ ਵਰਸ਼ ’ਚ ਇਸਲਾਮ ਦਾ ਹੀ ਬੋਲਬਾਲਾ ਦੇਖਣਾ ਚਾਹੁੰਦੇ ਸਨ। ਇਸੇ ਲਈ ਹੀ ਤਾਂ ਉਹਨਾਂ ਨੇ ਅਕਬਰ ਬਾਦਸ਼ਾਹ ਦੇ ਕਈ ਵਾਰ ਕੰਨ ਭਰੇ ਤੇ ਕਈ ਤੋਹਮਤਾਂ ਲਾਈਆਂ ਪਰ ਉਹਨਾਂ ਦੀ ਇਕ ਨਾ ਚੱਲੀ। ਜਦੋਂ 1605 ਈਸਵੀ ’ਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਤੇ ਰਾਜ ਗੱਦੀ ਪ੍ਰਾਪਤ ਕਰਨ ਲਈ ਕਈ ਧੜੇ ਬਣ ਗਏ ਤੇ ਲੜਾਈ ਝਗੜੇ ਸ਼ੁਰੂ ਹੋ ਗਏ। ਸਲੀਮ ਦੇ ਗੱਦੀ ਪ੍ਰਾਪਤ ਕਰਨ ’ਚ ਸ਼ੇਖ ਫਰੀਦ ਬੁਖਾਰੀ ਨੇ ਬਹੁਤ ਮਦਦ ਕੀਤੀ ਜੋ ਬਾਅਦ ’ਚ (ਸ਼ਹਿਜ਼ਾਦਾ ਸਲੀਮ ਤੋਂ ਜਹਾਂਗੀਰ) ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ਼ੇਖ ਫਰੀਦ ਬੁਖਾਰੀ ਖੁਦ ਇਕ ਨਕਸ਼ਬੰਦੀ ਪ੍ਰਥਾ ਦਾ ਮੁਖੀ ਸੀ, ਜਿਸ ਦਾ ਮੁਗਲ ਦਰਬਾਰ ’ਚ ਬੜਾ ਅਸਰ-ਰਸੂਖ ਸੀ। ਹੁਣ ਨਕਸ਼ਬੰਦੀਆਂ ਕੋਲ ਸੁਨਹਿਰੀ ਮੌਕਾ ਸੀ ਕਿ ਉਹ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ।

ਬਾਦਸ਼ਾਹ ਜਹਾਂਗੀਰ ਨੇ ਤਖਤ ’ਤੇ ਬੈਠਦਿਆਂ ਸਾਰ ਹੀ, ਇਸਲਾਮ ਧਰਮ ਦਾ ਪ੍ਰਸਾਰ ਕਰਨਾ, ਆਪਣਾ ਪਰਮ-ਧਰਮ ਸਮਝਿਆ। ਉਹ ਇਸਲਾਮ ਧਰਮ ਨੂੰ ਫੈਲਾਉਣ ਲਈ ਵਿਰੋਧੀਆਂ ਨੂੰ ਖਤਮ ਕਰਨ ਲਈ ਵਿਉਂਤਾਂ ਘੜਨ ਲੱਗਾ। ਸਭ ਤੋਂ ਪਹਿਲਾਂ ਉਸ ਨੇ ਅਕਬਰ ਦੁਆਰਾ ਚਲਾਏ ਗਏ ‘ਦੀਨ-ਏ-ਇਲਾਹੀ’ ਦੀ ਸਰਕਾਰੀ ਸਰਪ੍ਰਸਤੀ ਖਤਮ ਕੀਤੀ ਤੇ ਉਸ ਤੋਂ ਬਾਅਦ ਇਸਲਾਮ ਵਿਰੋਧੀਆਂ ਦਾ ਖਾਤਮਾ ਕਰਨ ਲਈ ਨੀਤੀ ਬਣਾਈ। ਅਕਬਰ ਦੇ ਸਮੇਂ ਗੁਰੂ ਸਾਹਿਬ ਦੇ ਸਬੰਧ, ਉਸ ਨਾਲ ਬੜੇ ਚੰਗੇ ਸਨ ਪਰ ਉਸ ਦੀ ਮੌਤ ਤੋਂ ਬਾਅਦ ਜਹਾਂਗੀਰ ਗੱਦੀ ਤੇ ਬੈਠਦਿਆਂ ਹੀ ਗੁਰੂ ਸਾਹਿਬ ਦੇ ਵਿਰੁੱਧ ਹੋ ਗਿਆ। ਸਿੱਖ ਧਰਮ ਵਿਰੁੱਧ, ਉਸ ਦੀ ਨੀਤੀ, ਆਪਣੀ ਸਵੈ-ਜੀਵਨੀ ‘ਤੁਜ਼ਕਿ-ਜਹਾਂਗੀਰੀ’ ਤੋਂ ਪਤਾ ਲੱਗਦਾ ਹੈ, ਜਿਸ ਵਿਚ ਉਹ ਆਪਣੀ ਬੁਰੀ ਨੀਅਤ ਖੁਦ ਬਿਆਨ ਕਰਦਾ ਹੈ ਕਿ ਗੋਇੰਦਵਾਲ, ਜਿਹੜਾ ਬਿਆਸ ਨਦੀ ਦੇ ਕੰਢੇ ’ਤੇ ਸਥਿਤ ਹੈ, ਪੀਰਾਂ ਫਕੀਰਾਂ ਦੇ ਲਿਬਾਸ ’ਚ (ਗੁਰੂ) ਅਰਜਨ ਨਾਮੀ ਇਕ ਹਿੰਦੂ ਫਕੀਰ ਸੀ। ਤਿੰਨ-ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਝੂਠ ਦੀ ਦੁਕਾਨ (ਦੁਕਾਨੇ ਬਾਤਲ) ਗਰਮ ਸੀ। ਕਈ ਚਿਰਾਂ ਤੋਂ ਮੇਰੇ ਦਿਲ ’ਚ ਖਿਆਲ ਆਉਂਦਾ ਹੈ ਕਿ ਇਸ ਝੂਠ ਦੇ ਵਿਪਾਰ ਨੂੰ, ਬੰਦ ਕਰ ਦੇਵਾਂ ਜਾਂ ਫਿਰ ਉਸ ਨੂੰ ਇਸਲਾਮ ’ਚ ਲੈ ਆਵਾਂ।’’

ਬਾਦਸ਼ਾਹ ਜਹਾਂਗੀਰ ਦੇ ਗੱਦੀ ਉਤੇ ਬੈਠਣ ਤੋਂ ਥੋੜ੍ਹਾ ਸਮਾਂ ਬਾਅਦ, ਉਸਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਉਹ ਲਾਹੌਰ ਨੂੰ ਭੱਜ ਨਿਕਲਿਆ। ਬਿਆਸ ਦਰਿਆ ਪਾਰ ਕਰਕੇ ਗੋਇੰਦਵਾਲ ਸਾਹਿਬ ਵਿਖੇ ਖੁਸਰੋ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਖੁਸਰੋ ਦੇ ਮੱਥੇ ’ਤੇ ਤਿਲਕ ਲਗਾਇਆ ਤੇ ਆਸ਼ੀਰਵਾਦ ਵੀ ਦਿੱਤਾ। ਇਸ ਮਿਲਾਪ ਨੂੰ ਜਹਾਂਗੀਰ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ, ਕਾਰਵਾਈ ਕਰਨ ਦੇ ਇਕ ਚੰਗੇ ਮੌਕੇ ਵਜੋਂ ਵਰਤਣ ਦਾ ਮਨ ਬਣਾਇਆ।

ਉਸਨੇ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਸਬੰਧੀ ਹੁਕਮ ਦਿੰਦਿਆਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਾਜ਼ਰ ਕਰਨ ਅਤੇ ਪਾਤਸ਼ਾਹ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਨ, ਮਾਲ ਅਸਬਾਬ ਜ਼ਬਤ ਕਰਕੇ ਡਰਾਉਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਜਰੀ ਕੀਤਾ। ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਯਾਸਾ-ਏ-ਸਿਆਸਤ ਦੇ ਕਾਨੂੰਨ ਅਧੀਨ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਤੱਤੀ ਤਵੀ ’ਤੇ ਬਿਠਾਇਆ, ਸੀਸ ਉਪਰ ਗਰਮ ਰੇਤ ਪਾਈ ਗਈ, ਦੇਗ ’ਚ ਉਬਾਲਿਆ ਗਿਆ। ਇਸ ਤਰ੍ਹਾਂ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ। ਅੰਤ 16 ਜੂਨ, 1606 ਈਸਵੀ ਨੂੰ ਰਾਵੀ ਦਰਿਆ ’ਚ ਰੋੜ੍ਹ ਦਿੱਤਾ ਗਿਆ। ਗੁਰੂ ਸਾਹਿਬ ਨੇ ਹਿਸ ਸਭ ਕੁਝ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹੋਇਆਂ ਜ਼ਾਲਮ ਹਕੂਮਤ ਦੇ ਹਰ ਤਸੀਹੇ ਨੂੰ ਆਪਣੇ ਪਿੰਡੇ ’ਤੇ ਜਰਿਆ। ਤੱਪਦੀ ਤਵੀ, ਉਨ੍ਹਾਂ ਦੇ ਸ਼ੀਤਲ ਸੁਭਾਅ ਦੇ ਸਾਹਮਣੇ, ਸੁੱਖਦਾਇਕ ਬਣ ਗਈ। ਤੱਪਦੀ ਰੇਤ ਨੇ ਵੀ ਉਹਨਾਂ ਦੀ ਨਿਸ਼ਠਾ ਨੂੰ ਭੰਗ ਨਹੀਂ ਕੀਤਾ। ਗੁਰੂ ਜੀ ਨੇ ਸਭ ਕਸ਼ਟ ਹੱਸਦੇ-ਹੱਸਦੇ ਬਰਦਾਸ਼ਤ ਕੀਤੇ ਅਤੇ ਪ੍ਰਮਾਤਮਾ ਅੱਗੇ ਇਹੀ ਅਰਦਾਸ ਕੀਤੀ:-

ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮ ਪਦਾਰਥ ਨਾਨਕ ਮਾਂਗੈ।।

ਜਹਾਂਗੀਰ ਬਾਦਸ਼ਾਹ ਖੁਦ ਆਪਣੀ ਸਵੈ ਜੀਵਨੀ ‘ਤੋਜ਼ਕਿ-ਜਹਾਂਗੀਰੀ’ ਵਿਚ ਮੰਨਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦੇ ਹੁਕਮ ਦਿੱਤੇ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧੀ ਤੋਂ ਉਸਨੂੰ ਬਹੁਤ ਈਰਖਾ ਸੀ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਕੌਮਾਂ ’ਚ ਬਹੁਤ ਹਰਮਨ ਪਿਆਰੇ ਸਨ, ਮੇਰਾ ਭਾਵ ਬਾਦਸ਼ਾਹ ਜਹਾਂਗੀਰ ਦੀ ਇਸਲਾਮ ਧਰਮ ਪ੍ਰਤੀ ਕੱਟੜਤਾ ਤੇ ਸਹਿਜ਼ਾਦਾ ਖੁਸਰੋ ਨੂੰ ਪਨਾਹ ਦੇਣਾ, ਗੁਰੂ ਅਰਜਨ ਦੇਵ ਜੀ ਦੇ ਕਤਲ ਦਾ ਮੁੱਖ ਕਾਰਨ ਹਨ। ਉਹ ਖੁਦ ਮੰਨਦਾ ਹੈ ਕਿ ਉਸ ਨੂੰ ਕੱਟੜ ਪੰਥੀਆਂ ਨੇ ਰੱਜ ਕੇ ਗੁੰਮਰਾਹ ਕੀਤਾ ਪਰ ਉਸ ਨੇ ਸਚਾਈ ਨੂੰ ਜਾਨਣ ਲਈ, ਬਾਦਸ਼ਾਹ ਨੇ ਕੋਈ ਕਦਮ ਨਹੀਂ ਚੁੱਕਿਆ ਤੇ ਨਾ ਹੀ ਪੂਰੇ ਹਾਲਾਤਾਂ ਤੇ ਕਾਰਨਾਂ ਦੀ ਘੋਖ ਕਰਨ ਦਾ ਯਤਨ ਕੀਤਾ। ਉਹ ਕੱਟੜ ਪੰਥੀਆਂ ਨੂੰ ਖੁਸ਼ ਕਰਨ ਲਈ ਗਲਤ ਕਦਮ (ਭਾਵ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ) ਕਰਨ ਦਾ ਚੁੱਕਿਆ। ਇਹ ਉਸ ਨੂੰ ਆਪਣੀ ਗਲਤੀ ਦਾ ਮਗਰੋਂ ਅਹਿਸਾਸ ਹੋਇਆ ਕਿ ਉਸ ਨੂੰ ਗੁੰਮਰਾਹ ਕਰਕੇ ਤੇ ਸਚਾਈ ਨਾ ਦੱਸ ਕੇ ਗੁਰੂ ਸਾਹਿਬ ਦਾ ਕਤਲ ਕਰਵਾਇਆ। ਇਹ ਮਹਿਸੂਸ ਕਰਨ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਗੁਰੂ ਹਰਗੋਬਿੰਦ ਜੀ ਨਾਲ ਨੇੜਤਾ ਕਰ ਲਈ।

ਇਸ ਅਦੁੱਤੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸਕ, ਸਿਧਾਂਤਕ ਤੇ ਵਿਹਾਰਕ ਰੂਪ ’ਚ ਤਬਦੀਲੀ ਲਿਆਂਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੱਦੀ ਉਤੇ ਬਿਰਾਜਮਾਨ ਹੋਣ ਸਮੇਂ, ਦੋ ਤਲਵਾਰਾਂ ਇਕ ‘ਮੀਰੀ’ ਦੀ ਅਤੇ ਇਕ ‘ਪੀਰੀ’ ਦੀ ਪਹਿਨੀਆਂ ਤਾਂ ਜੋ ਜਬਰ ਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਭਗਤੀ-ਸ਼ਕਤੀ ਦੇ ਪ੍ਰਤੀਕ ’ਸ੍ਰੀ ਅਕਾਲ ਤਖਤ ਸਾਹਿਬ’ ਦੀ ਸਥਾਪਨਾ ਕੀਤੀ। ਬੀਰ ਰਸੀ ਸਾਹਿਤ ’ਵਾਰਾਂ’ ਦਾ ਗਾਇਨ (ਢਾਡੀ ਪ੍ਰੰਪਰਾ) ਆਰੰਭ ਕਰਾਇਆ। ਮੁਗਲ ਫੌਜਾਂ ਦਾ ਮੈਦਾਨ-ਏ-ਜੰਗ ’ਚ ਡੱਟ ਕੇ ਸਾਹਮਣਾ ਕੀਤਾ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਸ਼ਹਾਦਤ ਨੇ ਸਿੱਖੀ ਜਜ਼ਬੇ ਅੰਦਰ ਐਸਾ ਉਤਸ਼ਾਹ ਭਰਿਆ ਕਿ ਸਿੱਖਾਂ ਅੰਦਰ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਅਹਿਸਾਸ ਪੈਦਾ ਹੋਇਆ। ਅੱਜ ਉਹਨਾਂ ਦੇ ਸ਼ਹੀਦੀ ਪੁਰਬ ’ਤੇ ਉਹਨਾਂ ਨੂੰ ਯਾਦ ਕਰਨ ਦਾ ਅਰਥ ਹੈ, ਉਸ ਧਰਮ ਨਿਰਪੱਖ ਵਿਚਾਰਧਾਰਾ ਨੂੰ ਮਾਨਤਾ ਦੇਣਾ ਜਿਸ ਦਾ ਸਮਰਥਨ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਕੀਤਾ ਹੈ।

ਉਹਨਾਂ ਨੇ ਸੰਦੇਸ਼ ਦਿੱਤਾ ਸੀ ਕਿ ਮਹਾਨ ਕਦਰਾਂ ਕੀਮਤਾਂ ਦੇ ਲਈ, ਆਤਮ ਬਲੀਦਾਨ ਦੇਣ ਲਈ ਮਾਨਵ ਨੂੰ ਸਦਾ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਕੌਮ ਤੇ ਰਾਸ਼ਟਰ ਆਪਣੇ ਗੌਰਵ ਨਾਲ ਜਿੰਦਾ ਰਹਿ ਸਕਦੇ ਹਨ। ਉਹਨਾਂ ਦੀ ਸ਼ਹੀਦੀ ਨਾਲ ਸਿੱਖ ਕੌਮ ਨੂੰ ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ ਤੇ ਜ਼ੁਲਮ ਦਾ ਟਾਕਰਾ ਕਰਨ ਲਈ, ਨਵੀਂ ਸੋਚ ਦਾ ਆਧਾਰ ਮਿਲਿਆ ਜੋ ਅੱਗੇ ਚੱਲ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ’ਚ ’ਪੰਜ-ਪਿਆਰਿਆਂ’ ਦੀ ਸਥਾਪਨਾ ਕਰਕੇ ‘ਪੰਥ-ਖਾਲਸਾ’ ਦੇ ਰੂਪ ’ਚ ਪ੍ਰਗਟ ਹੋਇਆ। ਮੇਰੀ ਸਮੂਹ ਮਾਨਵਤਾ ਨੂੰ ਪੁਰਜ਼ੋਰ ਸ਼ਬਦਾਂ ’ਚ ਬੇਨਤੀ ਹੈ ਕਿ ਅੱਜ ਗੁਰੂ ਸਾਹਿਬ ਜੀ ਦੇ ਸ਼ਹੀਦੀ ਪੁਰਬ ’ਤੇ ਉਹਨਾਂ ਨੂੰ ਯਾਦ ਕਰਦਿਆਂ ਮਨੁੱਖੀ ਅਧਿਕਾਰਾਂ, ਅੱਨਿਆ ਵਿਰੁੱਧ ਚੇਤਨਤਾ, ਜਾਤ-ਪਾਤ ਦਾ ਖੰਡਨ, ਮਨੁੱਖੀ ਬਰਾਬਰੀ ਲਈ ‘ਸਮਾਜਿਕ-ਬਰਾਬਰੀ’ ਦੇ ਸਿਧਾਂਤ ’ਤੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਹਿੱਸਾ ਬਣਾਈਏ।

# ਅਮਰੀਕੀ ਰਾਜਦੂਤ ਸ੍ਰੀ ਹਰਿਮੰਦਰ ਸਾਹਿਬ ਖਾਲਸਾ ਕਾਲਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਹੁੰਚੇ

(ਪਹਿਲੇ ਸਫੇ ਦੀ ਬਾਕੀ)

ਦੇਸ਼ਾਂ ਵਿਚ ਜਿਨ੍ਹਾਂ ਵਿਚ ਅਮਰੀਕਾ, ਨਿਊਜ਼ੀਲੈਂਡ, ਯੂਨਾਨ , ਇੰਗਲੈਂਡ ਆਦਿ ਸ਼ਾਮਲ ਹੈ, ਵਿਖੇ ਸਿੱਖਾਂ 'ਤੇ ਕਿਰਪਾਨ ਪਹਿਨਣ ਤੇ ਰੋਕ ਲਾਈ ਹੋਈ ਹੈ। ਜਦੋਂਕਿ ਅੰਮ੍ਰਿਤਧਾਰੀ ਸਿਖ ਲਈ ਕ੍ਰਿਪਾਨ ਪਹਿਨਣਾ ਸਿਖ ਸਿਧਾਂਤਾਂ ਦਾ ਹਿੱਸਾ ਹੈ।

ਇਸ ਮਾਮਲੇ ਵਿਚ ਰਾਜਦੂਤ ਸ੍ਰੀ ਵਰਮਾ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਯੋਗ ਕਾਰਵਾਈ ਦਾ ਭਰੋਸਾ ਦਿੱਤਾ ਹੈ। ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਸਮੇਂ ਉਨ੍ਹਾਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਦੇ ਪੁਰਖੇ ਭਾਰਤ ਨਾਲ ਸਬੰਧਤ ਸਨ, ਦੇਸ਼ ਦੀ ਵੰਡ ਤੋਂ ਪਹਿਲਾਂ ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਵਿਖੇ ਰਹਿੰਦਾ ਸੀ ਅਤੇ ਦੇਸ਼ ਵੰਡ ਮਗਰੋਂ ਜਲੰਧਰ ਸਥਿਤ ਬਸਤੀ ਸ਼ੇਖ ਵਿਖੇ ਆ ਗਏ। ਕੁਝ ਵਰ੍ਹੇ ਇਥੇ ਰਹਿਣ ਮਗਰੋਂ ਉਨ੍ਹਾਂ ਦਾ ਪਰਿਵਾਰ ਅਮਰੀਕਾ ਚਲਾ ਗਿਆ ਅਤੇ ਉਸ ਵੇਲੇ ਤੋਂ ਉਥੇ ਹੀ ਵੱਸੇ ਹੋਏ ਹਨ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਬਾਰੇ ਵੀ ਧਿਆਨ ਪੂਰਵਕ ਜਾਣਕਾਰੀ ਹਾਸਲ ਕੀਤੀ। ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਪੰਗਤ ਵਿਚ ਬੈਠ ਕੇ ਉਨ੍ਹਾਂ ਕਈ ਸ਼ਰਧਾਲੂਆਂ ਨਾਲ ਗੱਲਬਾਤ ਕੀਤੀ ਅਤੇ ਇਸ ਪ੍ਰਥਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਕੁਝ ਦੇਰ ਸੱਚਖੰਡ ਵਿਖੇ ਖੜੇ ਰਹਿ ਕੇ ਕੀਰਤਨ ਦਾ ਵੀ ਅਨੰਦ ਮਾਣਿਆ। ਉਪਰੰਤ ਸੂਚਨਾ ਕੇਂਦਰ ਵਿਖੇ ਯਾਤਰੂ ਕਿਤਾਬ ਵਿਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਲਿਖਿਆ ਕਿ ਇਹ ਰੂਹਾਨੀ ਅਸਥਾਨ ਸਭ ਧਰਮਾਂ ਦਾ ਸਾਂਝਾ ਅਸਥਾਨ ਹੈ ਅਤੇ ਇਥੇ ਦਰਸ਼ਨ ਕਰਨ ਨਾਲ ਮਨ ਨੂੰ ਸਕੂਨ ਤੇ ਸ਼ਾਂਤੀ ਪ੍ਰਾਪਤ ਹੋਈ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕੀਤਾ। ਇਸ ਮੌਕੇ ਉਨ੍ਹਾਂ ਨੂੰ ਸੂਚਨਾ ਅਧਿਕਾਰੀ ਗੁਰਬਚਨ ਸਿੰਘ ਤੇ ਜਸਵਿੰਦਰ ਸਿੰਘ ਜੱਸੀ ਨੇ ਸਿੱਖ ਧਰਮ ਬਾਰੇ ਹੋਰ ਜਾਣਕਾਰੀ ਵੀ ਦਿੱਤੀ। ਉਨ੍ਹਾਂ ਸਨਮਾਨਿਤ ਵੀ ਕੀਤਾ ਗਿਆ। ਇਸਤੋਂ ਬਾਅਦ ਖ਼ਾਲਸਾ ਕਾਲਜ ਵਿਚ ਆਪਣੀ ਫ਼ੇਰੀ ਦੌਰਾਨ ਪੰਜਾਬ ਦੇ ਅਮੀਰ ਵਿਰਸੇ ਅਤੇ ਇਤਿਹਾਸ ਨੂੰ ਡੂੰਘਾਈ ਨਾਲ ਵਾਚਿਆ। ਉਨ੍ਹਾਂ ਕਾਲਜ ਸਥਿਤ ਸਿੱਖ ਇਤਿਹਾਸ ਖੋਜ ਵਿਭਾਗ ਅਤੇ ਅਜਾਇਬ ਘਰ ਪਹੁੰਚ ਕੇ 17 ਤੇ 18ਵੀਂ ਸਦੀ ਨਾਲ ਸਬੰਧਤ ਦੁਰਲੱਭ ਖਰੜਿਆਂ, ਕਿਤਾਬਾਂ, ਦਸਤਾਵੇਜ਼ਾਂ ਅਤੇ ਤਸਵੀਰਾਂ ਨੂੰ ਗਹੁ ਨਾਲ ਵੇਖਣ ਉਪਰੰਤ ਇਸ ਨੂੰ ਮਹਾਨ ਵਿਰਾਸਤੀ ਖ਼ਜ਼ਾਨਾ ਦੱਸਿਆ।

ਉਨ੍ਹਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਦੇ ਆਪਸੀ ਤਾਲਮੇਲ ਨਾਲ ਜਿੱਥੇ ਵੱਖ ਵੱਖ ਸਮਾਜਾਂ 'ਚ ਸਾਂਝ ਪੈਂਦੀ ਹੈ, ਉੱਥੇ ਦੁਨਿਆਵੀ ਸੇਧ ਪ੍ਰਦਾਨ ਕਰਨ 'ਚ ਵੀ ਇਹ ਅਹਿਮ ਯੋਗਦਾਨ ਪਾਉਂਦੀਆਂ ਹਨ। ਅਮਰੀਕੀ ਰਾਜਦੂਤ ਨੇ ਸੰਨ 1892 ਦੀ ਬਣੀ ਕਾਲਜ ਦੀ ਅਦਭੁਤ ਇਮਾਰਤ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪੰਜਾਬ ਦਾ ਇਤਿਹਾਸ ਗੌਰਵਮਈ ਹੈ ਅਤੇ ਇੱਥੋਂ ਦੇ ਲੋਕਾਂ ਨੇ ਹਮੇਸ਼ਾਂ ਅੱਗੇ ਵਧ ਕੇ ਭਾਰਤੀ ਉਪ ਮਹਾਂਦੀਪ ਦੀ ਅਗਵਾਈ ਕੀਤੀ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਦੇ ਕਾਲਜ ਪੁੱਜਣ 'ਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਤੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਸ਼ਾਨਦਾਰ ਸਵਾਗਤ ਕੀਤਾ। ਕਾਲਜ ਦੇ ਵਿਦਿਆਰਥੀਆਂ ਨੇ ਰੰਗ-ਬਿਰੰਗੇ ਪਹਿਰਾਵੇ ਪਹਿਨ ਕੇ ਭੰਗੜਾ ਤੇ ਗਿੱਧਾ ਜਿਹੇ ਲੋਕ ਨਾਚ ਪੇਸ਼ ਕੀਤੇ। ਇਸ ਤੋਂ ਪ੍ਰਭਾਵਿਤ, ਸ੍ਰੀ ਵਰਮਾ ਨੇ ਪ੍ਰੋਟੋਕੋਲ ਤੋੜਦਿਆਂ ਇਨ੍ਹਾਂ ਵਿਦਿਆਰਥੀਆਂ ਦਰਮਿਆਨ ਪਹੁੰਚ ਕੇ ਪੰਜਾਬੀ ਲੋਕ ਨਾਚ ਬਾਰੇ ਜਾਣਕਾਰੀ ਹਾਸਲ ਕੀਤੀ। ਕਾਲਜ ਮੈਨੇਜਮੈਂਟ ਨੇ ਸ੍ਰੀ ਵਰਮਾ ਨੂੰ ਇਕ ਲਿਖਤੀ ਪ੍ਰਸਤਾਵ ਪੇਸ਼ ਕਰਦਿਆਂ ਅਮਰੀਕੀ ਵਿੱਦਿਅਕ ਅਦਾਰਿਆਂ ਨਾਲ ਕਾਲਜ ਵੱਲੋਂ ਖੋਜ ਅਤੇ ਵਿੱਦਿਆ ਦੇ ਖੇਤਰ 'ਚ ਆਪਸੀ ਤਾਲਮੇਲ ਕਰਨ ਦੀ ਪੇਸ਼ਕਸ਼ ਕੀਤੀ। ਇਸ 'ਤੇ ਸ੍ਰੀ ਵਰਮਾ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੇ ਅਦਾਰਿਆਂ ਵਿਚਕਾਰ ਸਹਿਯੋਗ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ। ਸ੍ਰੀ ਛੀਨਾ ਨੇ ਕਿਹਾ ਕਿ ਕਾਲਜ 'ਚ ਖੇਤੀਬਾੜੀ, ਬਾਇਓ-ਟੈਕਨਾਲੋਜੀ ਵਿਭਾਗ ਇਸ ਤਰ੍ਹਾਂ ਦਾ ਤਾਲਮੇਲ ਕਰਨ 'ਚ ਅਗਵਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਨੇਜਮੈਂਟ, ਵੈਟਰਨਰੀ ਸਾਇੰਸ, ਇੰਜਨੀਅਰਿੰਗ, ਫ਼ਾਰਮੇਸੀ ਜਿਹੇ ਕੋਰਸ ਕਾਲਜ ਵਿੱਚ ਚਲਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਵੀ ਸਹਿਯੋਗ ਦੀਆਂ ਸੰਭਾਵਨਾਵਾਂ ਹਨ। ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਇਸ ਮੌਕੇ ਅਮਰੀਕੀ ਅਤੇ ਭਾਰਤੀ ਸਿੱਖਿਅਤ ਸੰਸਥਾਵਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਾਂਝੇ ਵਿੱਦਿਅਕ ਦੌਰਿਆਂ ਬਾਰੇ ਵੀ ਜ਼ਿਕਰ ਕੀਤਾ। ਸ੍ਰੀ ਵਰਮਾ ਨੇ ਕਾਲਜ ਦੀ 'ਮਹਿਮਾਨ ਬੁੱਕ' ਵਿੱਚ ਲਿਖਿਆ ਕਿ 'ਉਹ ਧੰਨਵਾਦੀ ਹਨ ਇਸ ਇਤਿਹਾਸਕ ਅਤੇ ਮਹੱਤਵਪੂਰਨ ਸੰਸਥਾ 'ਚ ਸ਼ਾਨਦਾਰ ਸਵਾਗਤ ਦੇ'। ਇਹ ਉੱਚ ਪੱਧਰੀ ਅਦਾਰਾ ਇਸੇ ਤਰ੍ਹਾਂ ਨਾ-ਸਿਰਫ਼ ਭਾਰਤ ਸਗੋਂ ਏਸ਼ੀਆ ਦੇ ਹੋਰ ਮਹਾਂਦੀਪਾਂ ਦੇ ਭਵਿੱਖ ਦੇ ਲੀਡਰ ਪੈਦਾ ਕਰੇਗਾ। ਉਨ੍ਹਾਂ ਨਾਲ ਐਬੰਸੀ ਤੋਂ ਜੈਸਿਕਾ ਐਡਵਰਡਸਨ, ਜੋਨਾਥਨ ਕੈਸਲਰ, ਜੂ ਕਰੋਜਿਚ ਮੌਜੂਦ ਸਨ ਜਦਕਿ ਕਾਲਜ ਵੱਲੋਂ ਡੀਨ ਅਕਾਦਮਿਕ ਪ੍ਰੋ. ਨਵਨੀਨ ਬਾਵਾ, ਰਜਿਸਟਰਾਰ ਪ੍ਰੋ. ਦਵਿੰਦਰ ਸਿੰਘ, ਅੰਡਰ ਸੈਕਟਰੀ ਡੀ. ਐਸ. ਰਟੌਲ ਮੌਜੂਦ ਸਨ। ਇਸ ਦੌਰਾਨ ਸਿੱਖਿਆ ਅਤੇ ਵਪਾਰ ਦੀਆਂ ਸੰਭਾਵਨਾਵਾਂ ਨੂੰ ਉਤਸ਼ਾਹਿਤ ਕਰਨ ਲਈ ਅਮਰੀਕਾ ਦੇ ਭਾਰਤ ਵਿੱਚ ਰਾਜਦੂਤ ਰਿਚਰਡ ਆਰ ਵਰਮਾ ਨੇ ਅੱਜ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਵਾਨਾਂ ਤੇ ਅਧਿਆਪਕਾਂ ਨੂੰ ਸੰਬੋਧਨ ਕੀਤਾ। ਇਹ ਵਿਸ਼ੇਸ਼ ਪ੍ਰੋਗਰਾਮ ਅਮਰੀਕਨ ਅੰਬੈਸੀ ਵੱਲੋਂ ਯੂਨੀਵਰਸਿਟੀ ਦੇ ਕਾਨਫਰੰਸ ਹਾਲ ਵਿਖੇ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਵਿਦਿਆਰਥੀ ਤੇ ਅਧਿਆਪਕ ਵੱਡੀ ਗਿਣਤੀ ਵਿਚ ਹਾਜ਼ਰ ਸਨ।ਸ੍ਰੀ ਵਰਮਾ ਨੇ ਯੂਨੀਵਰਸਿਟੀ ਦੀਆਂ ਸਰਵਪੱਖੀ ਪ੍ਰਾਪਤੀਆਂ ਦੀ ਵਧਾਈ ਦਿੱਤੀ ਅਤੇ ਅਮਰੀਕਾ ਵਿੱਚ ਸੰਭਾਵੀ ਖੇਤਰਾਂ ਵਿੱਚ ਰੋਜ਼ਗਾਰ ਅਤੇ ਵਪਾਰ ਦੀਆਂ ਸੰਭਾਵਨਾਵਾਂ ਤੋਂ ਇਲਾਵਾ ਸਿਖਿਆ ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਸ ਦੌਰੇ ਦਾ ਮੁੱਖ ਉਦੇਸ਼ ਅਮਰੀਕਾ ਦੀਆਂ ਨੀਤੀਆਂ ਬਾਰੇ ਆਮ ਲੋਕਾਂ ਨੂੰ ਜਾਣੂ ਕਰਵਾਉਣਾ ਤੇ ਆਪਸੀ ਤਾਲਮੇਲ ਨੂੰ ਵਧਾਉਣਾ ਹੈ। ਉਨ੍ਹਾਂ ਨੇ ਵਿਸ਼ਵ ਦੀਆਂ ਦੋਵੇਂ ਵੱਡੀਆਂ ਲੋਕਤੰਤਰੀ ਸਰਕਾਰਾਂ ਵਿਚਕਾਰ ਆਪਸੀ ਤਾਲਮੇਲ ਅਤੇ ਸਾਂਝੇਦਾਰੀ ਦੀਆਂ ਸੰਭਾਵਨਾਵਾਂ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਦੇਸ਼ ਰਲ ਕੇ ਕੰਮ ਕਰਨਗੇ ਤਾਂ ਨਾ ਸਿਰਫ ਦੋਵਾਂ ਨੂੰ ਲਾਭ ਸਗੋਂ ਪੂਰੇ ਵਿਸ਼ਵ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਵਿਕਾਸ ਵਿੱਚ ਭਾਰਤੀ ਭਾਈਚਾਰੇ ਦਾ ਵਡਮੁੱਲਾ ਯੋਗਦਾਨ ਹੈ ਅਤੇ ਭਾਰਤੀ ਅਮਰੀਕਾ ਦੇ ਹਰ ਖੇਤਰ ਵਿੱਚ ਮੌਜੂਦ ਹਨ। ਅਮਰੀਕਾ ਸਰਕਾਰ ਵੱਲੋਂ ਭਾਰਤ ਦਾ ਰਾਜਦੂਤ ਨਿਯੁਕਤ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਦੋਵਾਂ ਮੁਲਕਾਂ ਦੀ ਨੇੜਤਾ ਵਧੇਗੀ ਅਤੇ ਸਬੰਧ ਮਜ਼ਬੂਤ ਹੋਣਗੇ। ਉਨ੍ਹਾਂ ਪਰਮਾਣੂ ਸੰਧੀ,ਬੌਧਿਕ ਸੰਪਦਾ ਹੱਕਾਂ, ਭਾਰਤ-ਪਾਕਿ ਸਬੰਧ ਅਤੇ ਆਲਮੀ ਦਹਿਸ਼ਤਵਾਦ ਬਾਰੇ ਪੁੱਛੇ ਗਏ ਸੁਆਲਾਂ ਦੇ ਜੁਆਬ ਵੀ ਦਿੱਤੇ।

# ਬੰਦੀ ਸਿੰਘ ਰਿਹਾਈ ਮਾਮਲਾ: ਬਾਦਲ ਦੀ ਕੋਠੀ ਸਾਹਮਣੇ ਧਰਨਾ ਦੇਣ ਜਾ ਰਹੇ ਸਿੱਖ ਮੋਹਾਲੀ ਪੁਲਿਸ ਵੱਲੋਂ ਸਿੱਖ ਗ੍ਰਿਫਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ/ ਮੋਹਾਲੀ–** ਅੱਜ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਪ੍ਰਦਰਸ਼ਨਕਾਰੀਆ ਂਨੇ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਇੱਕ ਰੈਲੀ ਕੀਤੀ ਅਤੇ ਅਰਦਾਸ ਕਰਨ ਤੋਂ ਬਾਅਦ ਸੈਕੜੈ ਸਿੱਖਾਂ ਨੇ ਚੰਡੀਗੜ੍ਹ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ। ਪ੍ਰਦਰਸ਼ਨਕਾਰੀ ਸਿੱਖ ਜਦੋਂ ਚੰਡੀਗੜ੍ਹ-ਮੋਹਾਲੀ ਹੱਦ ਲੰਘਣ ਲੱਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਮੋਹਾਲੀ ਪੁਲਿਸ ਨੇ 250 ਤੋਂ ਵੱਧ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰਿਫਤਾਰ ਸਿੱਖਾਂ ਵਿੱਚ ਕਈ ਬੀਬੀਆਂ ਵੀ ਸਨ। ਵਰਨਣਯੋਗ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਦੀ ਹਮਾਇਤ ਲਈ ਸੰਘਰਸ਼ ਕਮੇਟੀ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਹੋਇਆ ਸੀ। ਅੱਜ ਦੇ ਇਸ ਰੋਸ ਮੁਜ਼ਹਾਰੇ ਕਰਕੇ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਅਤੇ ਗੁਰਦੁਆਰਾ ਸਾਹਿਬ ਤੋਂ ਚੰਡੀਗੜ੍ਹ ਨੂੰ ਜਾਂਦੀ ਸੜਕ'ਤੇ ਪੁਲਿਸ ਦਾ ਤਕੜਾ ਪਹਿਰਾ ਲੱਗਿਆ ਹੋਇਆ ਸੀ। ਪੁਲਿਸ ਨੇ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ ਵਿੱਚ ਵੜਨ ਤੋਂ ਰੋਕਣ ਲਈ ਚੰਡੀਗੜ੍ਹ-ਮੋਹਾਲੀ ਸਰਹੱਦ 'ਤੇ ਨਾਕਾ ਲਾਇਆ ਹੋਇਆ ਸੀ। ਸਿੱਖ ਪ੍ਰਦਰਸ਼ਨਕਾਰੀਆਂਨੇ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਇੱਕ ਰੈਲੀ ਕੀਤੀ ਅਤੇ ਅਰਦਾਸ ਕਰਨ ਤੋਂ ਬਾਅਦ ਸੈਕੜੈ ਸਿੱਖਾਂ ਨੇ ਚੰਡੀਗੜ੍ਹ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ।ਪ੍ਰਦਰਸ਼ਨਕਾਰੀ ਸਿੱਖ ਜਦੋਂ ਚੰਡੀਗੜ੍ਹ-ਮੋਹਾਲੀ ਹੱਦ ਲੰਘਣ ਲੱਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਸੂਤਰਾਂ ਨੇ ਸਿੱਖ ਸਿਆਸਤ ਨੂੰ ਦੱਸਿਆ ਕਿ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਗਿਣਤੀ ਦੋ ਤੋਂ ਤਿੰਨ ਸੌ ਦੇ ਵਿਚਕਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਈ ਸਿੱਖ ਜੋ ਰੋਸ ਮੁਜ਼ਹਾਰੇ ਵਿੱਚ ਹਿੱਸਾ ਨਹੀਂ ਲੈ ਰਹੇ ਸਨ, ਵੀ ਗ੍ਰਿਫਤਾਰ ਕਰ ਲਏ ਗਏ।



# ਗੁਰੂਆਂ ਦੀਆਂ ਪਵਿਤਰ ਦੁਰਲੱਭ ਨਿਸ਼ਾਨੀਆਂ ਦਾ ਰਾਜਨੀਤੀਕਰਨ ਮੰਦਭਾਗਾ

ਧਿਆਨ ਉਧਰੋਂ ਹਟਾਉਣ ਲਈ ਇਹ ਯਾਤਰਾ ਸ਼ੁਰੂ ਕਰ ਦਿੱਤੀ। ਅਕਾਲੀ ਦਲ ਮੁਸ਼ਕਲ ਦੇ ਸਮੇਂ ਵਿਚ ਹਮੇਸ਼ਾ ਧਰਮ ਦੀ ਆੜ ਦਾ ਆਸਰਾ ਲੈਂਦਾ ਹੈ। ਧਾਰਮਿਕ ਯਾਤਰਾ ਸ਼ੁਰੂ ਕਰਨੀ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਪਹਿਲਾਂ ਕਿਉਂ ਪਵਿਤਰ ਨਿਸ਼ਾਨੀਆਂ ਨੂੰ ਅਣਡਿਠ ਕੀਤਾ ਗਿਆ?

ਹੀਰਾ ਮਹਿਲ ਨਾਭਾ ਵਾਲਾ ਇਹ ਗੁਰਦੁਆਰਾ ਸਾਹਿਬ ਆਮ ਲੋਕਾਂ ਦੇ ਦਰਸ਼ਨਾ ਲਈ 1967 ਵਿਚ ਖੋਲ੍ਹਿਆ ਗਿਆ ਸੀ। ਨਾਭਾ ਰਿਆਸਤ ਦੇ 8ਵੇਂ ਮਹਾਰਾਜਾ ਪ੍ਰਤਾਪ ਸਿੰਘ ਨੇ ਆਪਣੀ ਕੁਝ ਜਾਇਦਾਦ ਦੀ ਵਸੀਅਤ ਦੋ ਟਰੱਸਟਾਂ ਦੇ ਨਾਂ ਕਰ ਦਿੱਤੀ, ਜਿਨ੍ਹਾਂ ਵਿਚੋਂ ਇੱਕ ਟਰੱਸਟ ਪੰਜਾਬ ਪਬਲਿਕ ਸਕੂਲ ਨਾਭਾ ਚਲਾਉਂਦੀ ਹੈ ਅਤੇ ਦੂਜੀ ਗੁਰਦੁਆਰਾ ਸਿਰੋਪਾਓ ਟਰੱਸਟ ਜਿਹੜੀ ਗੁਰਦੁਆਰਾ ਸਾਹਿਬ ਦਾ ਕੰਮ ਕਾਜ਼ ਵੇਖਦੀ ਹੈ, ਜਿਸ ਵਿਚ ਇਹ ਨਿਸ਼ਾਨੀਆਂ ਪਈਆਂ ਸਨ। ਮਹਾਰਾਜਾ ਪ੍ਰਤਾਪ ਸਿੰਘ 22 ਜੁਲਾਈ 1995 ਨੂੰ ਸਵਰਗ ਸਿਧਾਰ ਗਏ। ਉਸ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਟਿੱਕਾ ਹਨੂੰਮੰਤ ਸਿੰਘ ਨੂੰ ਉਨ੍ਹਾਂ ਦਾ ਵਾਰਸ ਹੋਣ ਕਰਕੇ ਇਹ ਦੋ ਇਮਾਰਤਾਂ ਜਿਨ੍ਹਾਂ ਦੀ ਵਸੀਅਤ ਮਹਾਰਾਜਾ ਪ੍ਰਤਾਪ ਸਿੰਘ ਨੇ ਕਰਵਾਈ ਹੋਈ ਸੀ ਸੀ ਨੂੰ ਛੱਡ ਕੇ (ਇੱਕ ਹੀਰਾ ਮਹਿਲ ਦਾ ਗਰਾਊਂਡ ਫਲੋਅਰ ਜਿਸ ਵਿਚ ਮਹਾਰਾਜਾ ਪ੍ਰਤਾਪ ਸਿੰਘ ਟਰੱਸਟ ਜਿਹੜੀ ਪੰਜਾਬ ਪਬਲਿਕ ਸਕੂਲ ਚਲਾਉਂਦੀ ਹੈ ਦਾ ਦਫਤਰ ਹੈ ਅਤੇ ਦੂਜੀ ਪਹਿਲੀ ਮੰਜਲ ਗੁਰਦੁਆਰਾ ਸਿਰੋਪਾਓ ਟਰੱਸਟ ਜਿਸ ਵਿਚ ਗੁਰਦੁਆਰਾ ਸਾਹਿਬ ਹੈ), ਬਾਕੀ ਸਾਰੀ ਜਾਇਦਾਦ ਦਾ ਉਹ ਮਾਲਕ ਬਣ ਗਿਆ। ਏਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਟਿੱਕਾ ਹਨੂੰਮੰਤ ਸਿੰਘ ਮੱਧ ਪ੍ਰਦੇਸ਼ ਦੇ ਸ਼ਾਹੀ ਪਰਿਵਾਰ ਵਿਚ ਵਸੁੰਦਰਾ ਰਾਜੇ ਸਿੰਧੀਆ ਨੂੰ ਵਿਆਹਿਆ ਹੋਇਆ ਹੈ, ਜੋ ਅੱਜ ਕਲ੍ਹ ਰਾਜਸਥਾਨ ਦੀ ਮੁਖ ਮੰਤਰੀ ਹੈ। ਹਨੂੰਮੰਤ ਸਿੰਘ 2000 ਵਿਚ ਹੀਰਾ ਮਹਿਲ ਨੂੰ ਨਾਭਾ ਦੇ ਭਾਰਤੀ ਜਨਤਾ ਪਾਰਟੀ ਦੇ ਵਪਾਰੀ ਓਮ ਪ੍ਰਕਾਸ਼ ਜਿੰਦਲ ਨੂੰ ਵੇਚ ਗਿਆ ਅਤੇ ਇਹ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਆਪਣੇ ਨਾਲ ਦਿੱਲੀ ਲੈ ਗਿਆ। ਓਮ ਪ੍ਰਕਾਸ਼ ਜਿੰਦਲ ਨੇ ਇਹ ਗੁਰਦੁਆਰਾ ਸਾਹਿਬ ਬੰਦ ਕਰ ਦਿੱਤਾ। ਨਾਭਾ ਪਬਲਿਕ ਸੋਸਾਇਟੀ ਨੇ ਪਵਿਤਰ ਦੁਰਲਭ ਨਿਸ਼ਾਨੀਆਂ ਟਿੱਕਾ ਹਨੂੰਮੰਤ ਸਿੰਘ ਵੱਲੋਂ ਨਾਭੇ ਤੋਂ ਲਿਜਾਣ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਕਰ ਦਿੱਤਾ ਜਿਸਦਾ ਫ਼ੈਸਲਾ 19 ਦਸੰਬਰ 2013 ਨੂੰ ਜਸਟਿਸ ਸੰਜੇ ਕੌਲ ਮੁਖ ਜਸਟਿਸ ਅਤੇ ਜਸਟਿਸ ਏ.ਸੀ.ਮਸੀਹ ਦੇ ਡਬਲ ਬੈਂਚ ਨੇ ਸੁਣਾਇਆ। ਹਾਈ ਕੋਰਟ ਨੇ ਫ਼ੈਸਲੇ ਵਿਚ ਇਹ ਪਵਿਤਰ ਨਿਸ਼ਾਨੀਆਂ ਪੰਜਾਬ ਸਰਕਾਰ ਨੂੰ ਸੌਂਪਣ ਦੇ ਹੁਕਮ ਕਰ ਦਿੱਤੇ ਅਤੇ ਨਾਲ ਹੀ ਇਨ੍ਹਾਂ ਨਿਸ਼ਾਨੀਆਂ ਨੂੰ ਨਾਭਾ ਵਿਖੇ ਹੀ ਸ਼ਸ਼ੋਭਤ ਕਰਨ ਦਾ ਹੁਕਮ ਵੀ ਕੀਤਾ। ਪੰਜਾਬ ਸਰਕਾਰ ਨੇ ਇਹ ਨਿਸ਼ਾਨੀਆਂ ਟਿੱਕਾ ਹਨੂੰਮੰਤ ਸਿੰਘ ਤੋਂ ਲੈ ਕੇ ਕਿਲਾ ਮੁਬਾਰਕ ਪਟਿਆਲਾ ਦੇ ਇੱਕ ਕਮਰੇ ਵਿਚ ਰੱਖ ਦਿੱਤੀਆਂ, ਜਿਥੇ ਇਹ ਪਈਆਂ ਰਹੀਆਂ। ਅਖ਼ਬਾਰਾਂ ਵਿਚ ਇਸ ਗੱਲ ਦਾ ਰੋਸ ਪ੍ਰਕਾਸ਼ਤ ਹੁੰਦੇ ਰਹੇ ਕਿ ਪਵਿਤਰ ਨਿਸ਼ਾਨੀਆਂ ਇਸ ਤਰ੍ਹਾਂ ਕਿਉਂ ਰੱਖੀਆਂ ਗਈਆਂ ਹਨ? ਸਰਕਾਰ ਨੇ ਗੌਲਿਆ ਹੀ ਨਹੀਂ। ਨਾਭਾ ਪਬਲਿਕ ਸੋਸਾਇਟੀ ਨੇ ਹਾਈ ਕੋਰਟ ਵਿਚ ਕੰਟੈਂਪਟ ਆਫ ਕੋਰਟ ਕੇਸ ਕਰ ਦਿੱਤਾ ਜਿਹੜਾ ਅਜੇ ਲਟਕ ਰਿਹਾ ਹੈ।

ਇਸ ਸਾਰੀ ਵਿਚਾਰ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਸਾਹਿਬਾਨ ਦੀਆਂ ਪਵਿਤਰ ਦੁਰਲੱਭ ਨਿਸ਼ਾਨੀਆਂ ਦੀ ਧਾਰਮਿਕ ਯਾਤਰਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਇਸ ਯਾਤਰਾ ਦਾ ਰਾਜਨੀਤੀਕਰਨ ਨਹੀਂ ਕਰਨਾ ਚਾਹੀਦਾ। ਇਹ ਨਿਸ਼ਾਨੀਆਂ ਇਕੱਲੇ ਅਕਾਲੀ ਦਲ ਦੀਆਂ ਨਹੀਂ ਹਨ, ਇਹ ਸਮੁੱਚੀ ਸਿਖ ਸੰਗਤ ਦੀਆਂ ਹਨ ਕਿਉਂਕਿ ਗੁਰੂ ਕਿਸੇ ਇੱਕ ਪਾਰਟੀ ਦੇ ਨਹੀਂ ਸਨ, ਉਹ ਤਾਂ ਸਮੁਚੀ ਮਾਨਵਤਾ ਦੇ ਸਨ। ਇਸ ਲਈ ਇਸ ਯਾਤਰਾ ਵਿਚ ਸਾਰੀਆਂ ਪਾਰਟੀਆਂ ਦੇ ਸਿਖਾਂ ਨੂੰ ਸ਼ਾਮਲ ਕਰਨਾ ਚਾਹੀਦਾ ਸੀ। ਗਿਆਨੀ ਜ਼ੈਲ ਸਿੰਘ ਜਦੋਂ ਪੰਜਾਬ ਦੇ ਮੁਖ ਮੰਤਰੀ ਸਨ ਤਾਂ ਉਨ੍ਹਾਂ ਗੁਰੂ ਗੋਬਿੰਦ ਸਿੰਘ ਮਾਰਗ ਦੀ ਯਾਤਰਾ ਆਨੰਦਪੁਰ ਸਾਹਿਬ ਤੋਂ ਤਖ਼ਤ ਦਮਦਮਾ ਸਾਹਿਬ ਤੱਕ ਲਿਆਂਦੀ ਸੀ, ਉਸ ਵਿਚ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ ਅਤੇ ਲੋਕ ਸ਼ਾਮਲ ਸਨ। ਆਨੰਦਪੁਰ ਸਾਹਿਬ ਦੇ 300 ਸਾਲਾ ਸਮਾਗਮਾ ਵਿਚ ਵੀ ਸਾਰਿਆਂ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਅਕਾਲੀ ਦਲ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਦੀ ਪੂਰਤੀ ਲਈ ਇਹ ਧਾਰਮਿਕ ਯਾਤਰਾ ਦਾ ਆਯੋਜਨ ਕੀਤਾ ਹੈ।

# 'ਬੁੱਧ ਧਰਮ 'ਚ ਸਮਾਜਿਕ-ਬਰਾਬਰੀ ਦਾ ਸੰਕਲਪ'

'ਤੇ ਜਿੱਤ ਪ੍ਰਾਪਤ ਕਰ ਸਕੇ। ਇਸ ਦਾ ਮਤਲਬ ਇਹ ਹੈ ਕਿ ਬੁੱਧ ਤਾਂ 'ਦੇਵਤਾ' ਹੈ, ਲੇਕਿਨ ਉਹਨਾਂ ਦੇ ਉਪਦੇਸ਼ ਝੂਠੇ ਤੇ ਢੌਂਗ ਹਨ। ਇਹ ਬੁੱਧਾ ਦੇ ਵਿਸ਼ਵਾਸ ਤੋਂ ਇਕਦਮ ਉਲਟ ਹੈ। ਬੋਧੀ ਲੋਕ ਗੌਤਮ ਬੁੱਧ ਨੂੰ ਕੋਈ ਅਵਤਾਰ ਜਾਂ ਦੇਵਤਾ ਨਹੀਂ ਮੰਨਦੇ, ਲੇਕਿਨ ਉਹਨਾਂ ਦੇ ਉਪਦੇਸ਼ਾਂ ਨੂੰ ਸੱਚ ਤੇ ਸਾਰਥਕ ਮੰਨਦੇ ਹਨ। ਕੁਝ ਹਿੰਦੂ ਲੇਖਕਾਂ ਤੇ ਵਿਦਵਾਨਾਂ ਜਿਸ ਤਰ੍ਹਾਂ 'ਜੈਦੇਵ' ਨੇ ਬਾਅਦ 'ਚ ਇਹ ਵੀ ਕਿਹਾ ਕਿ ਬੁੱਧ ਵਿਸ਼ਨੂੰ ਦੇ ਅਵਤਾਰ ਤਾਂ ਹਨ, ਲੇਕਿਨ ਵਿਸ਼ਨੂੰ ਨੇ ਇਹ ਅਵਤਾਰ ਝੂਠ ਦਾ ਪ੍ਰਚਾਰ ਕਰਨ ਲਈ ਨਹੀਂ, ਬਲਕਿ ਅੰਧਾ-ਧੁੰਦ ਕਰਮਕਾਂਡ ਤੇ ਵੈਦਿਕ ਪਸ਼ੂਬਲੀ ਰੋਕਣ ਲਈ ਕੀਤਾ ਹੈ। ਗੌਤਮ ਬੁੱਧ ਚਾਹੇ ਵਿਸ਼ਨੂੰ ਜੀ ਦੇ ਅਵਤਾਰ ਹੋਣ ਜਾਂ ਨਹੀਂ ਲੇਕਿਨ ਇਹ ਪੂਜਣ ਦੇ ਯੋਗ ਤਾਂ ਹਨ ਹੀ।

ਸਭ ਵਿਦਵਾਨਾਂ ਤੇ ਚਿੰਤਕਾਂ ਦੇ ਆਪਣੇ-ਆਪਣੇ ਮੱਤ ਰਹੇ ਹਨ ਪਰ ਅੰਤ 'ਚ ਤੱਥਾਂ ਦੀ ਸਚਾਈ ਦਾ ਗਿਆਨ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਭ 'ਚ ਗੌਤਮ ਬੁੱਧ ਨੂੰ ਇਕ ਮਹਾਨ ਪੱਥ ਪ੍ਰਦਰਸ਼ਕ ਦੇ ਰੂਪ ਵਿਚ ਸਥਾਨ ਦਿੱਤਾ ਗਿਆ ਹੈ ਤੇ ਉਹ ਮਾਨਵ ਕਲਿਆਣ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੇ ਰਹੇ ਹਨ ਤਾਂ ਹੀ ਤਾਂ ਉਹਨਾਂ ਦੇ ਆਪਣੇ ਚੇਲਿਆਂ ਨੂੰ ਆਪਣੇ ਅੰਤਿਮ ਕਥਨ 'ਚ ਇਹੀ ਕਹੇ ਸਨ ਕਿ 'ਆਪਣੇ ਦੀਪਕ, ਆਪ ਖੁਦ ਬਣੋ।' ਹਿੰਦੂ ਗ੍ਰੰਥਾਂ ਦਾ ਕਹਿਣਾ ਹੈ ਕਿ "ਬੁੱਧ ਭਗਵਾਨ ਵਿਸ਼ਨੂੰ ਦੇ ਦਸਵੇਂ ਅਵਤਾਰ ਹਨ, ਜੋ ਧਰਤੀ 'ਤੇ ਆਏ।"

ਇਸਲਾਮ ਧਰਮ- ਮਿਰਜ਼ਾ ਤਾਹਿਰ ਅਹਿਮਦ ਨੇ ਆਪਣੀ ਕਿਤਾਬ "ਐਨ ਐਲੀਮੈਂਟਰੀ ਸਟੱਡੀ ਆਫ ਇਸਲਾਮ" ਵਿਚ ਕਿਹਾ ਹੈ ਕਿ ਕੁਰਾਨ ਦੀ ਧੂਲ ਦਾ ਫਲ ਨਾਮਕ ਹਸਤੀ, ਬੁੱਧ ਹੋ ਸਕਦਾ ਹੈ। ਅਹਿਮਦੀਆਜ਼ ਦੁਆਰਾ ਬੁੱਧ ਇਕ 'ਨਵੀ' ਦੇ ਰੂਪ 'ਚ ਮੰਨਿਆ ਜਾਂਦਾ ਹੈ।

ਅੱਜ ਦੇ ਵਿਗਿਆਨਕ ਯੁੱਗ 'ਚ ਬੁੱਧ ਧਰਮ ਦੀ ਸਾਰਥਿਕਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਧਰਮ 'ਚ ਉਚ-ਨੀਚ, ਜਾਤ-ਪਾਤ ਆਦਿ ਦਾ ਕੋਈ ਬੋਲਬਾਲਾ ਨਹੀਂ ਹੈ, ਸਗੋਂ ਇਹ ਇਕ ਜਾਤ-ਪਾਤ ਰਹਿਤ ਸਮਾਜ ਹੈ। ਇਸ 'ਚ ਸਮਾਜਿਕ ਬਰਾਬਰੀ ਦਾ ਰੁਤਬਾ ਹਰ ਇਨਸਾਨ ਲਈ ਹੈ। ਇਹ ਧਰਮ ਮਾਨਵਵਾਦ ਦੀ ਗੱਲ ਕਰਦਾ ਹੈ ਤੇ 'ਆਪੇ ਬਣੇ ਰੱਬ' ਅਖਵਾਉਣ ਵਾਲੇ ਬੰਦਿਆਂ ਦਾ ਵਿਰੋਧ ਕਰਦਾ ਹੈ। ਇਸ 'ਚ ਕਿਸੇ ਵੀ ਮਾਨਵ ਨੂੰ ਕਿਸੇ ਜਾਤੀ-ਸੂਚਕ ਸ਼ਬਦ ਨਾਲ ਨਹੀਂ ਪੁਕਾਰਿਆ ਜਾਂਦਾ ਸਗੋਂ ਹਰ ਇਨਸਾਨ 'ਬੋਧੀ' ਅਖਵਾਉਂਦਾ ਹੈ। ਇਸੇ ਲਈ ਹੀ ਤਾਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਇਸ ਧਰਮ 'ਚ ਇਹ ਚੰਗਿਆਈ ਦੇਖ ਕੇ ਬੁੱਧ ਧਰਮ ਅਪਣਾਇਆ ਸੀ। ਇਸੇ ਕਰਕੇ ਹੀ ਇਹ ਧਰਮ ਦੁਨੀਆਂ ਦੇ ਵੱਡੇ ਧਰਮਾਂ 'ਚ ਸ਼ਾਮਲ ਹੈ। ਜਿਹਨਾਂ ਧਰਮਾਂ 'ਚ ਮਾਨਵ ਲਈ ਸਮਾਜਿਕ-ਬਰਾਬਰੀ ਦਾ ਰੁਤਬਾ ਨਹੀਂ ਹੈ, ਊਚ-ਨੀਚ, ਜਾਤ-ਪਾਤ ਆਦਿ ਦਾ ਬੋਲਬਾਲਾ ਹੈ, ਅੱਜ ਉਹਨਾਂ ਧਰਮਾਂ ਦੇ ਉਪਾਸ਼ਕਾਂ ਦੀ ਗਿਣਤੀ ਘੱਟ ਰਹੀ ਹੈ ਤੇ ਸੰਸਾਰ ਪੱਧਰ ਤੇ ਉਹ ਬਹੁਤ ਛੋਟੇ ਧਰਮ ਅਖਵਾਉਂਦੇ ਹਨ। ਇਸ ਲਈ ਇਹਨਾਂ ਧਰਮਾਂ ਨੂੰ ਬੁੱਧ ਧਰਮ ਤੋਂ ਸੇਧ ਲੈ ਕੇ ਮਾਨਵਵਾਦ ਦਾ ਸਿਧਾਂਤ ਅਪਣਾਉਣ ਦੀ ਲੋੜ ਹੈ ਤਾਂ ਜੋ ਹਰ ਮਾਨਵ ਨੂੰ ਊਚ-ਨੀਚ, ਜਾਤ-ਪਾਤ ਆਦਿ ਨੂੰ ਖਤਮ ਕਰਕੇ, ਸਮਾਜਿਕ ਬਰਾਬਰੀ ਦਾ ਰੁਤਬਾ ਦੇ ਕੇ, ਮਾਨਵਵਾਦ ਨੂੰ ਜੀ ਆਇਆਂ ਕਹਿਣ ਦੀ ਲੋੜ ਹੈ।

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

**Buy Quality Used Trucks**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**Call : Dharminder Singh**

**Cell : 530-870-6600**









Email: myfuturetruck@gmail.com

2535 Front St. West Sacramento, CA 95691

Cell : 530-870-6600

Fax : 530-405-1429

# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

FREE WiFi

Ram Gopal

# Annabelle's
## Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

IN OLD SACRAMENTO

## Annabelle's
### Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available




Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!

$5 DISCOUNT PARKING VALIDATION




Ram Gopal (916) 448-6239

200 "J" Street, Sacramento, CA 95814

# ਕਮਿਸ਼ਨਰ ਲਾਹੌਰੀ ਰਾਮ ਜੀ ਦੇ ਵੱਡੇ ਭਾਈ ਸਾਹਿਬ ਖੁਸ਼ੀਆ ਰਾਮ ਜੀ ਨੂੰ ਭਾਵ-ਭਿੰਨੀ ਸ਼ਰਧਾਜਲੀਆਂ




ਸਵਰਗਵਾਸੀ ਖੁਸ਼ੀਆ ਰਾਮ ਜੀ



















ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
The Threading Queen
threading & Heena Tattoos
Call for appointment
(916) 297-0150, (916) 316-8199
EYEBROW THREADING &
HENNA TATTOO
(EACH HAND)
ONLY FOR $5.00
REGULAR $8.00
WALK IN WELCOME
MON-SAT 10am TO 7pm
WE ACCEPT EBT CARDS
1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
BRIDAL BOUTIQUE JEWELRY
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆਂ ਤੋਂ
ਵਧੀਆਂ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆਂ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ
KASH FABRICS
ONE STOP SHOPPING CENTRE
29576 Mission Blvd, Hayward, CA 94544
www.kashfabrics.com
Tel: 510-538-1138
ਕਸ਼ਮੀਰ ਸਿੰਘ ਢੁੱਗਾ ਅਤੇ ਗੁਰਜੀਤ ਕੌਰ ਢੁੱਗਾ